
ਲਲਕਾਰ

ਤਰੱਕੀ ਪਸੰਦ ਵਿਦਿਆਰਥੀ-ਨੌਜਵਾਨਾਂ ਦੀ ਤਿਮਾਹੀ ਮੈਗਜ਼ੀਨ

• ਤਿਮਾਹੀ • ਜੁਲਾਈ-ਅਕਤੂਬਰ, 2008 • 10 ਰੁਪਏ



‘ਲਲਕਾਰ’ ਬਾਰੇ ਕੁੱਝ ਮਹੱਤਵਪੂਰਨ ਨੁਕਤੇ

■ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ ’ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜੀਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। “ਲਲਕਾਰ” ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। “ਲਲਕਾਰ” ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

■ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੁੱਖ ’ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿਚੱ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ ‘ਲਲਕਾਰ’ ਦਾ ਬੇਖੌਫ਼ ਐਲਾਨ ਹੈ।

ਇਸ ਅੰਕ ਵਿੱਚ

ਲਲਕਾਰ

ਤਬਦੀਲੀ ਪਸੰਦ ਵਿਦਿਆਰਥੀ-ਨੌਜਵਾਨਾਂ ਦੀ ਤਿਮਾਹੀ ਮੈਗਜ਼ੀਨ

ਸਾਲ 2, ਪੁਸਤਕ ਲੜੀ-5,
ਜੁਲਾਈ-ਸਤੰਬਰ, 2008

ਸੰਪਾਦਕ ਮੰਡਲ
ਰਾਜਵਿੰਦਰ/ਨਵਕਾਸ਼ਦੀਪ/ਲਖਵਿੰਦਰ

ਇੱਕ ਕਾਪੀ ਦੀ ਕੀਮਤ
ਦਸ ਰੁਪਏ
ਸਾਲਾਨਾ
ਚਾਲ਼ੀ ਰੁਪਏ (ਡਾਕ ਖਰਚ ਸਹਿਤ ਪੰਜਾਹ ਰੁਪਏ)

ਚਿੱਠੀ-ਪੱਤਰ, ਰਚਨਾਵਾਂ ਅਤੇ ਚੰਦੇ ਭੇਜਣ ਦਾ ਪਤਾ
ਨਵਕਾਸ਼ਦੀਪ, ਗਲੀ ਨੰ. - 6 (R), ਡੋਗਰ ਬਸਤੀ, ਫਰੀਦਕੋਟ
ਫੋਨ :- 94633-47046

(28 ਸਤੰਬਰ ਜਨਮ ਦਿਨ 'ਤੇ ਵਿਸ਼ੇਸ਼)

ਮੈਂ ਤੋ ਏਕ ਮੁਸ਼ਤੇ ਗੁਬਾਰ ਹੂੰ...

—ਬਟੁਕੇਸ਼ਵਰ ਦੱਤ

ਸਰਦਾਰ ਜੀ ਦੀ ਗੁਣਗੁਣਾਹਟ ਅੱਜ ਵੀ ਮੇਰੇ ਕੰਨਾਂ ਨਾਲ਼ ਟਕਰਾ ਰਹੀ ਹੈ— "ਮੈਂ ਤੋਂ ਏਕ ਮੁਸ਼ਤੇ ਗੁਬਾਰ ਹੂੰ......।" ਧੋ-ਧੋ ਕੇ ਨਿਚੋੜੇ ਗਏ ਕੱਪੜਿਆਂ ਨੂੰ ਜਿਵੇਂ ਉਹ ਧੁੱਪ ਵਿੱਚ ਫੈਲਾ ਰਿਹਾ ਹੋਵੇ ਅਤੇ ਪੂਰੇ ਤਰੰਨਮ ਵਿੱਚ ਗਾ ਰਿਹਾ ਹੋਵੇ।

ਕਾਨਪੁਰ ਸਥਿਤ ਸੁਰੇਸ਼ ਦਾਦਾ ਦੀ ਮੈਸ ਦੀ ਦੂਸਰੀ ਮੰਜ਼ਿਲ ਦੀ ਛੱਤ ਉੱਤੇ ਨੌਜਵਾਨ ਅੱਲ੍ਹੜ ਸਰਦਾਰ ਦੇ ਕੱਪੜੇ ਧੋਣ ਦਾ ਦ੍ਰਿਸ਼ ਅੱਜ ਵੀ ਉਸੇ ਤਰ੍ਹਾਂ ਮੇਰੇ ਜਿਹਨ 'ਚ ਉਕਰਿਆ ਜਾਂਦਾ ਹੈ। ਕੰਘੇ ਸਮੇਤ ਸਿਰ ਉਤੇ ਕੀਤਾ ਗੋਲ ਤੇ ਭਾਰਾ ਵਾਲਾਂ ਦਾ ਜੂੜਾ। ਲੱਕ 'ਚ ਇੱਕ ਕੱਛੇ ਨੂੰ ਛੱਡ ਕੇ ਸਾਰਾ ਨੰਗਾ ਸਰੀਰ, ਪਾਣੀ ਦੀ ਧਾਰ ਹੇਠ ਉਹ ਲਗਾਤਾਰ ਕੱਪੜੇ ਪਟਕ ਰਿਹਾ ਹੈ। ਸਾਬਣ ਦੀ ਝੱਗ ਦੇ ਬੁਲਬੁਲੇ ਉੱਡ-ਉੱਡ ਕੇ ਐਧਰ-ਓਧਰ ਫੈਲ ਰਹੇ ਹਨ। ਮੈਂ ਕੋਲ ਹੀ ਬੈਠਾ ਹੋਰਾਂ ਕੱਪੜਿਆਂ ਉੱਤੇ ਸਾਬਣ ਘਿਸਾ ਰਿਹਾ ਹਾਂ ਅਤੇ ਸਰਦਾਰ ਬਾਰ-ਬਾਰ ਉਹੀ ਪੰਕਤੀ ਦੁਹਰਾਈ ਜਾ ਰਿਹਾ ਹੈ-"ਮੈਂ ਤੋ ਏਕ ਮੁਸ਼ਤੇ ਗੁਬਾਰ ਹੂੰ.....।"

ਸਾਲ 1924 ਦੇ ਸ਼ੁਰੂ ਦਾ ਕੋਈ ਮਹੀਨਾ। ਮੈਂ ਉਨੀਂ ਦਿਨੀ ਕਾਨਪੁਰ ਦੇ ਬੰਗਾਲੀ ਮਿਡਲ ਸਕੂਲ ਦਾ ਵਿਦਿਆਰਥੀ ਅਤੇ ਪਰਿਵਾਰਕ ਜ਼ਾਬਤੇ ਦੀਆਂ ਨਜ਼ਰਾਂ ਤੋਂ ਬਚਦਾ-ਬਚਾਉਂਦਾ ਇਨਕਲਾਬੀ ਦਲ ਦੀ ਸਥਾਨਕ ਸ਼ਾਖਾ ਦਾ ਇੱਕ ਸਰਗਰਮ ਮੈਂਬਰ ਸੀ। ਸ਼੍ਰੀ ਗਣੇਸ਼ ਸ਼ੰਕਰ ਵਿਦਿਆਰਥੀ ਦੇ ਸਮਾਚਾਰ ਪੱਤਰ 'ਪ੍ਰਤਾਪ' ਨਾਲ਼ ਸਬੰਧਿਤ ਦਲ ਦੇ ਪ੍ਰਮੁੱਖ ਆਗੂ ਸ਼੍ਰੀ ਸੁਰੇਸ਼ ਚੰਦਰ ਦੇ ਨਿਰਦੇਸ਼ਾਂ ਮੁਤਾਬਕ ਇੱਕ ਦਿਨ ਸ਼ਾਮੀ ਉਨਾਂ ਨੂੰ ਮਿਲਣ ਮੈਂ ਕੰਪਨੀ ਬਾਗ ਗਿਆ। ਕਿਉਂ ਅਤੇ ਕਿਸ ਲਈ ਬੁਲਾਇਆ ਗਿਆ ਸੀ। ਇਹ ਸੰਗਠਨ ਦੇ ਅਨੁਸ਼ਾਸਨ ਦੇ ਵਿਰੁੱਧ ਸੀ ਅਤੇ ਹੁਕਮਾਂ ਉਤੇ ਅੱਖਾਂ ਬੰਦ ਕਰਕੇ ਤੁਰਨਾ ਹੀ ਸਾਡੀ ਆਫਤਾਂ ਭਰੀ ਜ਼ਿੰਦਗੀ ਦਾ ਪਹਿਲਾ ਪਾਠ ਸੀ। ਇਸ ਲਈ ਹਰ ਤਰ੍ਹਾਂ ਦੀਆਂ ਹਾਲਤਾਂ ਦੇ ਪ੍ਰਤੀ ਆਪਣੇ-ਆਪ ਨੂੰ ਤਿਆਰ ਕਰਦਿਆਂ ਸਮੇਂ ਸਿਰ ਮੈਂ ਉਥੇ ਪਹੁੰਚਿਆ। ਸੁਰੇਸ਼ ਦਾਦਾ ਨਹੀਂ ਸਨ। ਬਾਗ ਦੇ ਇੱਕ ਕੋਨੇ ਤੋਂ ਦੂਸਰੇ ਕੋਨੇ ਤੱਕ ਮੇਰੀਆਂ ਚੰਚਲ ਨਿਗਾਹਾਂ ਲੱਭਣ ਲੱਗੀਆਂ, ਪਰ ਕਿਤੇ ਵੀ ਉਹ ਨਜ਼ਰ ਨਾ ਆਏ। ਮੈਨੂੰ ਹੈਰਾਨੀ ਹੋਈ, ਇਨਕਲਾਬੀਆਂ ਦੇ ਪ੍ਰੋਗਰਾਮ ਵਿੱਚ ਇਸ ਤਰਾਂ ਦੀ ਭੁੱਲ ਪਹਿਲਾਂ ਕਦੇ ਵੇਖਣ ਨੂੰ ਨਹੀਂ ਮਿਲੀ ਸੀ। ਸੰਘਣੀ ਹਨੇਰੀ ਰਾਤ ਵਿੱਚ ਵੀ ਮੂਸਲੇਧਾਰ ਮੀਂਹ ਵਿੱਚ ਸਿਰ ਉਤੇ ਝੱਖੜ ਝੱਲਦਿਆਂ ਹੋਇਆਂ, ਸੀ.ਆਈ.ਡੀ. ਦੀਆਂ ਨਿਗਾਹਾਂ ਤੋਂ ਬਚਦਾ ਤੈਅ ਕੀਤੇ ਕੰਮ ਦੇ ਲਈ ਠੀਕ ਥਾਂ ਉਤੇ ਨਿਰਧਾਰਤ ਸਮੇਂ 'ਤੇ ਹਾਜ਼ਰ ਹੋਣ ਵਿੱਚ ਇਸ ਤੋਂ ਪਹਿਲਾਂ ਕਦੇ ਮੈਥੋਂ ਭੁੱਲ ਨਹੀਂ ਸੀ ਹੋਈ। ਫਿਰ ਅੱਜ ਪ੍ਰਮੁੱਖ ਇਨਕਲਾਬੀ ਆਗੂ ਦੇ ਹੁਕਮਾਂ ਅਤੇ ਅਮਲਾਂ ਵਿੱਚ ਇਹ ਅੰਤਰ ਕਿਉਂ?

ਇਸ ਗਿਣਤੀ—ਮਿਣਤੀ 'ਚ ਪਿਆ ਸਾਂ ਕਿ ਮੇਰੀਆਂ ਅੱਖਾਂ ਇੱਕ ਸੰਘਣੀ ਕੰਡਿਆਲੀ ਝਾੜੀ ਨਾਲ਼ ਟਕਰਾਈਆਂ ਅਤੇ ਉਲਝ ਗਈਆਂ। ਕਿਵੇਂ ਦਾ ਅਜੀਬ, ਰੌਂਗਟੇ ਖੜੇ ਕਰ ਦੇਣ ਦੇ ਨਾਲ਼-ਨਾਲ਼ ਹਸਾਉਣ ਵਾਲਾ ਦ੍ਰਿਸ਼। ਝਾੜੀ ਦੇ ਉਤੇ ਇੱਕ ਸਫੈਦ ਪੱਗ ਦਾ ਸਿਰਾ ਲਗਾਤਾਰ ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ, ਮੋਰ ਦੇ ਪੰਖ ਦੇ ਵਾਂਗੂੰ ਡੋਲ ਰਿਹਾ ਸੀ। ਮੈਂ ਨਜ਼ਰਾਂ ਗੱਡੀ ਉਹਨੂੰ ਵੇਖਦਾ ਰਿਹਾ। ਵਿੱਚ-ਵਿੱਚ ਉਹ ਸਥਿਰ ਹੋ ਜਾਂਦਾ ਅਤੇ ਫਿਰ ਘੜੀ ਦੇ ਪੈਂਡੂਲਮ ਵਾਂਗੂੰ ਆਪਣੀ ਚਾਲ ਫੜ ਲੈਂਦਾ। ਬਾਗ ਦੇ ਸ਼ਾਂਤ ਅਡੋਲ ਤੇ ਗਤੀਹੀਣ ਵਾਤਾਵਰਣ ਵਿੱਚ ਜਦੋਂ ਕਿ ਸ਼ਾਮ ਦਾ ਲਾਲ ਚਾਨਣ ਰਾਤ ਦੇ ਹਨੇਰੇ ਵਿੱਚ ਆਪਣਾ ਮੂੰਹ ਲੁਕਾਉਣ ਦੀ ਤਿਆਰੀ ਕਰ ਰਿਹਾ ਹੋਵੇ, ਕੰਡਿਆਲੀ ਝਾੜੀ ਦੇ ਉਤੋਂ ਦੀ ਚਿੱਟੀ ਪੱਗ ਦਾ ਉਹ ਹਿਲਦਾ ਹੋਇਆ ਸਿਰਾ ਇਸ਼ਾਰਿਆਂ ਨਾਲ਼ ਜਿਵੇਂ ਮੈਨੂੰ ਆਪਣੇ ਕੋਲ ਬੁਲਾ ਰਿਹਾ ਸੀ।

ਮੈਂ ਅਗਾਂਹ ਵਧਿਆ। ਝਾੜੀ ਦੇ ਕੋਲ ਪਹੁੰਚਦਿਆਂ ਹੀ ਸਫੈਦ ਪਗੜੀਧਾਰੀ ਸਾਢੇ ਪੰਜ ਫੁੱਟ ਤੋਂ ਵੀ ਲੰਮਾ ਇੱਕ ਸਿੱਖ ਨੌਜਵਾਨ ਮੇਰੀ ਆਹਟ ਉਤੇ ਉਛਲ ਕੇ ਖਲੋ ਗਿਆ। ਉਹਦੀਆਂ ਕਾਲੀਆਂ ਚਮਕਦੀਆਂ ਅੱਖਾਂ ਵਿੱਚ ਸ਼ੱਕ ਦੇ ਸੁਆਲ ਅਤੇ ਲੰਮੇ-ਚੌੜੇ ਮੁੱਖੜੇ ਉਤੇ ਕਿਸੇ ਵੀ ਹਾਲਾਤ ਦਾ ਮੁਕਾਬਲਾ ਕਰਨ ਦੀ ਦ੍ਰਿੜਤਾ ਮੌਜੂਦ ਸੀ। ਲੰਮੀਆਂ ਲਮਕਦੀਆਂ ਦੋਹਾਂ ਬਾਹਵਾਂ ਉਤੇ ਕਮੀਜ਼ ਦੇ ਚੜ੍ਹੇ ਹੋਏ ਆਸਤੀਨ, ਦ੍ਰਿੜ ਮੁੱਠੀਆਂ ਵਿੱਚ ਬੰਦ ਲੰਮੀਆਂ ਉਂਗਲੀਆਂ, ਦੋਹਾਂ ਗੱਲਾਂ ਉਤੇ ਦਾੜ੍ਹੀ ਦੀ ਹਲਕੀ ਫੁੱਟਾਣ, ਸੱਜਰੀਆਂ ਫੁੱਟ ਰਹੀਆਂ ਮੁੱਛਾਂ, ਸਿਰ ਉਤੇ ਪੱਗ ਵਿੱਚ ਕੈਦ ਵਾਲਾਂ ਦਾ ਜੂੜਾ, ਵਾਲਾਂ ਦੀਆਂ ਕੁੱਝ ਲਟਾਂ ਬਾਹਰ ਵੀ ਝਾਕ ਰਹੀਆਂ ਸਨ। ਮੇਰੇ ਸਾਹਮਣੇ ਉਹ ਸਿੱਖ ਨੌਜਵਾਨ ਚੈਲਿੰਜ ਦੇ ਭਾਵ ਚਿਹਰੇ ਉਤੇ ਲਈ ਖਲੋਤਾ ਸੀ ਅਤੇ ਮੈਂ ਉਸਦੀ ਉਸ ਮੌਕੇ ਦੀ ਮੁਦਰਾ ਪ੍ਰਤੀ ਉਦਾਸੀਨ ਕਿ ਉਦੋਂ ਹੀ ਕੱਛ 'ਚ ਸ਼ਾਂਤ ਚਿੱਤ ਅਵਸਥਾ ਵਿੱਚ ਹਿਮਾਲਾ ਪਰਬਤ ਵਾਂਗੂੰ ਬੈਠੇ ਬਾਗੀ ਸੁਰੇਸ਼ ਦਾਦਾ ਉਤੇ ਧਿਆਨ ਗਿਆ। ਮੈਨੂੰ ਵੇਖ ਕੇ ਉਸਦੇ ਚਿਹਰੇ ਉਤੇ ਚਿਰਾਂ ਤੋਂ ਜਾਣੀ-ਪਛਾਣੀ ਮੁਸਕਰਾਹਟ ਖਿੜ ਪਈ ਅਤੇ ਸਰਦਾਰ ਸ਼ਾਂਤ ਪੈ ਗਿਆ। ਉਸਦੀਆਂ ਦ੍ਰਿੜ ਮੁੱਠੀਆਂ ਦੀਆਂ ਉਂਗਲੀਆਂ ਸਹਿਜ ਅਤੇ ਸਥਿਰ ਹੋ ਗਈਆਂ। ਮੈਨੂੰ ਨਵੇਂ ਮੈਂਬਰ ਨੂੰ ਵੇਖਦਿਆਂ ਹੀ ਜਿਹੜੀ ਚਮਕ ਅਤੇ ਖੂਨ ਉਹਦੀਆਂ ਅੱਖਾਂ ਵਿੱਚ ਉਤਰ ਆਇਆ ਸੀ, ਉਹ ਸੁਰੇਸ਼ ਦਾਦਾ ਦੀ ਮੁਸਕਰਾਹਟ ਨਾਲ਼ ਜਿਵੇਂ ਪੂਰੇ ਚਿਹਰੇ ਉਤੇ ਲਾਲੀ ਬਣ ਕੇ ਫੈਲ ਗਿਆ ਅਤੇ ਮੈਨੂੰ ਲੱਗਿਆ ਆਪਣੀ ਲੋੜੋਂ ਵੱਧ ਦ੍ਰਿੜਤਾ ਦੇ ਲਈ ਉਹ ਕੁਝ ਝੇਂਪ ਜਿਹਾ ਰਿਹਾ ਹੈ। ਸੁਰੇਸ਼ ਦਾਦਾ ਨੇ ਹੱਸਦਿਆਂ ਹੋਇਆਂ ਸਾਨੂੰ ਦੋਹਾਂ ਨੂੰ ਆਹਮਣੇ-ਸਾਹਮਣੇ ਬਿਠਾਇਆ ਅਤੇ ਉਸ ਨੌਜਵਾਨ ਸਰਦਾਰ ਨਾਲ਼ ਮੇਰੀ ਜਾਣ-ਪਛਾਣ ਕਰਵਾਈ। ਨਾਂਅ ਬਲਵੰਤ ਸਿੰਘ। ਪੰਜਾਬ ਦੇ

ਨੈਸ਼ਨਲ ਕਾਲਜ ਵਿੱਚ ਬੀ. ਏ. ਦਾ ਵਿਦਿਆਰਥੀ। ਪ੍ਰਮੁੱਖ ਇਨਕਲਾਬੀ ਆਗੂ ਰਾਸ ਬਿਹਾਰੀ ਬੋਸ ਦੇ ਨੇੜਲੇ ਸਹਿਯੋਗੀ ਸੁਚਿੰਦਰ ਨਾਥ ਸਾਨਿਆਲ 'ਬੰਦੀ ਜੀਵਨ' ਦੇ ਲੇਖਕ ਅਤੇ ਪਿੱਛੋਂ ਕਾਕੋਰੀ ਸਾਜਿਸ਼ ਕੇਸ ਦੇ ਪ੍ਰਮੁੱਖ ਯੋਜਨਾਕਾਰ ਉਹਨੀਂ ਦਿਨੀ ਉਤਰੀ ਭਾਰਤ ਵਿੱਚ ਇਨਕਲਾਬੀ ਦਲ ਦੇ ਪ੍ਰਮੁੱਖ ਜੱਥੇਬੰਦਕ ਆਗੂ ਸਨ। ਪੰਜਾਬ ਨੈਸ਼ਨਲ ਕਾਲਜ ਦੇ ਅਧਿਆਪਕ ਸ਼੍ਰੀ ਜੈ ਚੰਦਰ ਵਿਦਿਆਲੰਕਰ ਦੇ ਮਾਰਫਤ ਸਚਿੰਦਰ ਦਾਦਾ ਨਾਲ਼ ਉਸ ਸਿੱਖ ਨੌਜਾਵਨ ਦੀ ਜਾਣ-ਪਛਾਣ ਹੋਈ ਅਤੇ ਉਹ ਲਗਾਤਾਰ ਗੁਪਤ ਇਨਕਲਾਬੀ ਜੱਥੇਬੰਦੀ ਵਿੱਚ ਖਿੱਚਦਾ ਆਇਆ। ਉਹਦੀ ਇਨਕਲਾਬੀ ਵਿਚਾਰਧਾਰਾ ਨੂੰ ਵੇਂਹਦਿਆਂ ਹੋਇਆਂ ਪਰਿਵਾਰ ਵਾਲ਼ੇ ਉਹਦੀ ਵਿਦਿਆਰਥੀ ਉਮਰ ਵਿੱਚ ਹੀ, ਉਹਦਾ ਵਿਆਹ ਕਰਨ ਦਾ ਫੈਸਲਾ ਕਰ ਚੁੱਕੇ ਸਨ, ਪਰ ਇਨਕਲਾਬੀ ਰਾਹ ਦੇ ਉਹ ਨੌਜਵਾਨ ਰਾਹੀ ਨੂੰ ਆਪਣੇ ਵਿਆਹ ਦਾ ਪ੍ਰਸਤਾਵ ਮਨਜ਼ੂਰ ਨਹੀਂ ਸੀ ਅਤੇ ਇਸੇ ਤੋਂ ਮੁਕਤੀ ਪਾਉਣ ਦੇ ਲਈ ਸਭੇ ਕਿਸਮ ਦਾ ਪਰਿਵਾਰਕ ਆਪਣਾਪਣ ਅਤੇ ਪਰਿਵਾਰ ਦੇ ਲੋਕਾਂ ਨਾਲ਼ੋਂ ਸਬੰਧ ਤੋੜ ਕੇ ਉਹ ਲਾਹੌਰ ਤੋਂ ਸੁਰੇਸ਼ ਦਾਦਾ ਦੇ ਆਸ਼ਰਮ ਵਿੱਚ ਕਾਨਪੁਰ ਭੱਜ ਆਇਆ ਸੀ। ਰੂਸੀ ਬਾਗੀਆਂ ਦਾ ਪ੍ਰਭਾਵ ਉਹਦੀਆਂ ਯਾਦਾਂ 'ਚ ਸੀ ਅਤੇ ਉਨ੍ਹਾਂ ਦੇ ਵਾਂਗੂ ਹੀ ਉਹਨੇ ਵੀ ਸਹੁੰ ਖਾਧੀ ਹੋਈ ਸੀ ਕਿ ਜ਼ਿੰਦਗੀ ਵਿੱਚ ਉਹ ਨਾ ਕਿਸੇ ਨਾਲ਼ ਪ੍ਰੇਮ ਕਰੇਗਾ ਅਤੇ ਨਾ ਹੀ ਕਿਸੇ ਦਾ ਪ੍ਰੇਮ ਪਾਤਰ ਬਣੇਗਾ, ਨਾ ਕਿਸੇ ਨਾਲ਼ ਵਿਆਹ ਰਚਾਵੇਗਾ। ਉਸ ਨਾਲ਼ ਸਬੰਧਿਤ ਇਹ ਸਾਰੀਆਂ ਗੱਲਾਂ ਮੈਨੂੰ ਸਹਿਜੇ-ਸਹਿਜੇ ਪਿੱਛੋਂ ਪਤਾ ਲੱਗੀਆਂ, ਜਦੋਂ ਉਸ ਨਾਲ਼ ਆਪਣੀ ਪਹਿਲੀ ਜਾਣ-ਪਛਾਣ ਦੇ ਪਿੱਛੋਂ ਹਰ ਇੱਕ ਦਿਨ, ਹਰ ਇੱਕ ਘੜੀ, ਅਸੀਂ ਇੱਕ-ਦੂਸਰੇ ਦੇ ਨੇੜੇ ਆਉਂਦੇ ਗਏ।

ਅਤੇ ਉਸੇ ਸਾਲ ਭਾਵ 1924 ਵਿੱਚ ਹੀ ਜੀਵਨਦਾਨੀ ਗੰਗਾ ਵਿੱਚ ਭਿਅੰਕਰ ਤੂਫਾਨੀ ਹੜ੍ਹ। ਦੋਹਾਂ ਕੰਢਿਆਂ ਉਤੇ ਵਸੇ ਕਾਨਪੁਰ ਸ਼ਹਿਰ ਦੇ ਨਾਲ਼-ਨਾਲ਼ ਅਣਗਿਣਤ ਪਿੰਡ ਉਹਨਾਂ ਹੜ੍ਹਾਂ ਦਾ ਸ਼ਿਕਾਰ ਹੋਏ ਸਨ। ਹੜ੍ਹਾਂ ਦੇ ਸ਼ਿਕਾਰ ਪਿੰਡ ਵਾਲਿਆਂ ਨੇ ਰੁੱਖਾਂ ਦੇ ਉਚੇ ਟਾਹਣਿਆਂ ਉੱਤੇ ਚੜ੍ਹ ਕੇ ਬਚਾਅ ਦਾ ਸਹਾਰਾ ਲਿਆ। ਰੁੜ੍ਹੇ ਜਾਂਦੇ ਲੋਕਾਂ ਨੂੰ ਸਹਾਰਾ ਦੇਣ ਲਈ ਗੰਗਾ ਪੁਲ 'ਤੇ ਮੋਟੇ-ਮੋਟੇ ਰੱਸਿਆਂ ਨੂੰ ਬੰਨ ਕੇ ਲਮਕਾ ਦਿੱਤਾ ਗਿਆ ਸੀ, ਤਾਂ ਕਿ ਪਾਣੀ ਵਿੱਚ ਰੁੜ੍ਹੇ ਜਾਂਦੇ ਲੋਕ ਉਨ੍ਹਾਂ ਰੱਸੀਆਂ ਨੂੰ ਫੜ ਕੇ ਆਪਣੀ ਜ਼ਿੰਦਗੀ ਬਚਾ ਲੈਣ। ਸ਼ਹਿਰ ਵਿੱਚ ਹੜ੍ਹ ਦੇ ਮਾਰੇ ਲੋਕਾਂ ਲਈ ਕੈਂਪ ਲਾਏ ਗਏ। ਨੌਜਵਾਨ ਸੰਘ ਨਾਂ ਦੀ ਇੱਕ ਸੰਸਥਾ ਕੰਮ ਕਰ ਰਹੀ ਸੀ ਅਤੇ ਸਾਨੂੰ ਵੀ ਸੇਵਾ ਦਲ ਵਿੱਚ ਕੰਮ ਕਰਨ ਦੀ ਹਦਾਇਤ ਮਿਲੀ। ਹੜ੍ਹ ਦੇ ਮਾਰੇ ਬੇਘਰ ਲੋਕਾਂ ਦੀ ਸੇਵਾ ਵਿੱਚ ਮੈਂ ਜੁਟ ਗਿਆ। ਬਲਵੰਤ ਨਾਲ਼ ਹੀ ਸੀ। ਘਰ ਦੇ ਜ਼ਾਬਤੇ ਨੂੰ ਉਲੰਘ ਕੇ ਕਿਸੇ ਸਮੂਹਿਕ ਸੇਵਾ ਕੰਮ ਦੇ ਲਈ ਘਰ ਛੱਡ ਕੇ ਦਿਨ-ਰਾਤ ਕੰਮ ਕਰਨ ਦਾ ਮੇਰਾ ਇਹ ਪਹਿਲਾ ਮੌਕਾ ਸੀ। ਬਲਵੰਤ ਦਾ ਨਾਤਾ ਘਰ ਨਾਲ਼ੋਂ ਪਹਿਲਾਂ ਹੀ ਟੁੱਟ ਚੁੱਕਾ ਸੀ। ਇਸ ਲਈ ਉਹਨੂੰ ਕਿਸੇ ਵੀ ਕਿਸਮ ਦੇ ਪਰਿਵਾਰਕ ਜ਼ਾਬਤੇ ਦੀ ਚਿੰਤਾ ਹੈ ਹੀ ਨਹੀਂ ਸੀ। ਸੇਵਾ ਕੰਮ ਵਿੱਚ ਜੁਟ ਜਾਣਾ ਉਹਦੇ ਲਈ ਸੁਭਾਵਿਕ ਆਮ ਵਰਤਾਰਾ ਸੀ, ਜਦੋਂ ਕਿ ਉਸੇ ਕੰਮ ਲਈ ਮੇਰੇ ਬਾਲ ਮਨ ਨੇ ਘਰ ਦੇ ਵਿਰੁੱਧ ਪਹਿਲੀ ਵਾਰੀ ਵਿਦਰੋਹ ਦਾ ਰਾਹ ਅਪਣਾਇਆ ਸੀ।

ਸਾਡੀ ਦੋਹਾਂ ਦੀ ਡਿਊਟੀ ਲੱਗਭੱਗ ਇਕੱਠਿਆਂ ਹੀ ਹੁੰਦੀ। ਰਾਤ ਨੂੰ ਅਸੀਂ ਦੋਵੇਂ ਗੰਗਾ ਦੇ ਹਨੇਰੇ ਕੰਢਿਆਂ ਉਤੇ ਹੱਥਾਂ ਵਿੱਚ ਬਲਦੀ ਲਾਲਟੈਨ ਲੈ ਕੇ ਖਲੋ ਜਾਂਦੇ ਅਤੇ ਚੁੱਪ ਸ਼ਾਂਤ ਵਿੱਚ ਉਸਨੂੰ ਹਿਲਾਉਂਦੇ ਰਹਿੰਦੇ ਤਾਂ ਕਿ ਤੂਫਾਨੀ ਹੜ੍ਹ ਦੇ ਪਾਣੀ ਵਿੱਚ ਰੁੜ੍ਹੇ ਜਾਂਦੇ ਮਨੁੱਖ ਜਾਂ ਪਸ਼ੂ ਹਨੇਰੀ ਰਾਤ ਵਿੱਚ ਕਿਨਾਰਿਆਂ ਦਾ ਸੰਕੇਤ ਪਾ ਸਕਣ ਅਤੇ ਜਦੋਂ ਵੀ ਕਿਤੇ ਪਸ਼ੂਆਂ ਦਾ ਕੋਈ ਝੁੰਡ ਉਸ ਰੌਸ਼ਨੀ ਦੇ ਸਹਾਰੇ ਸਾਡੇ ਪੈਰਾਂ ਕੋਲ ਆ ਪਹੁੰਚਦਾ ਤਾਂ ਅਸੀਂ ਉਨ੍ਹਾਂ ਨੂੰ ਬਾਹਰ ਕੱਢਦੇ ਅਤੇ ਫਿਰ ਉਨ੍ਹਾਂ ਨੂੰ ਸੰਭਾਲਣ ਦਾ ਪ੍ਰਬੰਧ ਕਰਦੇ।

ਦਿਨ ਦੇ ਸਮੇਂ ਅਸੀਂ ਦੋਵੇਂ ਮਲਾਹਾਂ ਦੇ ਨਾਲ਼ ਨਿਕਲਦੇ ਅਤੇ ਹੜ੍ਹ ਦੇ ਮਾਰੇ ਪਰਿਵਾਰਾਂ ਨੂੰ ਉਨ੍ਹਾਂ ਦੇ ਬਚੇ ਹੋਏ ਸਮਾਨ ਆਦਿ ਨਾਲ਼ ਕਿਸ਼ਤੀਆਂ ਉਤੇ ਚੜ੍ਹਾ ਕੇ ਗੰਗਾ ਦੇ ਬਾਹਰਲੇ ਕੰਢਿਆਂ ਉਤੇ ਲੱਗੇ ਕੈਂਪਾਂ ਵਿੱਚ ਪੁਹੰਚਾ ਦਿੰਦੇ। ਚੜ੍ਹਦੀ ਜਵਾਨੀ ਵਾਲ਼ੇ ਸਰਦਾਰ ਦਾ ਮਨ ਇਹ ਸਾਰਾ ਕੁਝ ਵੇਖ ਕੇ ਪਸੀਜ ਜਾਂਦਾ ਅਤੇ ਉਸ ਦੀਆਂ ਅੱਖਾਂ ਵਿੱਚ ਉਸ ਸਮੇਂ ਇੱਕ ਨਾ ਕਹੀ ਜਾਣ ਵਾਲ਼ੀ ਪੀੜ ਸਮੋਈ ਹੁੰਦੀ ਸੀ। ਸ਼ਹਿਰ ਦੇ ਕੋਲ ਹੀ ਕਲਿਆਣਪੁਰ ਦੇ ਹੜ੍ਹ ਪੀੜਤ ਕੈਂਪ ਦਾ ਉਹ ਦ੍ਰਿਸ਼ ਅੱਜ ਵੀ ਮੇਰੀਆਂ ਅੱਖਾਂ ਵਿੱਚ ਸੁੱਰਖਿਅਤ ਹੈ। ਹੜ੍ਹਾਂ ਦੀ ਤਬਾਹਕੁੰਨ ਲੀਲ੍ਹਾ ਵਿੱਚ ਸਭ ਕੁੱਝ ਗੁਆ ਕੇ ਹਤਾਸ਼, ਭੁੱਖੇ, ਬੇਸਹਾਰਾ ਲੋਕਾਂ ਦਾ ਉਹ ਹਜ਼ੂਮ। ਉਨ੍ਹਾਂ ਦੀ ਦਿਲ ਵਿੰਨ੍ਹਵੀਂ ਚੀਕ-ਪੁਕਾਰ ਨਾਲ਼ ਪੂਰਾ ਇਲਾਕਾ ਗੂੰਜ ਰਿਹਾ ਸੀ। ਰੋਟੀ ਦਾ ਇੰਤਜਾਰ ਕਰਦੇ ਔਰਤ-ਮਰਦ ਅਲੱਗ-ਅਲੱਗ ਕਤਾਰਾਂ ਵਿੱਚ ਪੱਤਲਾਂ ਸਾਹਮਣੇ ਰੱਖ ਕੇ ਬੈਠੇ ਸਨ ਕਿ ਉਦੋਂ ਹੀ ਗਰਮ ਪੂੜੀਆਂ ਦੀ ਟੋਕਰੀ ਦੋਹਾਂ ਹੱਥਾਂ ਵਿੱਚ ਉਪਰ ਚੁੱਕੀ ਨੌਜਵਾਨ ਸਰਦਾਰ ਵਿਖਾਈ ਦਿੱਤਾ। ਸਿਰ ਉਤੇ ਬੰਨ੍ਹੀ ਚਿੱਟੀ ਰੇਸ਼ਮੀ ਪੱਗ, ਸਰੀਰ ਉਤੇ ਸਧਾਰਨ ਕਪੜੇ ਦੀ ਮੀਜ਼, ਜਿਸ ਦੀਆਂ ਦੋਵੇਂ ਬਾਹਵਾਂ ਉਪਰ ਚੜ੍ਹੀਆਂ ਹੋਈਆਂ ਸਨ। ਮੇਰੇ ਨਾਲ਼ ਅੱਖਾਂ ਮਿਲਦਿਆਂ ਹੀ ਉਸਦੇ ਹੋਠਾਂ ਉਤੇ ਮੁਸਕਰਾਹਟ ਅੱਖਾਂ ਵਿੱਚ ਚਾਅ ਦੀ ਰੌਸ਼ਨੀ ਚਮਕ ਉਠੀ, ਪਰ ਗੱਲਬਾਤ ਦਾ ਸਮਾਂ ਹੀ ਕਿੱਥੇ ਸੀ। ਉਹ ਉਤਸ਼ਾਹ ਅਤੇ ਉਮੰਗ ਦੇ ਨਾਲ਼ ਭੁੱਖ ਨਾਲ਼ ਬੇਚੈਨ ਲੋਕਾਂ ਦੀ ਕਤਾਰ ਵੱਲ ਵਧ ਗਿਆ।

ਹੜ੍ਹ ਪੀੜਤਾਂ ਦੀ ਸਹਾਇਤਾ ਸੇਵਾ ਦੇ ਉਸ ਦੌਰ ਨੇ ਸਾਨੂੰ ਦੋਹਾਂ ਨੂੰ ਇੱਕ-ਦੂਸਰੇ ਦੇ ਨੇੜੇ ਲਿਆਉਣ ਵਿੱਚ ਕਾਫ਼ੀ ਮੱਦਦ ਕੀਤੀ। ਉਸ ਦਿਨ ਦੁਖੀ ਬੇਸਹਾਰਾ ਗਰੀਬ ਲੋਕਾਂ ਦੇ ਵਿੱਚ ਪੂੜੀਆਂ ਵੰਡਣ ਦਾ ਸਰਦਾਰ ਦਾ ਅੰਦਾਜ਼, ਕੰਮ ਦੇ ਪ੍ਰਤੀ ਉਹਦੀ ਲਗਨ ਤੇ ਨਿਹਚਾ ਅੱਜ ਵੀ ਮੈ ਨਹੀਂ ਭੁਲਾ ਸਕਿਆ ਹਾਂ। ਪੂੜੀਆਂ ਪਰੋਸਣ ਵਾਲ਼ੇ ਉਸਦੇ ਹੱਥਾਂ ਨੇ ਪਿੱਛੋਂ ਇਨਕਲਾਬੀ ਜ਼ਿੰਦਗੀ ਵਿੱਚ ਉਸੇ ਨਿਹਚਾ ਨਾਲ਼ ਪਿਸਤੌਲ ਜਾਂ ਬੰਬ ਵੀ ਚਲਾਏ। ਉਸ ਦਿਨ ਕਿਸ ਨੂੰ ਪਤਾ ਸੀ ਕਿ ਗੁਪਤ ਇਨਕਲਾਬੀ ਜ਼ਿੰਦਗੀ ਵਿੱਚ ਸਾਨੂੰ ਬੇਹੱਦ ਸਧਾਰਨ ਰੋਟੀ ਵੀ ਨਸੀਬ ਨਹੀਂ ਹੋਵੇਗੀ ਜਾਂ ਇਹ ਕਿ ਪੂੜੀਆਂ ਪਰੋਸਣ ਵਾਲ਼ੇ ਉਨ੍ਹਾਂ ਹੱਥਾਂ ਉਤੇ ਸੁੱਕੀ ਰੋਟੀ ਅਤੇ ਲੂਣ ਹੀ ਬਾਕੀ ਜ਼ਿੰਦਗੀ ਦਾ ਅਧਾਰ ਹੋਣਗੇ।

ਉਨ੍ਹਾਂ ਦਿਨਾਂ ਵਿੱਚ ਸਾਡੇ ਦੋਹਾਂ ਦੀ ਚੜ੍ਹਦੀ ਜਵਾਨੀ ਦੇ ਜ਼ਿੰਦਗੀ ਵਿੱਚ ਇੱਕ-ਦੂਸਰੇ ਦੇ ਪ੍ਰਤੀ ਖਿੱਚ ਵਾਲ਼ੇ ਭਾਵ ਦੇ

ਨਾਲ਼-ਨਾਲ਼ ਜਿਹੜੀ ਸਭ ਤੋਂ ਵੱਡੀ ਖਿੱਚ ਸੀ, ਉਹ ਸ਼ਹਿਰ ਕਾਨਪੁਰ ਦੇ ਕੋਲ ਕਨਾਲ ਫਾਲ ਦੇ ਕੋਲ ਗੰਗਾ ਦੇ ਤੱਟ ਉਤੇ ਬੈਠ ਕੇ ਉਹਦੀ ਕੁਦਰਤੀ ਸੁੰਦਰਤਾ ਅਤੇ ਉਹਦੀਆਂ ਲਹਿਰਾਂ ਨੂੰ ਨਿਹਾਰਦੇ ਰਹਿਣਾ ਅਤੇ ਵਿੱਚ-ਵਿੱਚ ਕਿਸੇ ਵਿਸ਼ੇ, ਕਿਸੇ ਗੱਲ ਜਾਂ ਯੋਜਨਾ ਉਤੇ ਆਪਸੀ ਵਿਚਾਰ-ਵਟਾਂਦਰਾ ਕਰਨਾ। ਇਸੇ ਸਿਲਸਿਲੇ ਵਿੱਚ ਅਕਸਰ ਅਸੀਂ ਇਨਕਲਾਬੀ ਜ਼ਿੰਦਗੀ ਦੇ ਆਉਣ ਵਾਲ਼ੇ ਦਿਨਾਂ ਦੀ ਕਲਪਨਾ ਵਿੱਚ ਗੰਭੀਰ ਲੀਨ ਹੋ ਜਾਂਦੇ ਹੁੰਦੇ ਸਾਂ। ਪ੍ਰਸਿੱਧ ਇਨਕਲਾਬੀ ਜ਼ਿੰਦਗੀਆਂ ਜਾਂ ਇਨਕਲਾਬ ਨਾਲ਼ ਸਬੰਧਿਤ ਸਹਿਤ ਦਾ ਪਾਠ ਅਸੀਂ ਇੱਥੇ ਹੀ ਬਹਿ ਕੇ ਕਰਦੇ ਹੁੰਦੇ ਸਾਂ। ਇੱਕ ਪਾਸੇ ਗੰਗਾ ਦੀ ਸਾਫ ਜਲਧਾਰਾ ਗਰਜ਼ ਦੇ ਨਾਲ਼ ਲਗਾਤਾਰ ਅੱਗੇ ਵੱਲ ਵਧਦੀ ਅਤੇ ਦੂਸਰੇ ਪਾਸੇ ਇਨਕਲਾਬੀ ਸਾਹਿਤ ਦਾ ਪ੍ਰਭਾਵ ਸਾਡੀ ਮੁੱਛ-ਫੁੱਟ ਜਵਾਨੀ ਦੀਆਂ ਰਗਾਂ ਵਿੱਚ ਖ਼ੂਨ ਦੀ ਰਫ਼ਤਾਰ ਵਧਾਉਂਦਾ ਰਹਿੰਦਾ। ਪਾਣੀ ਦਾ ਪ੍ਰਚੰਡ ਵੇਗ ਅਤੇ ਉਸਦੀ ਅਥੱਕ ਗਤੀਸ਼ੀਲਤਾ ਦੀ ਛਾਪ ਸਾਡੇ ਉਤੇ ਸਭ ਤੋਂ ਵੱਧ ਪਈ ਤੇ ਸ਼ਾਇਦ ਇਸ ਲਈ ਗੰਗਾ ਦੇ ਤੱਟ ਦੀ ਖਿੱਚ ਸਾਡੇ ਦੋਹਾਂ ਦੇ ਮਨਾਂ ਵਿੱਚ ਸਦਾ ਲਈ ਬਣੀ ਰਹੀ।

ਇੱਕ ਸ਼ਾਮੀਂ ਅਸੀਂ ਗੰਗਾ ਦੇ ਤੱਟ ਉਤੇ ਬੈਠੇ ਆਪਣੀਆਂ ਇਨਕਲਾਬ ਸਬੰਧੀ ਕਲਪਨਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਦੇ ਤਰੀਕਿਆਂ ਉਤੇ ਵਿਚਾਰ-ਚਰਚਾ ਕਰ ਰਹੇ ਸਾਂ ਕਿ ਅਚਾਨਕ ਹੀ ਅਕਾਸ਼ ਕਾਲੇ ਬੱਦਲਾਂ ਨਾਲ਼ ਗਰਜਣ ਲੱਗਾ। ਗੰਗਾ ਦੇ ਪਾਰ ਦੀਆਂ ਬਸਤੀਆਂ ਧੁੰਦਲੀਆਂ ਵਿਖਾਈ ਦੇਣ ਲੱਗੀਆਂ, ਹਵਾ ਦਾ ਵੇਗ ਵਧ ਗਿਆ ਅਤੇ ਥੋੜ੍ਹੇ ਹੀ ਚਿਰ ਵਿੱਚ ਬੱਦਲਾਂ ਦੀ ਜ਼ਬਰਦਸਤ ਗੜਗੜਾਹਟ ਨਾਲ਼ ਜਾਪਣ ਲੱਗਾ ਕਿ ਬੱਦਲ ਫਟ ਕੇ ਡਿੱਗ ਪੈਣਗੇ। ਪਲ ਭਰ ਵਿੱਚ ਹੀ ਕੁਦਰਤ ਨੇ ਭਿਅੰਕਰ ਰੂਪ ਧਾਰਨ ਕਰ ਲਿਆ ਸੀ। ਇਸਤੋਂ ਪਹਿਲਾਂ ਅਸੀਂ ਉਠ ਕੇ ਉਥੋਂ ਸ਼ਹਿਰ ਵੱਲ ਚੱਲ ਪਏ। ਬੂੰਦਾ ਬਾਂਦੀ ਸ਼ੁਰੂ ਹੋ ਗਈ ਸੀ ਅਤੇ ਸ਼ਹਿਰ ਦੇ ਫੂਲ ਬਾਗ ਵਿੱਚ 'ਐਡਵਰਡ ਮੈਮੋਰੀਅਲ ਹਾਲ' ਪਹੁੰਚਦਿਆਂ-ਪਹੁੰਚਦਿਆਂ ਨਿੱਠ ਕੇ ਮੀਂਹ ਪੈਣਾ ਸ਼ੁਰੂ ਹੋ ਗਿਆ ਸੀ। ਇੱਥੇ ਆ ਕੇ ਸਾਨੂੰ ਪਤਾ ਲੱਗਾ ਕਿ ਸਾਡੀ ਬਹੁਤ ਕੀਮਤੀ ਕਿਤਾਬ ਜੋ ਅਸੀਂ ਲੈ ਕੇ ਗਏ ਸਾਂ, 'ਹੀਰੋ ਐਂਡ ਹੀਰੋਇਨ ਆਫ ਰਸ਼ੀਆ' ਤਾਂ ਅਸੀਂ ਕਾਹਲੀ ਵਿੱਚ ਗੰਗਾ ਕੰਢੇ ਹੀ ਛੱਡ ਆਏ ਹਾਂ। ਰੂਸ ਉਤੇ ਜ਼ਾਰਸ਼ਾਹੀ ਦੇ ਜ਼ਾਬਰ ਅੱਤਿਆਚਾਰ ਅਤੇ ਦੇਸ਼ ਨਿਕਾਲਿਆਂ ਦੇ ਵਿਰੁੱਧ ਰੂਸੀ ਨੌਜਵਾਨ ਮੁੰਡੇ-ਕੁੜੀਆਂ ਦੇ ਹਥਿਆਰਬੰਦ ਸੰਗਰਾਮ ਦੀ ਉਹ ਇਤਿਹਾਸਕ ਕਿਤਾਬ ਦੁਰਲੱਭ ਹੋਣ ਕਰਕੇ ਸਾਡੇ ਲਈ ਬਹੁਤ ਜ਼ਿਆਦਾ ਕੀਮਤੀ ਸੀ, ਪਰ ਉਸ ਕਾਲੀ ਬੋਲ਼ੀ ਬੱਦਲਾਂ ਦੀ ਗੜਗੜਾਹਟ ਮੋਹਲੇਧਾਰ ਮੀਂਹ ਦੇ ਨਾਲ਼ ਤੂਫਾਨੀ ਹਨੇਰੀ ਦਾ ਮੁਕਾਬਲਾ ਕਰਦਿਆਂ ਹੋਇਆਂ ਦੋ ਮੀਲ ਦਾ ਰਾਹ ਤੈਅ ਕਰਕੇ ਉਸਨੂੰ ਲਿਆਵੇ ਕੌਣ। ਮੇਰੇ ਜਾਣ ਦੀ ਗੱਲ ਸਰਦਾਰ ਨੂੰ ਨਾਗੁਆਰ ਜਿਹੀ ਲੱਗੀ। ਸਰੀਰ ਵਿੱਚ ਉਹ ਮੈਥੋਂ ਬਿਨਾਂ ਸ਼ੱਕ ਬਹੁਤ ਤਕੜਾ ਸੀ ਅਤੇ ਆਪਣੇ ਉਤੇ ਤਕੜਾਪਣ ਦੀ ਦਲੀਲ ਦੇ ਕੇ ਉਸ ਸਮੇਂ ਉਹਨੇ ਮੈਨੂੰ ਜਾਣ ਤੋਂ ਰੋਕ ਦਿੱਤਾ ਅਤੇ ਖੁਦ ਲੰਮੀਆਂ ਪੁਲਾਂਗਾ ਭਰਦਾ ਹੋਇਆ ਹਨੇਰੇ ਵਿੱਚ ਗੁੰਮ ਹੋ ਗਿਆ। ਉਹਨੂੰ ਗਿਆਂ ਹੋਇਆਂ ਕੁਝ ਹੀ ਪਲ ਲੰਘੇ ਹੋਣਗੇ ਕਿ ਮੇਰੀ ਭਾਵੁਕਤਾ ਨੇ ਮੈਨੂੰ ਝੰਜੋੜਿਆ ਅਤੇ ਮੈਂ ਵੀ ਉਸੇ ਸੰਘਣੇ ਹਨੇਰੇ ਵਿੱਚ ਸਰਦਾਰ ਦੇ ਪਿੱਛੇ ਹੋ ਗਿਆ। ਸੰਘਣੇ ਹਨੇਰੇ ਵਿੱਚ ਬੇਤਹਾਸ਼ਾ ਭੱਜਦਿਆਂ ਮੇਰੇ ਪੈਰਾਂ ਨੂੰ ਆਪਣੇ ਭੱਜਣ ਦਾ ਅਹਿਸਾਸ ਉਦੋਂ ਹੋਇਆ, ਜਦੋਂ ਉਹ ਵਿਚਕਾਰ ਸੜਕ ਦੇ ਬੈਠੇ ਸਰਦਾਰ ਨਾਲ਼ ਟਕਰਾਅ ਗਏ। ਸਿਰ ਦੀ ਰੇਸ਼ਮੀ ਪੱਗ ਖੁੱਲ ਕੇ ਚਿੱਕੜ ਨਾਲ਼ ਲਿੱਬੜੀ ਖੜੀ ਸੀ। ਇੱਕ ਹੱਥ ਵਿੱਚ ਕਿਤਾਬ ਅਤੇ ਦੂਸਰੇ ਹੱਥ ਨਾਲ਼ ਪੈਰ ਦਾ ਅੰਗੂਠਾ ਫੜੀ ਉਹ ਲਹੂ ਨਾਲ਼ ਲੱਥਪੱਥ ਪਿਆ ਸੀ। ਪੈਰ ਦੇ ਅੰਗੂਠੇ ਦਾ ਨਹੁੰ ਲਹਿ ਗਿਆ ਸੀ। ਪੱਗ ਨਾਲੋਂ ਲੀਰ ਪਾੜ ਕੇ ਮੈਂ ਪੱਟੀ ਬੰਨੀ ਅਤੇ ਉਸਨੂੰ ਸਹਾਰਾ ਦੇ ਕੇ ਸੁਰੇਸ਼ ਦਾਦਾ ਦੇ ਆਸ਼ਰਮ ਵਿੱਚ ਭਿੱਜਦਿਆਂ ਹੋਇਆਂ ਵਾਪਸ ਆਏ। ਉਸਤੋਂ ਅਲਹਿਦਾ ਹੋ ਕੇ ਆਪਣੇ ਘਰ ਮੁੜਨਾ ਮੈਨੂੰ ਬੜਾ ਔਖਾ ਲੱਗਾ। ਮੇਰਾ ਮਨ ਸਰਦਾਰ ਦੇ ਦੁੱਖ ਨਾਲ਼ ਬੇਚੈਨ ਸੀ। ਮੈਂ ਘਰੋਂ ਰੂੰ-ਪੱਟੀ, ਜੈਬੀਕ ਦੀ ਡੱਬੀ ਲੈ ਕੇ ਉਸੇ ਮੂਸਲੇਧਾਰ ਮੀਂਹ ਵਿੱਚ ਸਰਦਾਰ ਦੇ ਕੋਲ ਪਹੁੰਚਿਆ। ਉਹਦੇ ਅੰਗੂਠੇ ਦੇ ਖ਼ੂਨ ਨੂੰ ਸਾਫ਼ ਕਰਕੇ ਉਸ ਉਤੇ ਮੱਲ੍ਹਮ-ਪੱਟੀ ਕੀਤੀ ਅਤੇ ਰਾਤ ਭਰ ਉਹਦੇ ਕੋਲ ਬੈਠਾ ਰਿਹਾ। ਸਵੇਰ ਹੁੰਦਿਆਂ ਹੀ ਘਰ ਦੇ ਅਨੁਸਾਸ਼ਨ ਦੀ ਸੁੱਧ ਆਈ। ਉਸ ਦਿਨ ਪਰਿਵਾਰ ਵੱਲੋਂ ਮਿਲਣ ਵਾਲ਼ੀਆਂ ਸਾਰੀਆਂ ਗਾਲਾਂ, ਤਸੀਹਿਆਂ ਨੂੰ ਮੈਂ ਠਰੰਮੇ ਨਾਲ਼ ਸਹਿ ਗਿਆ। ਸਿਰਫ ਇਸ ਤਸੱਲੀ ਉੱਤੇ ਕਿ ਆਪਣੇ ਪਿਆਰੇ ਮਿੱਤਰ ਦੇ ਪ੍ਰਤੀ ਮੈਂ ਆਪਣਾ ਛੋਟਾ ਜਿਹਾ ਫਰਜ਼ ਨਿਭਾਇਆ ਹੈ।

ਅਤੇ ਸਰਦਾਰ ਦੀ ਉਹ ਸਨੇਹ ਭਰੀ ਜਿੱਦ-"ਪੀ ਲੈ ਦੇਰ ਨਾ ਕਰ, ਤੈਨੂੰ ਪੀਣਾ ਹੀ ਪਊਗਾ" ਦੁੱਧ ਵਾਲ਼ੇ ਦੀ ਦੁਕਾਨ ਦੇ ਸਾਹਮਣੇ ਗਰਮ ਦੁੱਧ ਨਾਲ਼ ਭਰਿਆ ਗਲਾਸ ਹੱਥ ਵਿੱਚ ਫੜੀ ਉਹ ਮੈਨੂੰ ਹੁਕਮ ਦੇ ਰਿਹਾ ਸੀ। ਦੁੱਧ ਨਾਲ਼ ਉਹਨੀਂ ਦਿਨੀਂ ਅਰੁਚੀ ਨਹੀਂ ਸੀ, ਪਰ ਢਿੱਡ ਭਰ ਕੇ ਰੋਟੀ ਖਾਣ ਤੋਂ ਪਿੱਛੋਂ ਕੜ੍ਹਿਆ ਅੱਧਾ ਕਿਲੋ ਦੁੱਧ ਚੜ੍ਹਾ ਸਕਣਾ ਮੇਰੇ ਢਿੱਡ ਦੇ ਲਈ ਮੁਸ਼ਕਿਲ ਸੀ। ਅੱਜ ਵੀ ਦਿੱਲੀ ਅਤੇ ਆਗਰੇ ਵਾਲ਼ੀਆਂ ਦੁੱਧ ਦੀਆਂ ਦੁਕਾਨਾਂ ਦੇ ਦ੍ਰਿਸ਼ ਮੇਰੀਆਂ ਅੱਖਾਂ ਦੇ ਸਾਹਮਣੇ ਆ ਜਾਂਦੇ ਹਨ। ਉਨ੍ਹਾਂ ਦੁਕਾਨਾਂ ਦੇ ਮਾਲਕ ਸਾਡੀ ਹਾਜ਼ਰੀ ਦਿੱਲੀ ਅਤੇ ਆਗਰੇ ਵਿੱਚ ਸਿੱਧ ਕਰਨ ਲਈ ਸਾਡੇ ਮੁਕੱਦਮੇ ਵਿੱਚ ਗਵਾਹ ਭੁਗਤੇ ਸਨ।

ਅਸਲ 'ਚ ਰੋਟੀ ਖਾਣ ਪਿੱਛੋਂ ਗਰਮ ਦੁੱਧ ਦਾ ਗਲਾਸ ਪੀ ਜਾਣ ਦਾ ਪਾਠ ਮੈਨੂੰ ਸਰਦਾਰ ਨੇ ਹੀ ਸਿਖਾਇਆ ਸੀ। ਜਦੋਂ ਕਿਤੇ ਪੈਸਾ ਕੋਲ ਹੁੰਦਾ ਉਹ ਦੁੱਧ ਦਾ ਗਲਾਸ ਪੀਣ ਦੀ ਅੱਯਾਸ਼ੀ ਨਹੀਂ ਸੀ ਭੁੱਲਦਾ, ਜਿੱਥੇ ਰੋਟੀ ਦਾ ਟੁਕੜਾ ਵੀ ਨਸੀਬ ਨਾ ਹੋਵੇ, ਉਥੇ ਦੁੱਧ ਅੱਯਾਸ਼ੀ ਦੇ ਸ਼੍ਰੇਣੀ ਵਿੱਚ ਹੀ ਆਵੇਗਾ ਕਿ ਨਹੀਂ? ਅਤੇ ਉਸਨੂੰ ਸਿਰਫ ਤਿੰਨ ਪਾਅ ਗਰਮ ਦੁੱਧ ਨਾਲ਼ ਹੀ ਸੰਤੋਖ ਨਹੀਂ, ਸਗੋਂ ਦੁੱਧ ਦੇ ਗਲਾਸ ਉਤੋਂ ਘੱਟੋ-ਘੱਟ ਡੇਢ ਛਟਾਂਕ ਮੋਟੀ ਮਲਾਈ ਦਾ ਟੁਕੜਾ ਵੀ ਹੋਰ ਵਾਧੂ ਪੈਣਾ ਚਾਹੀਦਾ ਹੈ। ਮਲਾਈ ਨਾ ਹੋਣ ਉਤੇ ਘਿਓ ਦਾ ਤੜਕਾ (ਘਿਓ ਦੁੱਧ 'ਚ ਪਾਉਣਾ) ਉਹ ਗਰਮ ਦੁੱਧ ਵਿੱਚ ਪਾ ਲੈਂਦਾ ਸੀ। ਸਰੀਰ ਵਿੱਚ ਖ਼ੂਨ ਵਧਾਉਣ ਦਾ ਉਸ ਦਾ ਇਹੋ ਢੁੱਕਵਾਂ ਨੁਕਸਾ ਸੀ। ਦੁੱਧ ਦੇ ਪ੍ਰਤੀ ਇੱਕ ਬੇਹੱਦ ਦਰਜੇ ਦੀ ਖਿੱਚ ਉਸ ਦੇ ਮਨ ਵਿੱਚ ਸੀ। ਸਿਹਤ ਪ੍ਰਤੀ ਉਹ ਕਦੇ ਵੀ ਉਦਾਸੀਨ ਨਹੀਂ ਰਿਹਾ। ਹਾਲਾਂਕਿ ਪਿੱਛੋਂ ਪਾਰਟੀ ਜ਼ਿੰਦਗੀ ਵਿੱਚ ਲਗਾਤਾਰ ਸਮੇਂ ਸਿਰ ਲੋੜੀਂਦਾ ਭੋਜਨ ਵੀ ਸਾਨੂੰ ਨਸੀਬ ਨਹੀਂ

ਹੋਇਆ। ਭੱਜੋ-ਨੱਸੀ ਵਾਲ਼ੀ ਇਨਕਲਾਬੀ ਜ਼ਿੰਦਗੀ ਦੀਆਂ ਅਨਿਸ਼ਚਿਤ ਹਾਲਤਾਂ ਇੱਕ ਜੀਵਨਧਾਰਕ ਦੇ ਲਈ ਇੱਕ ਸੀਮਤ ਸਾਧਨਾਂ ਅਤੇ ਪ੍ਰਬੰਧਾਂ ਦੀ ਘਾਟ ਵਿੱਚ ਵੀ ਉਹ ਸਰੀਰ ਅਤੇ ਸਿਹਤ ਪ੍ਰਤੀ ਹਮੇਸ਼ਾ ਸੁਚੇਤ ਰਹਿੰਦਾ ਰਿਹਾ, ਜਦੋਂ ਕਿ ਜ਼ਿੰਦਗੀ ਦੇ ਪ੍ਰਤੀ ਹਮੇਸ਼ਾ ਉਹਦੇ ਮਨ ਵਿੱਚ ਜ਼ਬਰਦਸਤ ਖਿੱਚ ਸੀ। ਆਮ ਤੌਰ 'ਤੇ ਉਹ ਕਹਿੰਦਾ ਹੁੰਦਾ ਸੀ ਕਿ ਜ਼ਿੰਦਗੀ ਜਦੋਂ ਵਧੇਰੇ ਸੁੰਦਰ ਅਤੇ ਪਿਆਰੀ ਮਹਿਸੂਸ ਹੋਣ ਲੱਗੇ, ਉਦੋਂ ਹੀ ਆਪਣੇ ਆਦਰਸ਼ ਦੇ ਲਈ ਉਹਦਾ ਬਲੀਦਾਨ ਕਰਨਾ ਚਾਹੀਦਾ ਹੈ।

ਯਾਦਾਂ ਦੀ ਇਸ ਲੜੀ ਦੇ ਰੂਪ ਵਿੱਚ ਇੱਕ ਹੋਰ ਦ੍ਰਿਸ਼ ਮੇਰੀਆਂ ਅੱਖਾਂ ਦੇ ਸਾਹਮਣੇ ਅੱਜ ਵੀ ਬਿਜਲੀ ਵਾਂਗੂੰ ਚਮਕ ਉਠਦਾ ਹੈ।.....

ਕਾਨ੍ਹਪੁਰ ਸਟੇਸ਼ਨ ਦਾ ਲੋਕ ਸਮੂਹ ਦੇ ਹੜ੍ਹ ਨਾਲ਼ ਭਰਿਆ ਪਲੇਟਫਾਰਮ 'ਜੋ ਬੋਲੇ ਸੋ ਨਿਹਾਲ.....ਸਤਿ ਸ਼੍ਰੀ ਅਕਾਲ', ਦੇ ਅਕਾਸ਼ ਗੂੰਜਾਊ ਨਾਅਰਿਆਂ ਨਾਲ਼ ਦੂਰ-ਦੂਰ ਤੱਕ ਚਾਰੇ ਪਾਸੇ ਗੂੰਜ ਰਿਹਾ ਸੀ। ਗੁਰੂ ਦੇ ਬਾਗ਼ ਦੇ ਸੱਤਿਆਗ੍ਰਹਿ ਲਈ ਸਿੱਖ ਮੋਰਚੇ ਵਿੱਚ ਹਿੱਸਾ ਲੈਣ ਪੰਜਾਬ ਜਾ ਰਹੇ ਸਨ। ਉਹਨੀਂ ਦਿਨੀਂ ਹਰ ਸਟੇਸ਼ਨ ਉਤੇ ਟਰੇਨ ਰੁਕਦੀ ਸੀ, ਅਥਾਹ ਲੋਕਾਈ ਸੱਤਿਆਗ੍ਰਹੀਆਂ ਦੇ ਦਰਸ਼ਨਾਂ ਖਾਤਰ ਟੁੱਟ ਪੈਂਦੀ ਸੀ। ਹਰ ਇੱਕ ਸਟੇਸ਼ਨ ਉਤੇ ਸੱਤਿਆਗ੍ਰਹੀਆਂ ਵੀਰਾਂ ਨੂੰ ਪ੍ਰਸ਼ਾਦਾ ਛਕਾਉਣ ਲਈ ਲੰਗਰ ਲਗਾਏ ਹੋਏ ਸਨ। ਕਾਨ੍ਹਪੁਰ ਸਟੇਸ਼ਨ 'ਤੇ ਵੀ ਅਜਿਹਾ ਹੀ ਪ੍ਰਬੰਧ ਕੀਤਾ ਗਿਆ ਸੀ ਅਤੇ ਸੱਤਿਆਗ੍ਰਹੀਆਂ ਦੀ ਇੱਕ ਝਲਕ ਪਾਉਣ ਖਾਤਰ ਲੋਕਾਈ ਹੜ੍ਹ ਵਾਂਗ ਉਮੜ ਪਈ ਸੀ। ਫੁੱਲਾਂ ਅਤੇ ਫੁੱਲਾਂ ਦੇ ਹਾਰਾਂ ਦਾ ਮੀਂਹ। ਮੈ ਵੀ ਸਟੇਸ਼ਨ ਉਤੇ ਗਿਆ ਸਾਂ। ਅਥਾਹ ਲੋਕ ਸਮੂਹਾਂ ਦੇ ਵੇਗ ਨੂੰ ਧੱਕ ਕੇ ਸੱਤਿਆਗ੍ਰਹੀਆਂ ਦੇ ਡੱਬਿਆਂ ਤੱਕ ਨਾ ਪਹੁੰਚ ਸਕਣ ਦੀ ਮਜ਼ਬੂਰੀ ਵਿੱਚ ਓਵਰ ਬ੍ਰਿਜ ਉਤੇ ਜਾ ਕੇ ਖਲੋ ਗਿਆ ਸਾਂ ਅਤੇ ਅਣਗਿਣਤ ਸਿੱਖਾਂ ਦੇ ਸਿਰਾਂ ਨਾਲ਼ ਭਰੇ ਪਲੇਟਫਾਰਮ ਦਾ ਦ੍ਰਿਸ਼ ਉਥੋਂ ਹੀ ਦੇਖਣ ਵਿੱਚ ਲੀਨ ਸਾਂ ਕਿ ਭੀੜ ਨੂੰ ਚੀਰਦੀ ਹੋਈ ਮੇਰੀ ਨਜ਼ਰ ਆਪਣੇ ਸਰਦਾਰ ਦੋਸਤ ਉਤੇ ਪਈ। ਉਹ ਰੇਸ਼ਮੀ ਪੱਗ ਅਤੇ ਸਫੈਦ ਕਮੀਜ਼। ਦੋਵੇਂ ਬਾਹਵਾਂ ਅਰਕਾਂ ਤੱਕ ਟੰਗੀਆਂ ਹੋਈਆਂ। ਇੱਕ ਹੱਥ ਸ਼ਰਬਤ ਦੀ ਬਾਲਟੀ ਅਤੇ ਦੂਸਰੇ ਹੱਥ ਵਿੱਚ ਲੰਮਾ ਕੜੀ ਵਾਲ਼ਾ ਗਲਾਸ। ਆਪਣੇ ਦੋਹਾਂ ਮੋਢਿਆਂ ਨਾਲ਼ ਭੀੜ ਨੂੰ ਪਿੱਛੇ ਧੱਕਦਾ ਹੋਇਆ ਉਹ ਸੱਤਆਗ੍ਰਹੀਆਂ ਦੇ ਹੱਥਾਂ ਵਿੱਚ ਸ਼ਰਬਤ ਦਾ ਗਲਾਸ ਵਾਰੀ-ਵਾਰੀ ਫੜਾ ਰਿਹਾ ਸੀ। ਭੀੜ ਦੀ ਖਿੱਚ-ਧੂਹ ਵਿੱਚ ਪੱਗ ਸਿਰ ਤੋਂ ਖਿਸਕ ਕੇ ਮੋਢਿਆਂ ਉਤੋਂ ਲਮਕ ਆਈ ਹੈ, ਪਰ ਇਸਦੀ ਚਿੰਤਾ ਉਸ ਨੂੰ ਨਹੀਂ ਸੀ। ਘੱਟ ਤੋਂ ਘੱਟ ਸਮੇਂ ਵਿੱਚ ਵੱਧ ਤੋਂ ਵੱਧ ਸੱਤਿਆਗ੍ਰਹੀਆਂ ਦੀ ਪਿਆਸ ਬੁਝਾਉਣ ਦੀ ਵਿਆਕੁਲਤਾ ਉਹਦੇ ਚਿਹਰੇ ਉਤੇ, ਅੱਖਾਂ 'ਚ ਅਤੇ ਚਾਲ 'ਚ ਸਪੱਸ਼ਟ ਵੇਖੀ ਜਾ ਸਕਦੀ ਸੀ। ਟਰੇਨ ਦੇ ਇੱਕ ਸਿਰੇ ਤੋਂ ਦੂਸਰੇ ਸਿਰੇ ਤੱਕ ਉਹਦੀ ਬਿਨਾਂ ਸਾਹ ਲਿਆਂ ਹੋ ਰਹੀ ਭੱਜ-ਦੌੜ। ਮੇਰੇ ਪਿਆਰੇ ਮਿੱਤਰ ਸਾਥੀ ਸਰਦਾਰ ਦਾ ਇਹ ਇੱਕ ਹੋਰ ਰੂਪ ਸੀ।

ਥੋੜ੍ਹਾ ਚਿਰ ਰੁਕਣ ਤੋਂ ਪਿੱਛੋਂ ਟਰੇਨ ਚੱਲ ਪਈ। ਫਿਰ ਇੱਕ ਵਾਰੀ 'ਸਤਿ ਸ਼੍ਰੀ ਅਕਾਲ' ਦੇ ਨਾਹਰਿਆਂ ਨਾਲ਼ ਆਕਾਸ਼ ਗੂੰਜਿਆ ਅਤੇ ਹੋ-ਹੱਲੇ ਵਾਲੇ ਸ਼ੋਰ-ਸ਼ਰਾਬੇ ਵਾਲ਼ਾ ਸਟੇਸ਼ਨ ਦਾ ਪਲੇਟਫਾਰਮ ਖਾਲੀ ਹੋਣਾ ਸ਼ੁਰੂ ਹੋਇਆ। ਭੀੜ ਪਿਘਲਣ ਲੱਗੀ। ਜਿਹੜੇ ਸੱਤਿਆਗ੍ਰਹੀਆਂ ਨੂੰ ਵੇਖਣ ਜਾਂ ਉਨ੍ਹਾਂ ਨੂੰ ਮਿਲਣ ਆਏ ਸਨ, ਬਾਹਰ ਨੂੰ ਖਿਸਕਣ ਲੱਗੇ ਅਤੇ ਬਚ ਗਿਆ ਹੱਥਾਂ ਵਿੱਚ ਗਲਾਸ ਬਾਲਟੀ ਲਈ ਮੇਰਾ ਉਹ ਸਰਦਾਰ ਮਿੱਤਰ। ਮੈਂ ਓਵਰ ਬ੍ਰਿਜ ਤੋਂ ਉਤਰ ਕੇ ਉਸ ਦੀ ਬਗਲ ਵਿੱਚ ਖੜ੍ਹਾ ਹੋ ਗਿਆ, ਪਰ ਉਹਨੂੰ ਜਿਵੇਂ ਕਿਸੇ ਗੱਲ ਦੀ ਸੁੱਧ ਨਹੀਂ ਸੀ। ਟਰੇਨ ਜਾਣ ਵਾਲ਼ੀ ਦਿਸ਼ਾ ਵਿੱਚ ਉਹ ਮੰਤਰਮੁਗਧ ਅੱਖਾਂ ਵਿੱਚ ਉਦਾਸੀ ਲਈ ਅਜੇ ਵੀ ਖਾਲੀ ਪਟੜੀ ਵੇਖਦਾ ਜਾ ਰਿਹਾ ਸੀ। ਆਪਣੇ ਮੋਢੇ ਉਤੇ ਮੇਰੇ ਹੱਥ ਦਾ ਦਬਾਅ ਮਹਿਸੂਸ ਕਰਕੇ ਮੁੜਿਆ ਅਤੇ ਮੁਸਕਰਾ ਕੇ ਇੱਕ ਹੱਥ ਨਾਲ਼ ਮੇਰੇ ਪੰਜੇ ਨੂੰ ਦਬਾਇਆ......ਬੋਟੂ.......! ਉਸ ਪਲ ਉਸ ਦੀਆਂ ਅੱਖਾਂ ਵਿੱਚ ਕੋਈ ਅਦ੍ਰਿਸ਼ ਫੈਸਲਾ ਚਮਕ ਉਠਿਆ ਸੀ।

ਉਸ ਦਿਨ ਲੱਗਭਗ ਗੁੰਮਸੁੰਮ ਅਤੇ ਉਦਾਸ ਉਹ ਖਾਲੀ ਸਟੇਸ਼ਨ ਤੋਂ ਮੇਰੇ ਨਾਲ਼ ਬਾਹਰ ਆਇਆ ਸੀ ਅਤੇ ਉਹ ਦਿਨ ਵੀ ਆਇਆ, ਜਦੋਂ ਦਲ ਦੇ ਆਦੇਸ਼ ਉਤੇ ਉਹਨੂੰ ਕਾਨ੍ਹਪੁਰ 'ਪ੍ਰਤਾਪ' ਸੁਰੇਸ਼ ਦਾਦਾ ਅਤੇ ਮੈਨੂੰ ਛੱਡ ਕੇ ਇੱਕ ਛੋਟੇ ਸਕੂਲ ਦਾ ਹੈਡਮਾਸਟਰ ਬਣ ਕੇ ਕਿਤੇ ਹੋਰ ਜਾਣਾ ਪਿਆ। ਗੁਪਤ ਇਨਕਲਾਬੀ ਸੰਗਠਨ ਦੇ ਨਿਯਮਾਂ ਅਨੁਸਾਰ ਉਤਸੁਕਤਾ ਵੱਸ ਲੋੜ ਤੋਂ ਵਧੇਰੇ ਕਿਸੇ ਦੀ ਜਾਣਕਾਰੀ ਹਾਸਲ ਕਰਨੀ ਸਾਡੇ ਲਈ ਮਨਾਹੀ ਵਾਲੀ ਹਦਾਇਤ ਸੀ ਅਤੇ ਸਰਦਾਰ ਸ਼ਾਇਦ ਸਾਰਾ ਦਿਨ ਅਜਿਹਾ ਅਨੁਭਵ ਕਰਦਾ ਰਿਹਾ ਸੀ ਕਿ ਕੋਈ ਰਹੱਸ ਉਹ ਆਪਣੇ ਇੱਕੋ-ਇੱਕ ਅਤੇ ਅਭਿੰਨ ਸਾਥੀ, ਮੇਰੇ ਤੋਂ ਛੁਪਾਉਂਦਾ ਰਿਹਾ ਹੈ। ਨਹੀਂ ਤਾਂ ਕਾਨ੍ਹਪੁਰ ਤੋਂ ਵਿਦਾਈ ਲੈਣ ਦੇ ਦਿਨ ਹੀ ਕਿਉਂ ਖੁੱਲ੍ਹਦਾ। ਅਧਿਆਪਕ ਦਾ ਪਦ ਗ੍ਰਹਿਣ ਕਰਨ ਜਾਂਦਿਆਂ ਹੋਇਆਂ ਮੈਨੂੰ ਮਿਲਣ ਆਇਆ ਸੀ ਅਤੇ ਸਾਡੀ ਬਹੁਤ ਗੂੜ੍ਹੀ ਮਿੱਤਰਤਾ ਦੇ ਬਾਵਜੂਦ ਦਲ ਦੀ ਮਰਯਾਦਾ ਰੱਖਣ ਲਈ ਹੁਣ ਉਹ ਜਿਸ ਰਹੱਸ ਨੂੰ ਲੁਕਾਈ ਬੈਠਾ ਸੀ, ਵਿਛੜਨ ਦੇ ਸਮੇਂ ਉਹਨੂੰ ਪ੍ਰਗਟ ਕੀਤੇ ਬਿਨਾਂ ਨਾ ਰਹਿ ਸਕਿਆ। ਜਿਸ ਨੌਜਵਾਨ ਬਲਵੰਤ ਸਿੰਘ ਦੇ ਸਨੇਹ ਦੀ ਗਲਵੱਕੜੀ ਵਿੱਚ ਮੈਂ ਹੁਣ ਤੱਕ ਬੱਧਾ ਹੋਇਆ ਸੀ, ਉਹੋ ਸਰਦਾਰ ਭਗਤ ਸਿੰਘ ਦੇ ਰੂਪ ਵਿੱਚ ਮੈਥੋਂ ਵਿਦਾਈ ਲੈ ਗਿਆ।

ਇਹ ਉਸਦੀ ਅਸਲੀ ਜਾਣ-ਪਛਾਣ ਸੀ। ਲੋਕਾਂ ਨੇ ਪਿੱਛੋਂ ਉਹਨੂੰ ਇਨਕਲਾਬੀ ਜੁਝਾਰੂ ਭਗਤ ਸਿੰਘ ਦੇ ਰੂਪ ਵਿੱਚ ਜਾਣਿਆ, ਪਰ ਮੇਰੇ ਲਈ ਤਾਂ ਉਹ ਸਾਰੇ ਦਿਨ ਆਦਰਯੋਗ, ਗੁਣਾਂ ਭਰਪੂਰ, ਭਾਵ ਵਿੱਚ ਗੰਭੀਰ ਭਾਵੁਕਤਾ ਨਾਲ਼ ਓਤ-ਪੋਤ ਬਲਵੰਤ ਸਿੰਘ ਬਣਿਆ ਰਿਹਾ। ਪਿੱਛੋਂ ਸਾਡੀ ਮਿੱਤਰਤਾ ਬਾਅਦ ਦੇ ਇਨਕਲਾਬੀ ਦੌਰ ਵਿੱਚ ਇੱਕ-ਦੂਸਰੇ ਦੇ ਨਾਲ਼ ਸਹਿਯੋਗੀ ਦੀ ਭੂਮਿਕਾ, ਉਸਦੇ ਫਾਂਸੀ ਤੋਂ ਲੈ ਕੇ ਮੇਰੇ ਉਮਰ ਕੈਦ ਜਲਾਵਤਨੀ ਤੱਕ ਦਾ ਪ੍ਰਸੰਗ ਇਸ ਕੜੀ ਦੀ ਅਗਲੀ ਕਹਾਣੀ ਹੈ।

ਸਾਲ ਉੱਨੀ ਸੌ ਸਤਾਈ-ਅਠਾਈ ਦਾ ਦੌਰ ਸਾਡੇ ਕੌਮੀ ਜੀਵਨ ਵਿੱਚ ਇਨਕਲਾਬ ਦੇ ਨਾਲ਼-ਨਾਲ਼ ਸੰਕਟ ਦਾ ਦੌਰ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਉਹਨੀਂ ਦਿਨੀਂ ਸਾਡੀ ਅਜ਼ਾਦੀ ਦੀ ਲੜਾਈ ਦਾ ਸਰੋਤ ਇੱਕ ਨਵੇਂ ਰਾਹ ਦੇ ਵੱਲ ਪ੍ਰਵਾਹਿਤ

ਹੋਇਆ। ਉਸ ਸਮੇਂ ਤੱਕ ਦੇਸ਼ ਵਾਸੀ ਇਨਕਲਾਬੀ ਅੰਦੋਲਨ ਅਤੇ ਉਸਦੀ ਵਿਚਾਰਧਾਰਾ ਦੇ ਵੱਖ-ਵੱਖ ਰੂਪਾਂ ਤੋਂ ਜ਼ਿਆਦਾ ਜਾਣੂ ਨਹੀਂ ਸਨ ਅਤੇ ਅੰਗਰੇਜ਼ ਸਰਕਾਰ ਇਨਕਲਾਬੀਆਂ ਨੂੰ ਸਧਾਰਨ ਖ਼ੂਨੀਆਂ ਅਤੇ ਡਕੈਤਾਂ ਦੀ ਕਤਾਰ ਵਿੱਚ ਖੜੇ ਕਰਕੇ ਦੇਸ਼ ਦੇ ਲੋਕਾਂ ਨੂੰ ਸਾਰਾ ਸਮਾਂ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਕਰਦੀ ਰਹੀ ਸੀ। ਬ੍ਰਿਟਿਸ਼ ਹਕੂਮਤ ਦਾ ਇਹ ਕਹਿਣਾ ਸੀ ਕਿ ਇਨਕਲਾਬੀ, ਜੁਝਾਰੂ ਦੇਸ਼ ਵਿੱਚ ਦਹਿਸ਼ਤ ਅਤੇ ਅਰਾਜਕਤਾ ਫੈਲਾਉਣਾ ਚਾਹੁੰਦੇ ਹਨ, ਜਦੋਂਕਿ ਇਨਕਲਾਬੀ ਦੇਸ਼ ਵਿੱਚ ਤਬਦੀਲੀ ਦੇ ਪ੍ਰਤੀ ਵਚਨਬੱਧ ਸਨ। ਜਨ-ਸਧਾਰਨ ਨੂੰ ਇਨਕਲਾਬ ਦੇ ਪ੍ਰਤੀ ਜਾਗਰੂਕ ਕਰਕੇ ਆਰਥਿਕ ਤਬਦੀਲੀਆਂ ਰਾਹੀਂ ਲੁੱਟ-ਖਸੁੱਟ ਰਹਿਤ ਸਮਾਜ ਦੀ ਸਥਾਪਨਾ ਹੀ ਉਨ੍ਹਾਂ ਦਾ ਟੀਚਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਇਹ ਜ਼ਰੂਰੀ ਸੀ ਕਿ ਇਨਕਲਾਬੀਆਂ ਵੱਲੋਂ ਦੇਸ਼ ਵਾਸੀਆਂ ਦੇ ਸਨਮੁੱਖ ਇੱਕ ਨਿਸ਼ਚਿਤ ਠੋਸ ਪ੍ਰੋਗਰਾਮ ਪੇਸ਼ ਕੀਤਾ ਜਾਵੇ ਅਤੇ ਦੇਸ਼ ਦੇ ਆਗੂਆਂ ਨੂੰ ਅਸੈਂਬਲੀ ਭਵਨ ਦੇ ਅੰਦਰ ਵਿਧਾਨਕ ਗਤੀਵਿਧੀਆਂ ਦੇ ਦਾਅ-ਪੇਚਾਂ ਤੋਂ ਮੁਕਤ ਕਰਕੇ ਲੋਕ ਅੰਦੋਲਨਾਂ ਦੇ ਪ੍ਰਤੀ ਉਤਸ਼ਾਹਿਤ ਕੀਤਾ ਜਾਵੇ। ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਅੰਗਰੇਜ਼ ਸਰਕਾਰ ਵੱਲੋਂ ਭਾਰਤ ਦੇ ਲਈ ਖ਼ੁਦਮੁਖਤਿਆਰ ਹਕੂਮਤ ਦੀ ਮੰਗ ਵਾਰ-ਵਾਰ ਠੁਕਰਾ ਦਿੱਤੀ ਗਈ ਸੀ। ਲੋਕ ਆਗੂਆਂ ਦੇ ਲੱਖ ਵਿਰੋਧਾਂ ਦੇ ਬਾਵਜੂਦ ਇੱਥੋਂ ਦੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਨੂੰ ਕੁਚਲਣ ਲਈ ਕੇਂਦਰੀ ਧਾਰਾ ਸਭਾ ਤੋਂ ਟਰੇਡ ਡਿਸਪਿਊਟ ਬਿੱਲ ਮਨਜ਼ੂਰ ਕਰਵਾ ਲਿਆ ਗਿਆ ਸੀ। ਕਾਨੂੰਨ ਮਨਜ਼ੂਰ ਹੋ ਜਾਣ ਦੇ ਸਿੱਟੇ ਵਜੋਂ ਦੇਸ਼ ਦੇ ਕਰੋੜਾਂ ਭੁੱਖੇ ਮਿਹਨਤਕਸ਼ ਲੋਕ ਆਪਣੀ ਆਰਥਿਕ ਦਸ਼ਾ ਸੁਧਾਰਨ ਦੇ ਮੁੱਢਲੇ ਅਧਿਕਾਰ ਅਤੇ ਇੱਕੋਂ ਇੱਕ ਉਪਾਅ ਹੜਤਾਲ ਤੋਂ ਵੀ ਵਾਂਝੇ ਕਰ ਦਿੱਤੇ ਗਏ ਸਨ। ਕੇਂਦਰੀ ਵਿਧਾਨ ਸਭਾ ਵਿੱਚ ਸਾਡੇ ਲੋਕ-ਪ੍ਰਤੀਨਿਧੀਆਂ ਦੇ ਉਸ ਅਪਮਾਨ ਅਤੇ ਉਸ ਗੈਰ-ਮਨੁੱਖੀ ਬਰਬਰਤਾਪੂਰਨ ਕਾਨੂੰਨ ਰਾਹੀਂ ਦੇਸ਼ ਦੇ ਕਰੋੜਾਂ ਲੋਕਾਂ ਉਤੇ ਜਿਹੜਾ ਹਮਲਾ ਹੋਇਆ ਸੀ, ਉਸੇ ਦੇ ਵਿਰੋਧ ਵਿੱਚ ਭਾਰਤੀ ਇਨਕਲਾਬੀ ਸੰਸਥਾ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ' ਵੱਲੋਂ ਕੇਂਦਰੀ ਅਸੈਂਬਲੀ ਦੇ ਮੀਟਿੰਗ ਹਾਲ ਵਿੱਚ ਬੰਬ ਸੁੱਟ ਕੇ ਗੋਰੀ ਹਕੂਮਤ ਨੂੰ ਇੱਕ ਚਿਤਾਵਨੀ ਦੇਣ ਦੇ ਸੁਝਾਅ ਉਤੇ ਆਗਰਾ ਹੈਡਕੁਆਟਰ ਵਿੱਚ ਇੱਕ ਭਰਵੀਂ ਬਹਿਸ ਤੇ ਵਿਚਾਰ-ਚਰਚਾ ਵਾਲੀ ਮੀਟਿੰਗ ਚੱਲ ਰਹੀ ਸੀ। ਅਸੈਂਬਲੀ ਵਿੱਚ ਬੰਬ ਸੁੱਟ ਕੇ ਆਤਮ-ਸਮਰਪਣ ਕਰਨਾ ਅਤੇ ਪਿੱਛੋਂ ਮੁਕੱਦਮੇ ਦੇ ਦੌਰਾਨ ਦੋਸ਼ੀਆਂ ਦੇ ਕਟਹਿਰੇ ਵਿੱਚ ਖੜੇ ਹੋ ਕੇ ਭਾਰਤੀ ਇਨਕਲਾਬੀ ਦਲ ਵੱਲੋਂ ਇਨਕਲਾਬੀਆਂ ਦੇ ਵਿਚਾਰਾਂ, ਆਦਰਸ਼ਾਂ ਅਤੇ ਉਦੇਸ਼ਾਂ ਦੇ ਫਲਸਫੇ ਤੋਂ ਜਾਣੂ ਕਰਾਉਣ ਲਈ ਇੱਕ ਸਾਫ ਸਪੱਸ਼ਟ ਸਿਆਸੀ ਬਿਆਨ ਦੇਣ ਦੀ ਸੂਝ ਸਰਦਾਰ ਭਗਤ ਸਿੰਘ ਦੇ ਦਿਮਾਗ ਦੀ ਹੀ ਉਪਜ ਸੀ, ਪਰ ਇਹਨੂੰ ਨਿਭਾਵੇ ਕੌਣ ? ਭਾਵ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਣ ਵਰਗਾ ਜੋਖਮ ਭਰਿਆ ਕੰਮ ਕੌਣ ਕਰੇ ? ਇਹਨੂੰ ਪੂਰਾ ਕਰਨ ਦਾ ਸਿੱਧਾ ਅਤੇ ਸਾਫ ਮਤਲਬ ਸੀ-ਮੌਤ। ਲੱਖ ਸਾਵਧਾਨੀਆਂ ਦੇ ਬਾਵਜੂਦ ਅਸੈਂਬਲੀ ਭਵਨ ਦੇ ਫਰਸ਼ 'ਤੇ ਬੰਬ ਸੁੱਟਣ ਅਤੇ ਫਟਣ ਦੇ ਨਾਲ਼ ਕਿਸੇ ਦੀ ਮੌਤ ਦੀ ਸੰਭਾਵਨਾ ਸਪੱਸ਼ਟ ਸੀ ਅਤੇ ਉਸ ਤੋਂ ਪਿੱਛੋਂ ਉਥੇ ਤਾਇਨਾਤ ਸੁਰੱਖਿਆ ਪੁਲਿਸ ਜਾਂ ਸਾਰਜੈਂਟ ਵੱਲੋਂ ਬੰਬ ਸੁੱਟਣ ਵਾਲ਼ੇ ਨੂੰ ਫੌਰਨ ਮੌਤ ਦੇ ਘਾਟ ਉਤਾਰ ਦੇਣਾ ਵੀ ਲੱਗਭੱਗ ਤੈਅ ਹੀ ਸੀ। ਬਾਵਜੂਦ ਇਹਦੇ ਕਿ ਅਸੀਂ ਸਾਰੇ ਇਨਕਲਾਬੀ ਦੇਸ਼ ਨੂੰ ਅਜ਼ਾਦ ਕਰਾਉਣ ਲਈ ਬਲੀਦਾਨ ਹੋਣ ਵਾਲੀ ਭਾਵਨਾ ਨਾਲ਼ ਪ੍ਰੇਰਿਤ ਹੋ ਕੇ, ਪਰਿਵਾਰ ਵਾਲਿਆਂ ਨਾਲ਼ੋਂ ਨਾਤਾ ਤੋੜ ਕੇ ਕਿਸੇ ਵੀ ਪਲ ਮੌਤ ਨਾਲ ਜੱਫੀਆਂ ਪਾਉਣ ਦਾ ਸੰਕਲਪ ਲੈ ਕੇ ਸਿਰਾਂ ਉਤੇ ਕਫਨ ਬੰਨ੍ਹ ਕੇ ਘਰ-ਬਾਰ ਤਿਆਗ ਕੇ ਨਿਕਲ ਪਏ ਸਾਂ। ਫਿਰ ਵੀ ਵਿਚਾਰ ਗੋਸ਼ਟੀ ਵਿੱਚ ਬੈਠ ਕੇ ਆਪਣੀ-ਆਪਣੀ ਸੁਰੱਖਿਆ ਉਤੇ ਨਜ਼ਰਾਂ ਗੱਡੀ ਦੂਸਰੇ ਸਾਥੀ ਨੂੰ ਲਾਜ਼ਮੀ ਮੌਤ ਦਾ ਫੁਰਮਾਨ ਸੁਣਾਉਣਾ ਕਿਸੇ ਦੇ ਲਈ ਵੀ ਸੰਭਵ ਨਹੀਂ ਸੀ। ਅਜਿਹਾ ਕੋਈ ਵਿਚਾਰ ਕਿਸੇ ਦੇ ਮਨ ਨੂੰ ਸ਼ੱਕੀ ਬਣਾ ਸਕਦਾ ਸੀ। ਸਰਦਾਰ ਨੇ ਹਿੰਮਤ ਕਰਦਿਆਂ ਅੱਗੇ ਵਧ ਕੇ ਨਿਸ਼ਚਿਤ (ਤੈਅਸ਼ੁਦਾ) ਮੌਤ ਨਾਲ਼ ਖੇਡਣ ਦਾ ਬੀੜਾ ਚੁੱਕਿਆ। ਨਾਲ਼ ਦੀ ਨਾਲ਼ ਮੈਂ ਵੀ। ਕਈ ਸਾਲ ਪਹਿਲਾਂ ਕਾਨ੍ਹਪੁਰ ਵਿੱਚ ਗੰਗਾ ਦੇ ਕੰਢੇ ਬੈਠੇ-ਬੈਠੇ ਜਿਨ੍ਹਾਂ ਆਉਣ ਵਾਲ਼ੇ ਦਿਨਾਂ ਦੀਆਂ ਕਲਪਨਾਵਾਂ ਅਸੀਂ ਵਾਰ-ਵਾਰ ਕਰਦੇ ਹੁੰਦੇ ਸਾਂ ਕਿ ਇੱਕੋ ਵੇਲੇ ਇਕੱਠੇ ਹੀ ਦੋਵੇਂ ਦੇਸ਼ ਦੀ ਅਜ਼ਾਦੀ ਦੇ ਲਈ ਆਤਮ-ਆਹੂਤੀ (ਕੁਰਬਾਨੀ) ਦੇਵਾਂਗੇ, ਉਹਨੂੰ ਸਕਾਰ ਕਰਨ ਦਾ ਸਮਾਂ ਆ ਗਿਆ ਸੀ.....।

ਅਸੀਂ ਦੋਵੇਂ-ਸਰਦਾਰ ਅਤੇ ਮੈਂ, ਬੰਬ ਲੈ ਕੇ ਆਗਰੇ ਤੋਂ ਦਿੱਲੀ ਪਹੁੰਚੇ। ਲੱਗਭੱਗ ਮਹੀਨਾ ਭਰ ਤੱਕ ਦਿੱਲੀ ਵਿੱਚ ਹੀ ਟਿਕੇ ਰਹੇ। ਮੈਂ ਹਾਫ ਪੈਂਟ, ਕਮੀਜ਼ ਅਤੇ ਜੁੱਤੀ ਪਾਉਂਦਾ ਹੁੰਦਾ ਸਾਂ। ਹਰ ਇੱਕ ਸ਼ਾਮ ਬੰਬ ਨੂੰ ਅਖ਼ਬਾਰ ਵਿੱਚ ਢਕ ਕੇ ਕੋਟ ਦੀ ਹੇਠਲੀ ਜੇਬ ਵਿੱਚ ਰੱਖ ਕੇ ਅਸੀਂ ਨਾਲ਼-ਨਾਲ਼ ਇਕੱਠੇ ਅਸੈਂਬਲੀ ਭਵਨ ਜਾਂਦੇ, ਉਥੋਂ ਦਾ ਵਾਤਾਵਰਨ ਪਰਖਦੇ, ਪਹਿਰੇ ਉਤੇ ਤਾਇਨਾਤ ਸੰਤਰੀਆਂ ਦੀਆਂ ਗਤੀਵਿਧੀਆਂ ਵੇਂਹਦੇ ਅਤੇ ਅਨੁਮਾਨ ਲਾਉਂਦੇ ਕਿ ਕਿਵੇਂ ਆਪਣੇ ਉਦੇਸ਼ਾਂ ਵਿੱਚ ਸਫ਼ਲ ਹੋ ਸਕਾਂਗੇ।

ਇਸੇ ਦੌਰਾਨ ਇੱਕ ਦਿਨ, ਸਰਦਾਰ ਨੇ ਇਕੱਠਿਆਂ ਫੋਟੋ ਖਿਚਵਾਉਣ ਦੀ ਗੱਲ ਕੀਤੀ। ਕੁੱਝ ਦੇਰ ਤਾਂ ਮੈਂ ਟਾਲਦਾ ਰਿਹਾ, ਪਰ ਸਰਦਾਰ ਜਦੋਂ ਜ਼ਿੱਦ ਉਤੇ ਉਤਰ ਆਇਆ ਤਾਂ ਮੈਨੂੰ ਵੀ ਝੁਕਣਾ ਪਿਆ ਅਤੇ ਇਹੋ ਇੱਕੋ-ਇੱਕ ਤਸਵੀਰ ਸਾਡੀ ਦੋਹਾਂ ਦੀ ਆਖਰੀ ਯਾਦਗਾਰ ਬਣ ਕੇ ਰਹਿ ਗਈ।

ਫਿਰ ਆਇਆ ਉਹ ਦਿਨ ਜਿਸ ਦੇ ਲਈ ਅਸੀਂ ਆਗਰੇ ਤੋਂ ਚੱਲ ਕੇ ਦਿੱਲੀ ਆਏ ਸਾਂ ਅਤੇ ਲਗਾਤਾਰ ਮਹੀਨਾ ਭਰ ਤੱਕ ਬਿਨਾਂ ਨਾਗਾ ਅਸੈਂਬਲੀ ਭਵਨ ਦੇ ਅਗਲ-ਬਗਲ ਚੱਕਰ ਲਾਉਂਦੇ ਰਹੇ ਹਾਂ, ਭਾਵ 8 ਅਪ੍ਰੈਲ 1928।

ਉਹ ਜ਼ਬਰਦਸਤ ਧਮਾਕਾ

ਦਿਨ ਦੇ ਗਿਆਰਾਂ ਵਜੇ। ਸਥਾਨ ਕੇਂਦਰੀ ਅਸੈਂਬਲੀ ਹਾਲ, ਜਿਹਨੂੰ ਹੁਣ ਸੰਸਦ ਕਿਹਾ ਜਾਂਦਾ ਹੈ। ਟਰੇਡ ਡਿਸਪਿਊਟ ਬਿੱਲ ਅਤੇ ਪਬਲਿਕ ਸੇਫਟੀ ਬਿੱਲ ਉਤੇ ਲੋਕ ਰਾਏ ਜਾਨਣ ਲਈ ਪ੍ਰਸਤਾਵ ਮਨਜ਼ੂਰ ਹੋ ਗਿਆ ਸੀ। ਪ੍ਰਧਾਨਗੀ ਦੀ ਕੁਰਸੀ ਉਤੇ ਸਰਦਾਰ ਵੱਲਭ ਭਾਈ ਪਟੇਲ ਬਿਰਾਜਮਾਨ ਸਨ। ਟਰੇਜ਼ਰੀ ਬੈਂਚਾਂ ਉਤੇ ਸਰ ਜੇਮਜ਼ ਕਰੇਰਰ ਅਤੇ ਸਰ ਜਾਰਜ ਸ਼ੁਸਟਰ, ਵਿਸ਼ੇਸ਼ ਵਿਅਕਤੀ ਦੇ ਰੂਪ ਵਿੱਚ ਵਾਇਸਰਾਏ ਦੀ ਸੀਟ ਉਤੇ, ਦਰਸ਼ਕ

ਗੈਲਰੀ ਵਿੱਚ ਸਰ ਜਾਨ ਸਾਈਮਾਨ, ਸਰਕਾਰੀ ਬੈਂਚਾਂ ਦੇ ਸਾਹਮਣੇ ਵਿਰੋਧੀ ਸੀਟਾਂ ਉਤੇ ਪੰਡਤ ਮੋਤੀ ਲਾਲ ਨਹਿਰੂ, ਪੰਡਤ ਮਦਨ ਮੋਹਨ ਮਾਲਵੀਆ ਅਤੇ ਡਾਕਟਰ ਮੂੰਜੇ ਆਦਿ। ਬੰਬ ਸਾਡੇ ਦੋਹਾਂ ਦੀਆਂ ਜੇਬਾਂ ਵਿੱਚ ਸਨ। ਉਪਰੋਂ ਪਿੱਛੇ ਖਾਲੀ ਬੈਂਚਾਂ ਨੂੰ ਨਿਸ਼ਾਨਾ ਬਣਾ ਕੇ ਅਸੀਂ ਬੰਬ ਸੁੱਟੇ। ਜ਼ੋਰ ਨਾਲ਼ ਜ਼ਬਰਦਸਤ ਧਮਾਕਾ ਹੋਇਆ, ਪਰ ਕਿਉਂਕਿ ਕਿਸੇ ਨੂੰ ਮਾਰਨ ਦਾ ਇਰਾਦਾ ਤਾਂ ਸੀ ਨਹੀਂ, ਇਸ ਲਈ ਕਮਜ਼ੋਰ ਬੰਬ ਬਣਾਏ ਗਏ ਸਨ, ਤਾਂ ਕਿ ਧਮਾਕਾ ਪੈਦਾ ਕਰਨ ਤੋਂ ਸਿਵਾਏ ਹੋਰ ਕਿਸੇ ਤਰ੍ਹਾਂ ਦਾ ਭਿਅੰਕਰ ਘਾਤਕ ਜਾਂ ਜਾਨਲੇਵਾ ਪ੍ਰਭਾਵ ਉਸ ਵਿੱਚ ਪੈਦਾ ਨਾ ਹੋ ਸਕੇ। 'ਇਨਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜਵਾਦੀ ਹਾਕਮਾਂ ਦੇ ਬਹਿਰੇ (ਕੌਮੀ ਮੰਗਾਂ ਪ੍ਰਤੀ) ਕੰਨਾਂ ਨੂੰ ਖੋਲ੍ਹਣ ਲਈ ਜ਼ੋਰਦਾਰ ਆਵਾਜ਼ ਦੀ ਲੋੜ ਹੈ' ਦੇ ਨਾਅਰਿਆਂ ਅਤੇ ਫਟੇ ਬੰਬਾਂ ਦੇ ਧੂੰਏਂ ਦੇ ਨਾਲ਼-ਨਾਲ਼ ਹਾਲ ਭਰ ਗਿਆ ਅਤੇ ਚਾਰੇ ਪਾਸੇ ਭਗਦੜ ਮੱਚ ਗਈ। ਡਰ ਦਾ ਮਾਰਿਆ ਸਰ ਜੇਮਜ਼ ਕਰੇਰਰ ਬੈਂਚਾਂ ਦੇ ਹੇਠਾਂ ਜਾ ਲੁਕਿਆ। ਬੰਬ ਦੇ ਨਾਲ਼ ਸੁੱਟੇ ਗਏ ਲਾਲ ਰੰਗ ਦੇ ਛਪੇ ਪਰਚੇ ਧੂੰਏਂ ਦੀ ਤਹਿ ਉਤੇ ਹਾਲ ਵਿੱਚ ਐਧਰ-ਓਧਰ ਤੈਰ ਰਹੇ ਸਨ। ਉਸ ਪਰਚੇ ਵਿੱਚ ਗੋਰੀ ਹਕੂਮਤ ਦੀਆਂ ਅੱਖਾਂ ਖੋਲ੍ਹਣ ਲਈ ਭਾਰਤੀ ਇਨਕਲਾਬੀ ਦਲ ਦੇ ਉਦੇਸ਼ਾਂ ਦਾ ਸਪੱਸ਼ਟ ਅਤੇ ਸਾਫ ਹਵਾਲਾ ਦਿੱਤਾ ਗਿਆ ਸੀ। 'ਦੋ ਤੁੱਛ ਇਕਾਈਆਂ, ਭਾਵ ਸ਼ਖ਼ਸੀਅਤਾਂ (ਸਰਦਾਰ ਭਗਤ ਸਿੰਘ ਅਤੇ ਬੀ.ਕੇ. ਦੱਤ-ਅਨੁਵਾਦਕ) ਨੂੰ ਕੁਚਲਣ ਨਾਲ਼ ਰਾਸ਼ਟਰ ਨਹੀਂ ਦੱਬਿਆ ਜਾਵੇਗਾ.....। ਸਰਕਾਰ ਇਸ ਗੱਲ ਨੂੰ ਸਮਝੇ ਕਿ ਪਬਲਿਕ ਸੇਫਟੀ ਬਿੱਲ ਅਤੇ ਟਰੇਡ ਡਿਸਪਿਊਟ ਬਿੱਲ ਅਤੇ ਲਾਲਾ ਲਾਜਪਤ ਰਾਏ ਦੀ ਬੇਰਹਿਮ ਹੱਤਿਆ ਦੇ ਵਿਰੁੱਧ ਲੋਕਾਈ ਦਾ ਵਿਰੋਧ ਪ੍ਰਦਰਸ਼ਿਤ ਕਰਨ ਦੇ ਇਲਾਵਾ ਅਸੀਂ ਇਤਿਹਾਸ ਨੂੰ ਵੀ ਇਹ ਦੱਸ ਦੇਣਾ ਚਾਹੁੰਦੇ ਹਾਂ ਕਿ ਵਿਅਕਤੀਆਂ ਉਤੇ ਦਮਨ-ਜ਼ਬਰ ਕਰਨਾ ਆਸਾਨ ਹੈ, ਪਰ ਵਿਚਾਰਧਾਰਾਵਾਂ ਦਾ ਦਮਨ ਜਾਂ ਕੁਚਲਿਆ ਨਹੀਂ ਜਾ ਸਕਦਾ। ਵਿਸ਼ਾਲ ਸਾਮਰਾਜਵਾਦ ਨਸ਼ਟ ਹੋ ਜਾਂਦੇ ਹਨ, ਪਰ ਵਿਚਾਰਧਾਰਾਵਾਂ ਨਸ਼ਟ ਨਹੀਂ ਹੁੰਦੀਆਂ। ਬੋਰਬੋਨ ਅਤੇ ਜ਼ਾਰ ਦਾ ਪਤਨ ਹੋ ਗਿਆ, ਪ੍ਰੰਤੂ ਇਨਕਲਾਬੀ ਲਗਾਤਾਰ ਅੱਗੇ ਵਧਦੇ ਗਏ।......ਸਾਨੂੰ ਜਿਨ੍ਹਾਂ ਨੂੰ ਮਨੁੱਖੀ ਜ਼ਿੰਦਗੀ ਨਾਲ਼ ਪ੍ਰੇਮ ਹੈ ਅਤੇ ਜਿਹਨਾਂ ਨੂੰ ਇੱਕ ਬਹੁਤ ਹੀ ਗੌਰਵਮਈ ਭਵਿੱਖ ਦੀ ਪੂਰਨ ਸੁਤੰਤਰਤਾ ਲਈ ਮਜਬੂਰ ਹੋ ਕੇ ਮਨੁੱਖੀ ਖੂਨ ਵਹਾਉਣਾ ਪੈ ਰਿਹਾ ਹੈ। ਇਹ ਜ਼ਰੂਰੀ ਹੈ, ਕਿਉਂਕਿ ਜਿਹੜੇ ਮਨੁੱਖਤਾ ਲਈ ਸ਼ਹੀਦ ਹੁੰਦੇ ਹਨ, ਉਨ੍ਹਾਂ ਦੇ ਤਿਆਗ ਨਾਲ਼ ਇਨਕਲਾਬ ਦੀ ਉਹ ਵੇਦੀ ਬਣਦੀ ਹੈ, ਜਿੱਥੋਂ ਮਨੁੱਖ ਦੀ ਲੁੱਟ-ਖਸੁੱਟ ਦਾ ਅੰਤ ਹੋ ਸਕੇਗਾ-'ਇਨਕਲਾਬ ਜ਼ਿੰਦਾਬਾਦ'।

ਬੰਬਾਂ ਦਾ ਵਾਰ : ਅੰਗਰੇਜ਼ੀ ਹਕੂਮਤ ਉਤੇ

ਆਪਣੀਆਂ ਉਲੀਕੀਆਂ ਯੋਜਨਾਵਾਂ ਮੁਤਾਬਕ ਅਤੇ ਮਾਰਸ਼ਲ ਲਾਅ ਜਾਰੀ ਨਾ ਹੋਵੇ ਜਾਂ ਬੰਬ ਸੁੱਟਣ ਦੇ ਅਪਰਾਧ ਵਿੱਚ ਨਿਰਦੋਸ਼ ਵਿਅਕਤੀ ਨਾ ਫੜ ਲਏ ਜਾਣ, ਅਸੀਂ ਦੋਹਾਂ ਨੇ ਹੀ ਆਤਮ-ਸਮਰਪਣ ਕਰ ਦਿੱਤਾ। ਮੌਕੇ ਦੇ ਵਾਇਸਰਾਏ ਲਾਰਡ ਇਰਵਨ ਨੇ ਉਸ ਘਟਨਾ ਦੇ ਮਨਸ਼ੇ ਨੂੰ ਚੰਗੀ ਤਰ੍ਹਾਂ ਸਮਝਿਆ ਅਤੇ ਬੰਬ ਵਿਸਫੋਟ ਦੇ ਪਿੱਛੋਂ ਹੀ ਪ੍ਰਬੰਧਕੀ ਸਭਾਵਾਂ ਦੇ ਸਾਂਝੇ ਅਧਿਵੇਸ਼ਨ (ਬੈਠਕ) ਵਿੱਚ ਭਾਸ਼ਣ ਦੇ ਸਮੇਂ ਚਰਚਾ ਕਰਦਿਆਂ ਹੋਇਆਂ ਦੱਸਿਆ ਕਿ ਬੰਬਾਂ ਦਾ ਇਹ ਵਾਰ ਕਿਸੇ ਇੱਕ ਵਿਅਕਤੀ ਉਤੇ ਨਹੀਂ, ਸਗੋਂ ਇੱਕ ਸੰਸਥਾ (ਅੰਗਰੇਜ਼ੀ ਹਕੂਮਤ) ਉਤੇ ਕੀਤਾ ਗਿਆ ਹੈ।

ਸਾਨੂੰ ਦੋਹਾਂ ਨੂੰ ਦਿੱਲੀ ਦੇ ਦੋ ਅਲੱਗ-ਅਲੱਗ ਥਾਣਿਆਂ ਵਿੱਚ ਰੱਖਿਆ ਗਿਆ। ਮੁਕੱਦਮੇ ਸ਼ੁਰੂ ਹੋਏ। ਫਿਰ ਸਾਡਾ ਤਬਾਦਲਾ ਦਿੱਲੀ ਜੇਲ੍ਹ ਵਿੱਚ ਹੋਇਆ। ਜਿੱਥੇ ਇੱਕੋ ਪਲ ਵਿੱਚ ਦੋ ਅਲੱਗ-ਅਲੱਗ ਕੋਠੜੀਆਂ ਵਿੱਚ ਸਾਨੂੰ ਰੱਖਿਆ ਗਿਆ। ਵਿਚਕਾਰ ਖਲੋਤੀ ਸੀ ਲੋਹ ਰੂਪੀ ਕੰਧ। ਨਿਆਜ਼ ਅਲੀ ਸਾਡਾ ਜੇਲ੍ਹ ਵਾਰਡਨ ਸੀ, ਜਿਸਨੂੰ ਇੱਕ ਅਰਸੇ ਤੱਕ ਅਸੀਂ ਹੱਡ ਮਾਸ ਦਾ ਨਾ ਹੋ ਕੇ ਪੱਥਰ ਦਾ ਬਣਿਆ ਸਮਝਦੇ ਰਹੇ। ਨਿਆਜ਼ ਅਲੀ ਨੇ ਕਦੇ ਮੈਨੂੰ ਅਤੇ ਸਰਦਾਰ ਨੂੰ ਇਕੱਠੇ ਨਾ ਹੋਣ ਦਿੱਤਾ। ਹੱਥ ਮਿਲਾਉਣ ਜਾਂ ਛੂਹਣ ਦੀ ਗੱਲ ਤਾਂ ਦੂਰ ਰਹੀ, ਉਹਨੇ ਕਦੇ ਸਾਨੂੰ ਦੋਹਾਂ ਨੂੰ ਇੱਕ-ਦੂਸਰੇ ਦਾ ਚਿਹਰਾ ਤੱਕ ਵੀ ਨਾ ਦੇਖਣ ਦਿੱਤਾ। ਉਨ੍ਹਾਂ ਦੋ-ਚਾਰ ਦਿਨਾਂ ਨੂੰ ਛੱਡ ਕੇ ਜਦੋਂ ਕਿ ਇਕੱਠਿਆਂ ਸਾਨੂੰ ਅਦਾਲਤ ਵਿੱਚ ਲਿਜਾਇਆ ਜਾਂਦਾ ਸੀ। ਦਿੱਲੀ ਦੀ ਉਸ ਵਿਸ਼ੇਸ਼ ਅਦਾਲਤ ਵਿੱਚ ਜੱਜ ਦੇ ਸਾਹਮਣੇ ਪੇਸ਼ ਹੁੰਦੇ ਸਮੇਂ ਆਪਣੇ-ਆਪਣੇ ਹੱਥਾਂ-ਪੈਰਾਂ ਵਿੱਚ ਪਈਆਂ ਬੇੜੀਆਂ ਦੀ ਛਣਕਾਰ ਦੇ ਨਾਲ਼ ਅਸੀਂ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਲਾਉਂਦੇ। ਪੂਰੀ ਅਦਾਲਤ ਗੂੰਜ ਉਠਦੀ ਸੀ ਅਤੇ ਉਦੋਂ ਤੋਂ ਹੀ ਇਹ ਨਾਹਰਾ ਰਾਸ਼ਟਰੀ ਜ਼ਿੰਦਗੀ ਵਿੱਚ ਹਰਮਨਪਿਆਰਾ ਹੋ ਗਿਆ। ਬੰਬ ਧਮਾਕੇ ਦੇ ਨਾਲ਼ ਪਹਿਲਾਂ-ਪਹਿਲਾਂ ਸਰਦਾਰ ਦੇ ਮੂੰਹ 'ਚੋਂ ਨਿਕਲਿਆ-'ਇਨਕਲਾਬ ਜ਼ਿੰਦਾਬਾਦ' ਦਾ ਐਲਾਨ ਜਿਵੇਂ ਪੂਰੀ ਕੌਮੀ ਲੋਕ ਜ਼ਿੰਦਗੀ ਵਿੱਚ ਸਰਵ-ਵਿਆਪਕਤਾ ਹਾਸਲ ਕਰ ਗਿਆ।

ਮੁਕੱਦਮੇ ਦੌਰਾਨ ਜੱਜ ਸਾਹਿਬ ਨੇ ਸਰਦਾਰ ਤੋਂ 'ਇਨਕਲਾਬ ਜ਼ਿੰਦਾਬਾਦ' ਸ਼ਬਦ ਦੀ ਵਿਆਖਿਆ ਕਰਨ ਨੂੰ ਕਿਹਾ ਤਾਂ ਸਰਦਾਰ ਨੇ ਦੱਸਿਆ, "ਇਨਕਲਾਬ ਦਾ ਮਤਲਬ ਖੂਨ-ਖਰਾਬੇ ਦਾ ਰਾਹ ਹੀ ਨਹੀਂ ਅਤੇ ਨਾ ਹੀ ਇਸ ਵਿੱਚ ਵਿਅਕਤੀਗਤ ਬਦਲੇ ਦੀ ਭਾਵਨਾ ਦੀ ਕੋਈ ਥਾਂ ਹੈ। ਬੰਬ ਜਾਂ ਪਿਸਤੌਲ ਹੀ ਇਨਕਲਾਬ ਦਾ ਧਰਮ ਹੋਣ, ਅਜਿਹਾ ਵੀ ਨਹੀਂ ਹੈ। ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਵਰਤਮਾਨ ਸਮਾਜ ਅਤੇ ਹਕੂਮਤੀ ਪ੍ਰਬੰਧ, ਜਿਹੜਾ ਸਪੱਸ਼ਟ ਰੂਪ ਵਿੱਚ ਅਨਿਆਂ ਅਤੇ ਅੱਤਿਆਚਾਰਾਂ 'ਤੇ ਅਧਾਰਿਤ ਹੈ, ਮੁੱਢੋਂ-ਸੁੱਢੋਂ ਤਬਦੀਲ ਹੋਵੇ। ਲੋਕ ਪੂਰਨ ਤਬਦੀਲੀ ਦੇ ਰਾਹੀਂ ਅਜਿਹੀ ਵਿਵਸਥਾ ਦੀ ਸਥਾਪਨਾ ਕਰਨ, ਜਿਸ ਵਿੱਚ ਸਾਰੇ ਲੋਕਾਂ ਦੀ ਸਾਂਝੀ ਸੱਤਾ ਕਾਇਮ ਹੋ ਸਕੇ।"

ਸਰਦਾਰ ਦਾ ਉਹ ਖਤ

ਆਫਿਸ ਅਲੀ ਸਾਹਿਬ ਨੇ ਸਾਡੇ ਵੱਲੋਂ ਵਕਾਲਤ ਕੀਤੀ ਸੀ ਅਤੇ ਸਾਡੇ ਗਵਾਹ ਬਣੇ ਸਨ ਡਾ. ਮੂੰਜੇ ਅਤੇ ਪੰਡਤ ਮਦਨ ਮੋਹਨ ਮਾਲਵੀਆ। ਨਿਆਂਪਾਲਿਕਾ ਨੇ ਸਾਨੂੰ ਦੋਹਾਂ ਨੂੰ ਉਮਰ ਭਰ ਕਾਲੇ ਪਾਣੀ ਦੀ ਸਜ਼ਾ ਦਿੱਤੀ। 1930 ਦੇ 'ਲਾਹੌਰ ਸਾਜਿਸ਼ ਕੇਸ' ਦੇ ਅੰਤ ਵਿੱਚ ਜਦੋਂ ਮੈਂ ਸਦਾ ਲਈ ਸਰਦਾਰ ਤੋਂ ਵਿਛੜ ਕੇ ਮੁਲਤਾਨ ਜੇਲ੍ਹ ਵਿੱਚ ਭੇਜ ਦਿੱਤਾ ਗਿਆ, ਉਦੋਂ ਸਰਦਾਰ ਨੇ ਮੇਰੀ ਭੈਣ ਨੂੰ ਇੱਕ ਖਤ ਲਿਖਿਆ ਸੀ, ਜਿਹੜਾ ਅੱਜ ਵੀ ਮੇਰੀ ਜ਼ਿੰਦਗੀ ਦਾ

ਬਹੁਤ ਕੀਮਤੀ ਸਰਮਾਇਆ ਹੈ। 17 ਜੁਲਾਈ 1930 ਨੂੰ ਲਾਹੌਰ ਸੈਂਟਰਲ ਜੇਲ੍ਹ ਤੋਂ ਲਿਖਿਆ ਗਿਆ ਇਹ ਖਤ ਸਰਦਾਰ ਦੇ ਪੀੜਾਂ ਭਰੇ ਦਿਲ ਦੀ ਹੂਕ ਹੈ, "ਬਟੁਕ ਦੀ ਜੁਦਾਈ ਅੱਜ ਮੇਰੇ ਲਈ ਅਸਹਿ ਹੋ ਰਹੀ ਹੈ। ਇਸ ਵਿਛੋੜੇ ਨਾਲ਼ ਮੈਂ ਇੱਕ-ਦਮ ਸੁੰਨ ਜਿਹਾ ਹੋ ਗਿਆ ਹਾਂ......ਇੱਕ-ਇੱਕ ਪਲ ਮੇਰੇ ਲਈ ਅਸਹਿ ਬਣ ਗਿਆ ਹੈ। ਸੱਚ ਮੁੱਚ ਆਪਣੇ ਸਕੇ ਭਰਾ ਅਤੇ ਪਰਿਵਾਰ ਵਾਲ਼ਿਆਂ ਤੋਂ ਵੀ ਵਧੇਰੇ ਪਿਆਰੇ ਉਸ ਮਿੱਤਰ ਤੋਂ ਅਲੱਗ ਹੋ ਜਾਣਾ ਅੱਜ ਮੇਰੇ ਲਈ ਬਹੁਤ ਹੀ ਔਖਾ ਸਮਾਂ ਹੈ, ਜਿਸ ਵਿੱਚੋਂ ਮੈਂ ਲੰਘ ਰਿਹਾ ਹਾਂ......। ਸਾਨੂੰ ਸਭ ਕੁੱਝ ਬੜੇ ਠਰ੍ਹੰਮੇ ਨਾਲ ਸਹਿਣ ਕਰਨਾ ਪਵੇਗਾ ਅਤੇ ਤੁਹਾਨੂੰ ਵੀ ਹਿੰਮਤ ਨਾਲ਼ ਹਾਲਤਾਂ ਦਾ ਸਾਹਮਣਾ ਕਰਨ ਦੀ ਗੁਜ਼ਾਰਿਸ਼ ਕਰਾਂਗਾ।"

ਲਾਹੌਰ ਸਾਜਿਸ਼ ਕੇਸ ਵਿੱਚ ਜਦੋਂ ਸਰਦਾਰ ਨੂੰ ਫਾਂਸੀ ਦੀ ਸਜ਼ਾ ਦਾ ਫੈਸਲਾ ਸੁਣਾਇਆ ਗਿਆ ਤਾਂ ਆਪਣੀ ਇੱਕ ਹੋਰ ਚਿੱਠੀ ਵਿੱਚ ਉਹਨੇ ਮੈਨੂੰ ਲਿਖਿਆ-

ਪਿਆਰੇ ਬਟੁਕ,

ਲੰਮੇ ਸਮੇਂ ਤੱਕ ਸਾਡੇ ਲੋਕਾਂ ਦੀ ਬਰਤਾਨਵੀ ਅਦਾਲਤ ਨਾਲ਼ ਵਿਚਾਰਕ ਮੁੱਠਭੇੜ ਚੱਲਣ ਤੋਂ ਪਿੱਛੋਂ ਹੁਣ ਉਸ ਨਾਟਕ ਦਾ ਪਰਦਾ ਡਿੱਗਿਆ ਹੈ। ਜੱਜਾਂ ਨੇ ਸਜ਼ਾਵਾਂ ਦਾ ਐਲਾਨ ਕਰ ਦਿੱਤਾ ਹੈ ਅਤੇ ਉਨ੍ਹਾਂ ਸਜ਼ਾਵਾਂ ਦੀ ਸੂਚਨਾ ਸਾਨੂੰ ਵੀ ਭੇਜ ਦਿੱਤੀ ਗਈ ਹੈ। ਮੈਨੂੰ ਫਾਂਸੀ ਦੀ ਸਜ਼ਾ ਮਿਲੀ ਹੈ।

ਤੈਨੂੰ ਪਤਾ ਹੀ ਹੈ ਕਿ ਮੈਂ ਲਾਹੌਰ ਜੇਲ੍ਹ ਵਿੱਚ ਉਨ੍ਹਾਂ ਫਾਂਸੀ ਦੀਆਂ ਕੋਠੜੀਆਂ ਵਿੱਚ ਹੀ ਹਾਂ, ਜਿੱਥੇ ਕੁਝ ਦਿਨ ਪਹਿਲਾਂ ਤੂੰ ਮੇਰੇ ਨਾਲ਼ ਸੀ। ਇਨ੍ਹਾਂ ਫਾਂਸੀ ਦੀਆਂ ਕੋਠੜੀਆਂ ਵਿੱਚ ਕੁੱਲ ਪੈਂਤੀ ਦੇ ਕਰੀਬ ਮੌਤ ਦੀ ਸਜ਼ਾ ਪ੍ਰਾਪਤ ਕੈਦੀ ਹਨ, ਜਿਹੜੇ ਹਰ ਪਲ ਆਪਣੀ ਅੰਤਿਮ ਘੜੀ ਦਾ ਇੰਤਜ਼ਾਰ ਕਰ ਰਹੇ ਹਨ। ਉਹ ਅਭਾਗੇ ਕੈਦੀ ਫਾਂਸੀ ਦੇ ਰੱਸੇ ਤੋਂ ਬਚ ਜਾਣ ਲਈ ਦਿਨ-ਰਾਤ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਰਹਿੰਦੇ ਹਨ। ਉਨ੍ਹਾਂ ਵਿੱਚੋਂ ਵਧੇਰੇ ਆਪਣੇ ਵੱਲੋਂ ਕੀਤੇ ਕੁਕਰਮਾਂ ਲਈ ਬੇਹੱਦ ਸ਼ਰਮਿੰਦੇ ਹਨ ਅਤੇ ਇਨ੍ਹਾਂ ਅਭਾਗੇ ਕੈਦੀਆਂ 'ਚੋਂ ਮੈਂ ਹੀ ਇੱਕ ਅਜਿਹਾ ਆਦਮੀ ਹਾਂ, ਪ੍ਰਮਾਤਮਾ ਦੀ ਥਾਂ ਆਪਣੇ ਆਦਰਸ਼ਾਂ ਵਿੱਚ ਹੀ ਜਿਸਦੀ ਸਥਿਰ ਆਸਥਾ ਹੈ ਅਤੇ ਜਿਸ ਆਸਥਾ ਦੇ ਲਈ ਮੈਂ ਮੌਤ ਨੂੰ ਜੱਫੀ ਪਾਉਣ ਜਾ ਰਿਹਾ ਹਾਂ। ਮੈਂ ਇਸ ਦੇ ਲਈ ਸੰਤੁਸ਼ਟ ਹਾਂ। ਤੇਰੇ ਨਾਲ਼ੋਂ ਮੇਰਾ ਵਿਛੋੜਾ ਬਹੁਤ ਹੀ ਪੀੜਾਦਾਇਕ ਹੈ, ਪਰ ਇਸ ਨਾਲ਼ ਕੁੱਝ ਵਿਸ਼ੇਸ਼ ਉਦੇਸ਼ਾਂ ਦੀ ਪੂਰਤੀ ਹੋਵੇਗੀ। ਮੈਂ ਫਾਂਸੀ ਦੇ ਤਖਤੇ ਉਤੇ ਆਪਣੀ ਜਾਨ ਦੀ ਆਹੂਤੀ ਦੇ ਕੇ ਦੁਨੀਆ ਨੂੰ ਵਿਖਾਂਵਾਗਾ ਕਿ ਇਨਕਲਾਬੀ ਉਦੇਸ਼ਾਂ ਦੀ ਪੂਰਤੀ ਲਈ ਖੁਸ਼ੀ-ਖੁਸ਼ੀ ਆਤਮ ਬਲੀਦਾਨ ਕਰ ਸਕਦਾ ਹਾਂ। ਮੈਂ ਤਾਂ ਮਰ ਜਾਵਾਂਗਾ, ਪਰ ਤੁਸੀਂ ਉਮਰ ਭਰ ਕੈਦ ਦੀ ਸਜ਼ਾ ਭੁਗਤਣ ਲਈ ਜਿਉਂਦੇ ਰਹੋਗੇ ਅਤੇ ਮੇਰਾ ਦ੍ਰਿੜ ਵਿਸ਼ਵਾਸ ਹੈ ਕਿ ਤੁਸੀਂ ਇਹ ਸਿੱਧ ਕਰ ਸਕੋਗੇ ਕਿ ਬਾਗੀ ਇਨਕਲਾਬੀ ਆਪਣੇ ਉਦੇਸ਼ਾਂ ਲਈ ਉਮਰ ਭਰ ਪੋਟਾ-ਪੋਟਾ ਕੱਟਦਿਆਂ ਤਸੀਹੇ ਸਹਿਣ ਕਰ ਸਕਦਾ ਹੈ, ਮੌਤ ਦੀ ਸਜ਼ਾ ਮਿਲਣ ਤੋਂ ਤੁਸੀਂ ਬਚ ਗਏ ਹੋ ਅਤੇ ਉਮਰ ਭਰ ਮਿਲਣ ਵਾਲ਼ੇ ਤਸੀਹਿਆਂ ਨੂੰ ਸਹਿਣ ਕਰਦਿਆਂ ਤੁਸੀਂ ਵਿਖਾ ਸਕੋਗੇ ਕਿ ਫਾਂਸੀ ਦਾ ਫੰਦਾ, ਜਿਸਨੂੰ ਚੁੰਮਣ ਲਈ ਮੈਂ ਤਿਆਰ ਬੈਠਾ ਹਾਂ, ਤਸੀਹਿਆਂ ਤੋਂ ਬਚ ਨਿਕਲਣ ਦਾ ਇੱਕ ਉਪਾਅ ਨਹੀਂ ਹੈ। ਜਿਉਂਦਿਆਂ ਰਹਿ ਕੇ ਬਾਗੀ ਇਨਕਲਾਬੀ ਜ਼ਿੰਦਗੀ ਭਰ ਮੁਸੀਬਤਾਂ ਝੱਲਣ ਦੀ ਦ੍ਰਿੜਤਾ ਰੱਖਦੇ ਹਨ।

ਤੁਹਾਡਾ ਭਗਤ ਸਿੰਘ

ਆਦਰਸ਼ ਦੇ ਲਈ ਜ਼ਿੰਦਗੀ ਦਾ ਬਲੀਦਾਨ

ਸਰਦਾਰ ਆਪਣੇ ਵਿਚਾਰਾਂ ਜਾਂ ਵਿਹਾਰ ਵਿੱਚ ਕੱਟੜਪੰਥੀ ਕਦੇ ਵੀ ਨਹੀਂ ਰਿਹਾ। ਸਿਰ ਉਤੇ ਸਿੱਖ ਧਰਮ ਦੀ ਪਛਾਣ ਲੰਮੇ ਵਾਲ, ਕੰਘਾ, ਕੱਛਾ ਅਤੇ ਕੜਾ ਲੈ ਕੇ ਉਹ ਕਾਨ੍ਹਪੁਰ ਆਏ ਸਨ, ਪਰ ਅਗਲੇਰੇ ਦਿਨਾਂ ਦੀਆਂ ਹਾਲਤਾਂ ਦੇ ਅਨੁਸਾਰ ਉਨ੍ਹਾਂ ਖੁਦ ਨੂੰ ਦੂਸਰੇ ਰੂਪ ਵਿੱਚ ਢਾਲ ਦਿੱਤਾ। ਲੰਮੇ-ਲੰਮੇ ਵਾਲ ਕਟਵਾ ਕੇ ਹੇਠਾਂ ਤੋਂ ਉੱਪਰ ਤੱਕ ਸੂਟ ਅਤੇ ਹੈਟ ਨਾਲ਼ ਲੈਸ ਉਨ੍ਹਾਂ ਅੰਗਰੇਜ਼ ਸਾਹਬਾਂ ਵਾਲ਼ਾਂ ਰੂਪ ਧਾਰਨ ਕੀਤਾ। ਹਿੰਸਾ ਅਤੇ ਅਹਿੰਸਾ ਦੀ ਉਧੇੜ-ਬੁਣ ਵਿੱਚ ਉਨ੍ਹਾਂ ਦੇ ਵਿਚਾਰ ਉਲਝੇ ਹੋਏ ਨਹੀਂ ਸਨ। ਨਾ ਹੀ ਉਨ੍ਹਾਂ ਦੇ ਮਨ ਵਿੱਚ ਕਦੇ ਕਿਸੇ ਦੇ ਪ੍ਰਤੀ ਹਿੰਸਾ ਜਾਂ ਦਵੈਤ ਹੀ ਪਨਪੀ। ਰਾਜਨੀਤਕ ਕੈਦੀਆਂ ਨੂੰ ਜੰਗੀ ਕੈਦੀ (ਪਰਿਜ਼ਨਰ ਆਫ ਵਾਰ) ਦਾ ਦਰਜਾ ਦੁਆਉਣ ਅਤੇ ਉਸਦੇ ਅਨੁਸਾਰ ਉਨ੍ਹਾਂ ਦੇ ਸਨਮਾਨਪੂਰਵਕ ਵਿਵਹਾਰ ਦੀ ਮੰਗ ਉਤੇ ਕੈਦੀਆਂ ਵੱਲੋਂ ਸਮੂਹਿਕ ਭੁੱਖ ਹੜਤਾਲ ਦਾ ਸੰਘਰਸ਼ ਸ਼ੁਰੂ ਕਰਨਾ ਅਤੇ ਉਸੇ ਸੰਗਰਸ਼ਾਂ ਦੇ ਰਾਹੀਂ ਦੇਸ਼ ਦੀ ਮੁਰਝਾਈ ਹੋਈ ਚੇਤਨਾ ਵਿੱਚ ਫਿਰ ਤੋਂ ਸੁੱਤੀ ਹੋਈ ਅਣਖ ਨੂੰ ਜਗਾਉਣ ਦੀ ਕਲਪਨਾ ਸਰਦਾਰ ਨੇ ਕੀਤੀ ਸੀ ਅਤੇ ਇਸੇ ਸੰਘਰਸ਼ ਦੇ ਸਿੱਟੇ ਵਜੋਂ ਪੂਰੇ ਦੇਸ਼ ਵਿੱਚ ਇੱਕ ਅਣਕਿਆਸੀਆਂ ਹਾਲਤਾਂ ਪੈਦਾ ਹੋ ਗਈਆਂ ਅਤੇ ਬਾਅਦ ਵਿੱਚ 1930 ਦਾ ਲੋਕ-ਅੰਦੋਲਨ, ਜਿਸਤੋਂ ਪ੍ਰੇਰਿਤ ਹੋਇਆਂ, ਖੁਦ ਸਰਦਾਰ ਨੇ ਜੇਲ੍ਹ ਦੇ ਅੰਦਰ 14 ਜੂਨ 1929 ਤੋਂ ਸ਼ੁਰੂ ਕਰਕੇ ਲਗਾਤਾਰ 127 ਦਿਨਾਂ ਤੱਕ ਭੁੱਖ ਦੀ ਵਿੱਚ ਧੁਖ਼ਦਿਆਂ ਹੋਇਆਂ ਮੌਤ ਦਾ ਇੰਤਜ਼ਾਰ ਕੀਤਾ ਸੀ।

ਗੰਭੀਰ ਚਿੰਤਨਸ਼ੀਲਤਾ, ਰਾਜਸੀ ਦੂਰਅੰਦੇਸ਼ੀ ਅਤੇ ਆਤਮ ਬਲ ਉਤੇ ਅਟੱਲ ਵਿਸ਼ਵਾਸ ਸਰਦਾਰ ਦੇ ਹੋਰ ਗੁਣ ਸਨ। ਦੂਸਰੇ ਦੇਸ਼ਾਂ ਦੇ ਇਨਕਲਾਬੀ ਅੰਦੋਲਨਾਂ ਦੇ ਨਾਲ਼ ਗੁਲਾਮ ਭਾਰਤ ਦੇਸ਼ ਦੀਆਂ ਰਾਜਸੀ ਹਾਲਤਾਂ ਦਾ ਤੁਲਨਾਤਮਿਕ ਵਿਚਾਰ-ਵਟਾਂਦਰਾ ਸਰਦਾਰ ਦੇ ਚਿੰਤਨ ਦਾ ਇੱਕ ਵਿਲੱਖਣ ਤੇ ਵਿਸ਼ੇਸ਼ ਪੱਖ ਸੀ। ਮਜ਼ਬੂਤ ਹੱਥਾਂ ਵਿੱਚ ਪਿਸਤੌਲ ਲੈ ਕੇ ਜਿਸ ਤਰ੍ਹਾਂ ਨਿਸ਼ਾਨਾ ਚੁਣਨ ਵਿੱਚ ਉਹ ਮਾਹਰ ਸੀ, ਉਸੇ ਤਰ੍ਹਾਂ ਉਸਦੀਆਂ ਸੁੰਦਰ ਉਂਗਲੀਆਂ ਕਲਮ ਚਲਾਉਣ ਵਿੱਚ ਵੀ ਮਾਹਰ ਸਨ। 'ਪ੍ਰਤਾਪ' ਵਿੱਚ ਕੰਮ ਕਰਦੇ ਸਮੇਂ ਡਾਨ ਬ੍ਰੀਨ ਦੀ ਰਚਨ 'ਮਾਈ ਫਾਈਟ ਫਾਰ ਆਇਰਿਸ਼ ਫਰੀਡਮ' ਦਾ ਬਹੁਤ ਹੀ ਸੁੰਦਰ ਅਨੁਵਾਦ ਉਨ੍ਹਾਂ ਕੀਤਾ ਸੀ। ਦਿੱਲੀ ਦੇ ਹਫਤਾਵਾਰੀ 'ਅਰਜੁਨ' ਦੇ ਸੰਪਾਦਕੀ ਲੇਖਾਂ ਵਿੱਚ ਵੀ ਉਹ ਕਲਮ ਚਲਾਉਂਦੇ ਰਹੇ। ਉਹਨੀਂ ਦਿਨੀਂ ਪੰਜਾਬ ਦੇ ਵਿਦਰੋਹੀ ਕਿਸਾਨ ਅੰਦੋਲਨ, ਕੂਕਾ ਵਿਦਰੋਹ ਅਤੇ ਬੱਬਰ ਅਕਾਲੀ ਅੰਦੋਲਨ ਉਤੇ ਲਿਖੀਆਂ ਉਨ੍ਹਾਂ ਦੀਆਂ ਲਿਖਤਾਂ ਦੇ ਖਰੜੇ ਮੈਂ ਪੜ੍ਹੇ ਸਨ। ਫਾਂਸੀ ਤੋਂ ਪਹਿਲਾਂ, ਪੰਜਾਬ ਦੇ ਉਸ ਸਮੇਂ ਦੇ ਗਵਰਨਰ ਦੇ

(ਬਾਕੀ ਹਿੱਸਾ ਸਫ਼ਾ 20 'ਤੇ)

21 ਅਪ੍ਰੈਲ, 2008 ਨੂੰ "ਵੀਰ ਗਾਰਮੈਂਟਸ" (ਮਹਾਂਵੀਰ ਜੈਨ ਕਲੋਨੀ, ਟਿੱਬਾ ਰੋਡ ਨੇੜੇ ਤਾਜਪੁਰ ਰੋਡ, ਲੁਧਿਆਣਾ) ਵਿੱਚ ਹੋਏ ਵਿਸਫੋਟਕ ਧਮਾਕੇ ਅਤੇ ਇਸ ਨਾਲ ਜੁੜੇ ਘਟਨਾਕ੍ਰਮ ਦੀ ਜਮਹੂਰੀ ਅਧਿਕਾਰ ਸਭਾ ਵਲੋਂ

ਜਾਂਚ ਰਿਪੋਰਟ

ਜਮਹੂਰੀ ਅਧਿਕਾਰ ਸਭਾ ਆਮ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਸਰਗਰਮ ਸਮਾਜਿਕ ਸਰੋਕਾਰ ਰੱਖਣ ਵਾਲੇ ਲੋਕਾਂ ਦੀ ਇੱਕ ਜਥੇਬੰਦੀ ਹੈ। ਮਿਤੀ 21 ਅਪ੍ਰੈਲ, 08 ਨੂੰ "ਵੀਰ ਗਾਰਮੈਂਟਸ" ਵਿੱਚ ਹੋਏ ਵਿਸਫੋਟਕ ਧਮਾਕੇ ਦੀ ਇਹ ਘਟਨਾ ਪੁਲਿਸ, ਪ੍ਰਸ਼ਾਸਨ, ਘਟਨਾ ਸਥਾਨ ਵਾਲੇ ਇਲਾਕੇ ਦੇ ਲੋਕਾਂ ਅਤੇ ਕੁੱਝ ਸਮਾਜਿਕ ਕਾਰਕੁੰਨਾ ਦਰਮਿਆਨ ਵਾਦ-ਵਿਵਾਦ ਦਾ ਵਿਸ਼ਾ ਬਣੀ । ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਆ ਵਿੱਚ ਵੀ ਇਸ ਵਾਦ ਵਿਵਾਦ ਦੀ ਕਈ ਦਿਨ ਕਾਫੀ ਚਰਚਾ ਹੁੰਦੀ ਰਹੀ। ਉਦਯੋਗਿਕ ਕਾਮਿਆਂ ਅਤੇ ਆਮ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਨਾਲ਼ ਇਸ ਘਟਨਾ ਦਾ ਡੂੰਘਾ ਸੰਬੰਧ ਹੋਣ ਕਰਕੇ ਹੀ ਸਭਾ ਨੇ ਇੱਕ ਤੱਥ ਖੋਜ ਕਮੇਟੀ ਬਣਾ ਕੇ ਇਸ ਪੂਰੇ ਮਾਮਲੇ ਦੀ ਜਾਂਚ ਕਰਨ ਦਾ ਫੈਸਲਾ ਲਿਆ। ਇਸ ਤੱਥ ਖੋਜ ਕਮੇਟੀ ਵਿੱਚ ਪ੍ਰੋ. ਜਗਮੋਹਨ ਸਿੰਘ (ਸੂਬਾ ਜਨਰਲ ਸਕੱਤਰ) , ਪ੍ਰੋ. ਏ.ਕੇ. ਮਲੇਰੀ (ਜਿਲਾ ਪ੍ਰਧਾਨ, ਲੁਧਿਆਣਾ) , ਪ੍ਰੋ. ਪ੍ਰੇਮ ਵਾਲੀਆ ਅਤੇ ਮਨਜੀਤ ਕੌਰ ਨਾਮਜਦ ਕੀਤੇ ਗਏ। ਇਸ ਕਮੇਟੀ ਨੇ ਹੇਠ ਲਿਖੇ ਸਰੋਤਾਂ ਤੋਂ ਲੋੜੀਂਦੀ ਜਾਣਕਾਰੀ ਹਾਸਿਲ ਕੀਤੀ ਹੈ-

1. ਡਾਇਰੈਕਟੋਰੇਟ ਆਫ਼ ਬੁਆਇਲਰਜ਼, ਪੰਜਾਬ।
2. ਡਿਪਟੀ ਡਾਇਰੈਕਟਰ ਫੈਕਟਰੀਜ਼, ਲੁਧਿਆਣਾ।
3. ਅਸਿਸਟੈਂਟ ਲੇਬਰ ਕਮਿਸ਼ਨਰ, ਲੁਧਿਆਣਾ।
4. ਫਾਇਰ ਸਟੇਸ਼ਨ, ਸੁੰਦਰ ਨਗਰ, ਲੁਧਿਆਣਾ।
5. ਸੀ. ਐਮ. ਸੀ. ਹਸਪਤਾਲ, ਲੁਧਿਆਣਾ।
6. ਕਾਲੜਾ ਹਸਪਤਾਲ, ਤਾਜਪੁਰ ਰੋਡ, ਲੁਧਿਆਣਾ।
7. ਘਟਨਾ ਸਥਾਨ ਵਾਲੇ ਇਲਾਕੇ ਦੇ ਲੋਕ ਅਤੇ 22 ਅਪ੍ਰੈਲ ਦੀਆਂ ਘਟਨਾਵਾਂ ਮੌਕੇ ਹਾਜਰ ਲੋਕ।
8. ਇੰਡੀਅਨ ਬੁਆਇਲਰਜ਼ ਐਕਟ 1923.
9. ਐਸ.ਐਚ.ਓ. ਸ਼੍ਰੀ ਬਲਵਿੰਦਰ ਸਿੰਘ, ਏ. ਐਸ. ਆਈ. ਸ਼੍ਰੀ ਰਜਿੰਦਰ ਕੁਮਾਰ ਅਤੇ ਐਸ. ਆਈ. ਸ਼੍ਰੀ ਰਾਜ ਕੁਮਾਰ।
10. ਐਫ.ਆਈ.ਆਰ. ਨੰਬਰ 123 ਅਤੇ 124, ਮਿਤੀ 22 ਅਪ੍ਰੈਲ 2008, ਥਾਣਾ ਬਸਤੀ ਜੋਧੇਵਾਲ, ਲੁਧਿਆਣਾ।
11. ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੀ ਨੈਸ਼ਨਲ ਡਿਜ਼ਾਸਟਰ ਮੈਨੇਜਮੈਂਟ ਡਵੀਜ਼ਨ ਦੀਆਂ ਗਾਈਡ ਲਾਈਨਜ਼।
12. ਦਫਤਰ ਡਿਪਟੀ ਕਮਿਸ਼ਨਰ, ਲੁਧਿਆਣਾ।

ਘਟਨਾ ਦਾ ਪਿਛੋਕੜ

ਮਿਤੀ 21 ਅਪ੍ਰੈਲ 2008 ਨੂੰ ਮਹਾਂਵੀਰ ਜੈਨ ਕਲੋਨੀ, ਟਿੱਬਾ ਰੋਡ, ਨੇੜੇ ਤਾਜਪੁਰ ਰੋਡ ਲੁਧਿਆਣਾ ਸਥਿਤ "ਵੀਰ ਗਾਰਮੈਂਟਸ" ਵਿੱਚ ਸ਼ਾਮ ਨੂੰ ਤਕਰੀਬਨ 8.30 ਵਜੇ ਇੱਕ ਵੱਡਾ ਵਿਸਫੋਟਕ ਧਮਾਕਾ ਹੋਇਆ। ਜਿਸ ਉਪਰੰਤ ਇਸ ਇਮਾਰਤ ਦੀ ਛੱਤ ਟੁੱਟਕੇ ਹੇਠਾਂ ਆ ਡਿੱਗੀ। ਵਿਸਫੋਟ ਇੰਨਾ ਜਬਰਦਸਤ ਸੀ ਕਿ ਇਸ ਵਿੱਚੋਂ ਉੱਡ ਕੇ ਜਾਣ ਵਾਲੀ ਵਿਸਫੋਟਕ ਸਮੱਗਰੀ ਨੇ ਤਕਰੀਬਨ ਅੱਧਾ ਕਿਲੋਮੀਟਰ ਦੂਰ ਭਰਪੂਰ ਨਗਰ ਵਿੱਚ ਟਾਟਾ ਟਾਵਰ ਦੇ ਨਾਲ਼ ਲਗਦੀਆਂ ਦੋ ਦੁਕਾਨਾਂ ਦੇ ਲੈਂਟਰ ਵੀ ਤੋੜ ਦਿੱਤੇ। ਇਸ ਵਿਸਫੋਟ ਦੇ ਧਮਾਕੇ ਦੀ ਅਵਾਜ਼ ਨੂੰ ਕਾਫੀ ਦੂਰ ਤੱਕ ਆਲੇ ਦੁਆਲੇ ਦੇ ਲੋਕਾਂ ਨੇ ਵੀ ਸੁਣਿਆ। ਮੌਕੇ 'ਤੇ ਫੈਕਟਰੀ ਵਿੱਚ ਮੌਜੂਦ ਕੁੱਝ ਕਾਮਿਆਂ ਅਤੇ ਆਸ ਪਾਸ ਦੇ ਲੋਕਾਂ ਦੇ ਕਾਫੀ ਸੱਟਾਂ ਵੀ ਲੱਗੀਆਂ ।

ਇਹ ਘਟਨਾ 22 ਅਪ੍ਰੈਲ ਦੇ ਅਖਬਾਰਾਂ ਦੀਆਂ ਸੁਰਖੀਆਂ ਦਾ ਮੁੱਖ ਵਿਸ਼ਾ ਬਣੀ ਅਤੇ 23 ਅਪ੍ਰੈਲ ਦੇ ਅਖਬਾਰਾਂ ਵਿੱਚ ਛਪੀਆਂ ਖਬਰਾਂ ਅਨੁਸਾਰ ਰਾਹਤ ਕਾਰਜ ਜਲਦੀ ਸ਼ੁਰੂ ਕਰਨ ਦੀ ਮੰਗ ਕਰ ਰਹੇ ਲੋਕਾਂ ਦੀ ਪੁਲਿਸ ਨਾਲ਼ ਝੜਪ ਹੋਈ। ਖਬਰਾਂ ਵਿੱਚ ਦੱਸਿਆ ਗਿਆ ਸੀ ਕਿ ਰਾਜਵਿੰਦਰ ਸਿੰਘ, ਜੋ ਖੁਦ ਨੂੰ ਲਖਨਊ ਤੋਂ ਨਿਕਲਣ ਵਾਲੇ 'ਬਿਗੁਲ' ਨਾਮੀ ਮਾਸਿਕ ਅਖਬਾਰ ਦੇ ਪੱਤਰਕਾਰ ਦੱਸ ਰਹੇ ਸਨ, ਨੂੰ ਪੁਲਿਸ ਦੇ ਕੰਮ ਵਿੱਚ ਰੁਕਾਵਟ ਪੈਦਾ ਕਰਨ, ਭੀੜ ਅੰਦਰ ਭੜਕਾਹਟ ਪੈਦਾ ਕਰਨ ਅਤੇ ਇਰਾਦਾ ਕਤਲ ਵਰਗੇ ਦੋਸ਼ਾਂ ਤਹਿਤ ਘਟਨਾ ਸਥਾਨ ਤੋਂ ਹੀ ਗ੍ਰਿਫਤਾਰ ਕੀਤਾ ਗਿਆ ਹੈ।

ਇਸ ਕੇਸ ਦੀ ਜਾਂਚ ਪੜਤਾਲ ਦੌਰਾਨ ਹੇਠ ਲਿਖੇ ਤੱਥ ਸਾਹਮਣੇ ਆਏ ਹਨ

1. ਸਾਰੀ ਜਾਣਕਾਰੀ ਅਤੇ ਤੱਥਾਂ ਨੂੰ ਘੋਖਣ ਤੋਂ ਬਾਅਦ ਇਹ ਗੱਲ ਸਪੱਸ਼ਟ ਰੂਪ ਵਿੱਚ ਸਾਹਮਣੇ ਆਈ ਹੈ ਕਿ "ਵੀਰ ਗਾਰਮੈਂਟਸ" ਵਿੱਚ 21 ਅਪ੍ਰੈਲ ਦੀ ਸ਼ਾਮ ਨੂੰ ਇੱਕ ਬਹੁਤ ਭਾਰੀ ਵਿਸਫੋਟ ਹੋਇਆ ਜਿਸਨੇ ਤਕਰੀਬਨ ਅੱਧਾ ਕਿਲੋਮੀਟਰ ਦੂਰ ਭਰਪੂਰ ਨਗਰ ਵਿੱਚ ਦੋ ਦੁਕਾਨਾਂ ਦੇ ਲੈਂਟਰ ਵੀ ਤੋੜ ਦਿੱਤੇ ਸਨ। ਇਸ ਮਾਮਲੇ ਨਾਲ਼ ਸੰਬੰਧਿਤ ਥਾਣਾ ਬਸਤੀ ਜੋਧੇਵਾਲ, ਲੁਧਿਆਣਾ ਵਿਖੇ ਮਿਤੀ 22 ਅਪ੍ਰੈਲ, 08 ਨੂੰ ਲਿਖੀ ਗਈ ਐਫ.ਆਈ.ਆਰ. ਨੰਬਰ 123 ਵਿੱਚ ਇਸ ਹਾਦਸੇ ਵਿੱਚ ਫੱਟੜ ਹੋਏ ਮਜ਼ਦੂਰਾਂ ਦੇ ਬਿਆਨਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਉਹ ਮਸ਼ੀਨਾਂ ਦਾ ਗਰਮ ਪਾਣੀ ਪੈਣ ਨਾਲ਼ ਫੱਟੜ ਹੋਏ ਜਿਸ ਤੋਂ ਲੱਗਦਾ ਹੈ ਕਿ ਇਸ ਵਿਸਫੋਟ ਨੇ ਗਰਮ ਪਾਣੀ ਵਾਲੀਆਂ ਮਸ਼ੀਨਾਂ ਨੂੰ ਵੀ ਨੁਕਸਾਨ ਪਹੁੰਚਾਇਆ। ਇੰਨੇ ਵੱਡੇ ਵਿਸਫੋਟ ਨੂੰ ਬਿਨਾਂ ਕਿਸੇ ਜਾਂਚ ਪੜਤਾਲ ਦੇ ਹੀ ਇੱਕ ਬੁਆਇਲਰ ਦਾ ਵਿਸਫੋਟ ਕਰਾਰ ਦੇ ਦਿੱਤਾ ਗਿਆ। ਜਦੋਂ ਕਿ ਇਹ ਜਰੂਰੀ ਤਾਂ ਨਹੀਂ ਕਿ ਇਹ ਵਿਸਫੋਟ ਬੁਆਇਲਰ ਦਾ ਹੀ ਹੋਵੇ। ਪੁਲਿਸ ਨੇ ਆਪਣੇ ਪੱਧਰ 'ਤੇ ਲੋੜੀਂਦੀ ਤਫਤੀਸ਼ ਕਰਕੇ ਇਹ ਜਾਨਣ ਦੀ ਵੀ ਕੋਈ ਕੋਸ਼ਿਸ਼ ਨਹੀਂ ਕੀਤੀ ਕਿ ਜੇ ਇਹ ਵਿਸਫੋਟ ਬੁਆਇਲਰ ਦਾ ਹੀ ਸੀ ਤਾਂ ਇਸ ਦੇ ਫਟਣ ਦੇ ਕੀ ਕਾਰਨ ਹੋ ਸਕਦੇ ਸਨ ? ਕੀ ਇਹ ਬੁਆਇਲਰ ਇੰਡੀਅਨ ਬੁਆਇਲਰਜ਼ ਐਕਟ 1923 ਦੇ ਤਹਿਤ ਮਨਜ਼ੂਰਸ਼ੁਦਾ ਵੀ ਸੀ ਕਿ ਨਹੀਂ ? ਕੀ ਇਹ ਲੋੜੀਂਦੇ ਮਿਆਰ ਪੂਰੇ ਕਰਦਾ ਵੀ ਸੀ ਕਿ ਨਹੀਂ ? ਕੀ ਇਹ ਪ੍ਰਵਾਨਤ ਪ੍ਰੈਸ਼ਰ ਉੱਪਰ ਹੀ ਚਲਾਇਆ ਜਾ

ਰਿਹਾ ਸੀ ? ਕੀ ਮਾਲਕ ਨੇ ਇੱਥੇ ਲੋੜੀਂਦੇ ਸੁਰੱਖਿਆ ਇੰਤਜਾਮ ਕੀਤੇ ਹੋਏ ਸਨ ਕਿ ਨਹੀਂ ?

2. ਵਿਸਫੋਟ 21 ਅਪ੍ਰੈਲ 2008 ਦੀ ਸ਼ਾਮ ਨੂੰ ਤਕਰੀਬਨ 8.30 ਵਜੇ ਹੋਇਆ। ਜਿਸ ਦੀ ਸੂਚਨਾ ਕਿਸੇ ਆਮ ਆਦਮੀ ਰਾਹੀਂ ਪੁਲਿਸ ਦੇ ਕੰਟਰੋਲ ਰੂਮ ਅਤੇ ਨੇੜੇ ਦੇ ਫਾਇਰ ਬ੍ਰਿਗੇਡ ਨੂੰ ਉਸੇ ਵੇਲੇ ਪੁਹੰਚ ਗਈ ਸੀ। ਫਾਇਰ ਬ੍ਰਿਗੇਡ ਦਾ ਸਟਾਫ ਤੁਰੰਤ ਘਟਨਾ ਸਥਾਨ 'ਤੇ ਪੁਹੰਚਿਆ, ਪਰ ਉਹਨਾਂ ਨੂੰ ਬਾਹਰੋਂ ਹੀ ਇਹ ਕਹਿ ਕੇ ਵਾਪਸ ਮੋੜ ਦਿੱਤਾ ਗਿਆ ਕਿ ਇੱਥੇ ਕਿਤੇ ਅੱਗ ਨਹੀਂ ਲੱਗੀ।

ਹੈਰਾਨ ਕਰਨ ਵਾਲ਼ਾ ਤੱਥ ਇਹ ਹੈ ਕਿ ਹਾਦਸਾਗ੍ਰਸਤ ਹੋਈ ਇਮਾਰਤ ਜਿਸ ਨੂੰ ਕਿ "ਵੀਰ ਗਾਰਮੈਂਟਸ" ਕਿਹਾ ਜਾ ਰਿਹਾ ਸੀ, ਦੇ ਮਾਲਕ ਨੇ ਇਸ ਵਿਸਫੋਟ ਬਾਰੇ ਕਿਸੇ ਵੀ ਸੰਬੰਧਿਤ ਦਫਤਰ ਨੂੰ ਸੂਚਿਤ ਕਰਨ ਦੀ ਜਿੰਮੇਵਾਰੀ ਨਹੀਂ ਨਿਭਾਈ।

3. ਇਸ ਵਿਸਫੋਟਕ ਧਮਾਕੇ ਤੋਂ ਬਾਅਦ ਪੈਦਾ ਹੋਏ ਐਮਰਜੈਂਸੀ ਹਾਲਾਤਾਂ ਨਾਲ਼ ਨਜਿੱਠਣ ਲਈ ਜਿਲਾ ਪ੍ਰਸ਼ਾਸਨ ਬਿਲਕੁਲ ਹੀ ਅਵੇਸਲਾ ਲੱਗਦਾ ਹੈ ਜਿਸ ਦੀ ਪੁਸ਼ਟੀ ਸਭਾ ਵੱਲੋਂ ਸੂਚਨਾ ਅਧਿਕਾਰ ਕਨੂੰਨ 2005 ਦੇ ਤਹਿਤ ਡਿਪਟੀ ਕਮਿਸ਼ਨਰ ਲੁਧਿਆਣਾ ਕੋਲੋਂ ਮੰਗੀ ਗਈ ਸੂਚਨਾ ਦੇ ਜਵਾਬ ਤੋਂ ਵੀ ਹੁੰਦੀ ਹੈ ਕਿ ਇਸ ਵਿਸਫੋਟ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਕੋਈ ਵੀ ਰਾਹਤ ਕਾਰਜ ਨਹੀਂ ਕੀਤੇ। ਜਦੋਂ ਕਿ National Disaster Frame Work (a Roadmap) ਅਨੁਸਾਰ ਅਜਿਹੀ ਸਥਿਤੀ ਵਿੱਚ ਜਿਲਾ ਪ੍ਰਸ਼ਾਸਨ ਕੋਲ Rapid Response ਟੀਮਾਂ, Disaster Management ਕਮੇਟੀਆਂ, Hazard Safety Cells ਅਤੇ ਕੰਟਰੋਲ ਰੂਮ ਬਣੇ ਹੋਏ ਹੋਣੇ ਚਾਹੀਦੇ ਹਨ।

4. ਐਫ.ਆਈ.ਆਰ. ਨੰਬਰ 123 ਅਨੁਸਾਰ ਸਥਾਨਕ ਪੁਲਿਸ ਨੂੰ ਇਸ ਵਿਸਫੋਟ ਦੀ ਜਾਣਕਾਰੀ ਉਸੇ ਰਾਤ ਭਾਵ 21 ਅਪ੍ਰੈਲ 2008 ਨੂੰ ਆਪਣੇ ਕੰਟਰੋਲ ਰੂਮ ਤੋਂ ਮਿਲ ਗਈ ਸੀ। ਲੇਕਿਨ ਪੁਲਿਸ ਵਲੋਂ ਇਸ ਵਿਸਫੋਟ ਦੀ ਜਾਂਚ ਪੜਤਾਲ ਕਰਨ ਵਾਸਤੇ ਮੌਕੇ ਦੇ ਸਬੂਤਾਂ ਨੂੰ ਸੁਰੱਖਿਅਤ ਰੱਖਣ ਲਈ ਹਾਦਸਾਗ੍ਰਸਤ ਹੋਈ ਇਮਾਰਤ ਨੂੰ ਸੀਲ ਵੀ ਨਹੀਂ ਕੀਤਾ ਗਿਆ, ਨਾ ਹੀ ਕੋਈ ਰਿਕਾਰਡ ਸਾਂਭਿਆ ਗਿਆ ਅਤੇ ਨਾ ਹੀ ਤੁਰੰਤ ਸ਼ੁਰੂ ਕਰਨੇ ਬਣਦੇ ਬਚਾਓ ਕਾਰਜ ਹੀ ਆਰੰਭੇ ਗਏ। ਇਸ ਤੋਂ ਵੀ ਅੱਗੇ ਪੁਲਿਸ ਨੇ ਮਲਬੇ ਚੋਂ ਬਰਾਮਦ ਹੋਏ ਸਮਾਨ/ਸਬੂਤਾਂ ਨੂੰ ਵੀ ਕਿਤੇ ਰਿਕਾਰਡ ਨਹੀਂ ਕੀਤਾ। ਕੀ ਇਹ ਜਾਣ ਬੁੱਝ ਕੇ ਸਬੂਤਾਂ ਨੂੰ ਖੁਰਦ-ਬੁਰਦ ਕਰਨ ਦੀ ਕੋਈ ਕੋਸ਼ਿਸ਼ ਤਾਂ ਨਹੀਂ ?

5. ਮਿਤੀ 22 ਅਪ੍ਰੈਲ 2008 ਨੂੰ ਲਿਖੀ ਐਫ.ਆਈ.ਆਰ. ਨੰ 124 ਦੇ ਮੁਤਾਬਿਕ ਹਾਦਸਾਗ੍ਰਸਤ ਹੋਈ ਇਮਾਰਤ ਦੇ ਮਾਲਕ ਸ਼੍ਰੀ ਸੁਰੇਸ਼ ਵਰਮਾ ਨੇ ਆਪੇ ਹੀ ਕਰੇਨਾਂ ਮੰਗਵਾਕੇ ਪੁਲਿਸ ਦੀ ਗੈਰ ਹਾਜਰੀ ਵਿੱਚ ਉੱਥੋਂ ਆਪਣੇ ਤੌਰ 'ਤੇ ਹੀ ਮਲਬਾ ਹਟਵਾਉਣ ਦੀ ਕਾਰਵਾਈ ਸ਼ੁਰੂ ਕਰ ਰੱਖੀ ਸੀ। ਇਹ ਸਬੂਤਾਂ ਨੂੰ ਜਾਣ-ਬੁੱਝ ਕੇ ਖੁਰਦ-ਬੁਰਦ ਕਰਨ ਦੀ ਕੋਸ਼ਿਸ਼ ਹੀ ਲੱਗਦੀ ਹੈ।

ਇਲਾਕੇ ਦੇ ਲੋਕਾਂ ਅਤੇ ਉੱਥੇ ਪਹੁੰਚੇ 'ਬਿਗੁਲ' ਅਖਬਾਰ ਦੇ ਸਥਾਨਕ ਪੱਤਰਕਾਰ ਸ਼੍ਰੀ ਰਾਜਵਿੰਦਰ ਸਿੰਘ ਵਲੋਂ ਮਾਲਕ ਵਲੋਂ ਕੀਤੀ ਜਾ ਰਹੀ ਇਸ ਗੈਰਕਾਨੂੰਨੀ ਕਾਰਵਾਈ (ਬਿਨਾਂ ਕਿਸੇ ਜਿੰਮੇਵਾਰ ਅਧਿਕਾਰੀ ਦੀ ਮੌਜੂਦਗੀ ਤੋਂ ਬਿਨਾਂ ਮਲਬਾ ਹਟਾਉਣ ਦੀ) 'ਤੇ ਕੀਤਾ ਗਿਆ ਇਤਰਾਜ ਹੀ ਝਗੜੇ ਦਾ ਕਾਰਨ ਬਣਿਆ ਲੱਗਦਾ ਹੈ। ਕਿਉਂਕਿ ਲੋਕਾਂ ਨੂੰ ਸ਼ੱਕ ਸੀ ਕਿ ਇਮਾਰਤ ਦੇ ਮਲਬੇ ਹੇਠ ਇੱਥੇ ਕੰਮ ਕਰਨ ਵਾਲੇ ਕੁਝ ਹੋਰ ਮਜ਼ਦੂਰ ਵੀ ਦਬੇ ਹੋ ਸਕਦੇ ਹਨ। ਇਸ ਲਈ ਲੋਕ ਇਹ ਮੰਗ ਕਰ ਰਹੇ ਸਨ ਕਿ ਇਹ ਮਲਬਾ ਕਿਸੇ ਜਿੰਮੇਵਾਰ ਪ੍ਰਸ਼ਾਸਨਿਕ ਅਧਿਕਾਰੀ ਦੀ ਮੌਜੂਦਗੀ ਵਿੱਚ ਹੀ ਹਟਾਇਆ ਜਾਵੇ।

ਇੱਥੇ ਇਹ ਜਿਕਰਯੋਗ ਹੈ ਕਿ "ਵੀਰ ਗਾਰਮੈਂਟਸ" ਦਾ ਇਹ ਯੂਨਿਟ ਨਾ ਤਾਂ ਫੈਕਟਰੀ ਐਕਟ 1948 ਦੇ ਤਹਿਤ ਸਬੰਧਿਤ ਵਿਭਾਗ ਕੋਲ ਕਿਤੇ ਰਜਿਟਰਡ ਹੈ ਅਤੇ ਨਾ ਹੀ ਸ਼ਾਪ ਐਂਡ ਕਮਰਸ਼ੀਅਲ ਐਸਟੈਬਲਿਸ਼ਮੈਂਟ ਐਕਟ 1958 ਦੇ ਤਹਿਤ ਲੇਬਰ ਵਿਭਾਗ ਕੋਲ। ਲੇਬਰ ਮਹਿਕਮਾ ਮਿਤੀ 14/05/2008 ਨੂੰ ਫੈਕਟਰੀ ਮਾਲਕ ਦੇ ਉਪਰੋਕਤ ਐਕਟ ਦੀਆਂ ਧਾਰਾਵਾਂ 13(1), 20(1), 21(1) ਅਤੇ ਨਿਯਮ-19 ਦੇ ਤਹਿਤ ਲੋੜੀਂਦਾ ਰਿਕਾਰਡ ਪੇਸ਼ ਨਾ ਕਰ ਸਕਣ, ਫੈਕਟਰੀ ਅੰਦਰ ਮੁਢਲੀ ਸਹਾਇਤਾ ਦੀ ਕਿੱਟ ਨਾ ਰੱਖਣ ਅਤੇ ਪੇਮੈਂਟ ਆਫ ਵੇਜਿਜ਼ ਐਕਟ 1936 ਅਤੇ ਮਿਨਿਮਮ ਵੇਜਿਜ਼ ਐਕਟ 1948 ਅਧੀਨ ਕਈ ਚਲਾਨ ਵੀ ਕਰ ਚੁੱਕਿਆ ਹੈ।

ਇੱਥੇ ਹੀ ਬਸ ਨਹੀਂ ਡਾਇਰੈਕਟਰ ਆਫ਼ ਬੁਆਇਲਰਜ਼, ਜਲੰਧਰ ਵੱਲੋਂ ਮਿਤੀ 26-04-08 ਨੂੰ ਇਸ ਫੈਕਟਰੀ ਦੇ ਕੀਤੇ ਦੌਰੇ ਦੌਰਾਨ ਵੀ ਮਾਲਕ ਆਪਣੇ ਇਸ ਅਦਾਰੇ ਲਈ ਲੋੜੀਂਦਾ ਰਿਕਾਰਡ ਪੇਸ਼ ਨਹੀਂ ਕਰ ਸਕਿਆ। ਇਸ ਲਈ ਇਹ ਯੂਨਿਟ ਕਿਤੇ ਵੀ ਰਜਿਸਟਰਡ ਨਾ ਹੋਣ ਅਤੇ ਸਬੰਧਤ ਮਹਿਕਮੇ ਤੋਂ ਐਨ. ਓ. ਸੀ. ਨਾ ਲਏ ਹੋਣ ਕਰਕੇ ਇਸ ਡਾਇਰੈਕਟੋਰੇਟ ਵਲੋਂ ਵੀ ਆਪਣੇ ਪੱਤਰ ਨੰਬਰ 1562 ਮਿਤੀ 07/05/2008 ਰਾਹੀਂ ਇਸ ਯੂਨਿਟ ਦੇ ਮਾਲਕ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਇਸ ਲਈ ਇੱਥੇ ਗੈਰਕਾਨੂੰਨੀ ਕੰਮ ਹੁੰਦਾ ਹੋਣ ਕਰਕੇ ਮਾਲਕ ਲੋਕਾਂ ਦੀਆਂ ਨਜਰਾਂ ਤੋਂ ਬਚ ਕੇ ਹੀ ਸਾਰੀ ਕਾਰਵਾਈ ਕਰਨੀ ਚਾਹੁੰਦਾ ਸੀ।

6. ਰਾਜਵਿੰਦਰ ਸਿੰਘ ਨੂੰ ਘਟਨਾ ਸਥਾਨ ਤੋਂ ਹੀ ਸ਼ਾਮ 7 ਵਜੇ ਤੋਂ ਬਾਅਦ ਗ੍ਰਿਫਤਾਰ ਕੀਤਾ ਦਿਖਾਇਆ ਗਿਆ ਹੈ (ਜਿਵੇਂ ਕਿ ਮਿਤੀ 23 ਅਪ੍ਰੈਲ 2008 ਦੇ ਅਖਬਾਰਾਂ 'ਚ ਛਪੀਆਂ ਖਬਰਾਂ ਅਤੇ ਫੋਟੋਆਂ ਤੋਂ ਸਪੱਸ਼ਟ ਹੈ)। ਜਦੋਂ ਕਿ ਐਫ.ਆਈ.ਆਰ. ਨੰਬਰ 124 ਮੁਤਾਬਕ ਲੁੱਟ ਖੋਹ ਦੀ ਵਾਰਦਾਤ 4 ਵਜੇ ਹੋਈ ਦੱਸੀ ਗਈ ਹੈ। ਕੀ ਕੋਈ ਅਜਿਹਾ ਦੋਸ਼ੀ ਹਮਲਾ ਕਰਕੇ ਲੁੱਟ-ਖੋਹ ਕਰਨ ਤੋਂ ਬਾਅਦ ਲੁੱਟੇ ਹੋਏ ਮਾਲ ਸਮੇਤ ਵਾਰਦਾਤ ਤੋਂ ਲੱਗਭਗ 3 ਘੰਟੇ ਬਾਅਦ ਤੱਕ ਉੱਥੇ ਬੈਠ ਕੇ ਪੁਲਿਸ ਕੋਲੋਂ ਗ੍ਰਿਫਤਾਰ ਹੋਣ ਦਾ ਇੰਤਜਾਰ ਕਰਦਾ ਰਹੇਗਾ ? ਸ਼੍ਰੀ ਪੰਕਜ ਕੁਮਾਰ ਗੁਪਤਾ ਅਤੇ ਉਸਦੇ ਸਾਥੀਆਂ ਨੇ ਆਪਣੇ ਨਾਲ਼ ਵਾਪਰੀ ਘਟਨਾ ਪੁਲਿਸ ਚੌਕੀ, ਟਿੱਬਾ ਰੋਡ, ਲੁਧਿਆਣਾ ਨੂੰ 22 ਅਪ੍ਰੈਲ 2008 ਨੂੰ ਸ਼ਾਮ 7.00 ਵਜੇ ਦਿੱਤੀ। ਜਦੋਂ ਕਿ ਇਸ ਮਾਮਲੇ 'ਚ ਦਰਜ ਕੀਤੀ ਗਈ ਐਫ.ਆਈ.ਆਰ. ਨੰਬਰ 124 ਅਨੁਸਾਰ ਇਹ ਘਟਨਾ ਸ਼ਾਮੀ 4 ਵਜੇ ਵਾਪਰੀ। ਵਾਰਦਾਤ ਹੋਣ ਦੇ ਸਮੇਂ (ਚਾਰ

ਵਜੇ) ਅਤੇ ਪੁਲਿਸ ਚੌਂਕੀ ਨੂੰ ਸੂਚਨਾ ਪ੍ਰਾਪਤ ਹੋਣ ਦੇ ਸਮੇਂ (7 ਵਜੇ) ਵਿੱਚ ਤਿੰਨ ਘੰਟਿਆਂ ਦਾ ਵਕਫਾ ਹੈ। ਵਾਰਦਾਤ ਵਾਲੀ ਜਗ੍ਹਾ ਤੋਂ ਕੁਝ ਹੀ ਕਿਲੋਮੀਟਰ ਦੂਰ ਪੁਲਿਸ ਚੌਂਕੀ ਨੂੰ ਸੂਚਨਾ ਦੇਣ ਵਿੱਚ ਹੋਈ ਏਨੀ ਲੰਮੀ ਦੇਰੀ ਵੀ ਉਪਰੋਕਤ ਐਫ.ਆਈ.ਆਰ ਵਿਚਲੀ ਕਹਾਣੀ 'ਤੇ ਸ਼ੱਕ ਪੈਦਾ ਕਰਦੀ ਹੈ।

7. ਉਪਰੋਕਤ ਤੋਂ ਲੱਗਦਾ ਹੈ ਕਿ ਸਥਾਨਕ ਪੁਲਿਸ ਅਧਿਕਾਰੀਆਂ, ਹਾਦਸਾਗ੍ਰਸਤ ਹੋਈ ਇਮਾਰਤ ਦੇ ਮਾਲਕ ਅਤੇ ਉਸਦੇ ਦੋਸਤਾਂ ਦੀ ਮਿਲੀਭੁਗਤ ਨਾਲ਼ ਹੀ ਇਹ ਝੂਠੀ ਐਫ਼.ਆਈ.ਆਰ. ਨੰਬਰ 124 ਤਿਆਰ ਕੀਤੀ ਗਈ ਹੈ।

8. ਐਫ.ਆਈ.ਆਰ. ਨੰਬਰ 123 ਵਿੱਚ ਕਾਲੜਾ ਹਸਪਤਾਲ ਵਿਖੇ ਦਾਖਲ "ਵੀਰ ਗਾਰਮੈਂਟਸ" ਵਿੱਚ ਕੰਮ ਕਰਦੇ ਇੱਕ ਜ਼ਖ਼ਮੀ ਮਜ਼ਦੂਰ ਦਾ ਨਾਂ ਵਿਜੇ ਕੁਮਾਰ ਦੱਸਿਆ ਗਿਆ ਹੈ। ਮੈਡੀਕਲ ਰਿਕਾਰਡ ਅਨੁਸਾਰ ਇਸ ਮਜ਼ਦੂਰ ਦੀ ਉਮਰ ਮਹਿਜ 13 ਸਾਲ ਹੈ। ਪਰ ਸੰਬੰਧਿਤ ਪੁਲਿਸ ਅਧਿਕਾਰੀ ਨੇ ਬਾਲ ਮਜ਼ਦੂਰੀ ਰੋਕੂ ਕਾਨੂੰਨ ਦੇ ਤਹਿਤ ਮਾਲਕ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਅਤੇ ਆਪਣੇ ਇਸ ਗੈਰ-ਕਾਨੂੰਨੀ ਕਾਰੋਬਾਰ ਰਾਹੀਂ "ਕਾਫ਼ੀ ਵਰਕਰਾਂ ਦੀ ਜਾਨ ਨੂੰ ਖਤਰਾ ਪੈਦਾ ਕਰਨ" (ਐਫ.ਆਈ.ਆਰ. ਨੰਬਰ 123), ਜਾਣਬੁੱਝ ਕੇ ਸਬੂਤਾਂ ਨੂੰ ਖੁਰਦ ਬੁਰਦ ਕਰਨ ਅਤੇ ਵਿਸਫੋਟ ਤੋਂ ਬਾਅਦ ਕਿਸੇ ਵੀ ਸਰਕਾਰੀ ਵਿਭਾਗ ਨੂੰ ਇਸਦੀ ਸੂਚਨਾ ਨਾ ਦੇਣ ਵਾਲੇ ਮਾਲਕ ਦੇ ਖਿਲਾਫ ਬਹੁਤ ਹੀ ਨਰਮ ਧਰਾਵਾਂ 285 (ਅੱਗ ਅਤੇ ਬਲਣਸ਼ੀਲ ਪਦਾਰਥਾਂ ਪ੍ਰਤੀ ਲਾਪ੍ਰਵਾਹੀ) ਅਤੇ 287 (ਮਸ਼ੀਨਰੀ ਪ੍ਰਤੀ ਲਾਪ੍ਰਵਾਹੀ) ਦੇ ਤਹਿਤ ਹੀ ਪਰਚਾ ਦਰਜ ਕੀਤਾ ਹੈ। ਇਹ ਤੱਥ ਵੀ ਪੁਲਿਸ ਦੀ ਭੂਮਿਕਾ 'ਤੇ ਇੱਕ ਹੋਰ ਸ਼ੱਕ ਖੜ੍ਹਾ ਕਰਦਾ ਹੈ।

9. ਮੌਕੇ ਦੇ ਗਵਾਹਾਂ ਅਤੇ ਅਖਬਾਰੀ ਰਿਪੋਰਟਾਂ ਤੋਂ ਕਮੇਟੀ ਨੂੰ ਇਹ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਹਾਦਸਾਗ੍ਰਸਤ ਹੋਈ ਇਮਾਰਤ ਦਾ ਮਾਲਕ ਉਸੇ ਰਾਤ ਵਿਸਫੋਟ ਤੋਂ ਬਾਅਦ ਕੁਝ ਸਮਾਨ ਉਠਾ-ਉਠਾ ਕੇ ਕਿਧਰੇ ਹੋਰ ਲੈ ਕੇ ਜਾ ਰਿਹਾ ਸੀ। ਲੇਕਿਨ ਵਿਸਫੋਟ ਤੋਂ ਬਾਅਦ ਜਿਸ ਤਰ੍ਹਾਂ ਦੇ ਭਿਆਨਕ ਹਾਲਾਤ ਇੱਥੇ ਬਣ ਗਏ ਸਨ ਉਹਨਾਂ ਨੂੰ ਦੇਖਦੇ ਹੋਏ ਲੋਕਾਂ ਦੀ ਇਹ ਜਾਇਜ ਮੰਗ ਸੀ ਕਿ ਮਾਲਕ ਨੂੰ ਪਹਿਲ ਦੇ ਅਧਾਰ 'ਤੇ ਬਚਾਓ ਕਾਰਜ ਸ਼ੁਰੂ ਕਰਵਾਉਣ ਵੱਲ਼ ਧਿਆਨ ਦੇਣਾ ਚਾਹੀਦਾ ਹੈ ਨਾ ਕਿ ਆਪਣਾ ਮਾਲ-ਅਸਬਾਬ ਸਾਂਭਣ ਵੱਲ਼। ਕਿਉਂਕਿ ਲੋਕਾਂ ਨੂੰ ਡਰ ਸੀ ਕਿ ਹਾਲੇ ਕੁੱਝ ਹੋਰ ਮਜ਼ਦੂਰ ਵੀ ਮਲਬੇ ਹੇਠ ਦਬੇ ਹੋ ਸਕਦੇ ਹਨ। ਮੌਕੇ 'ਤੇ ਪਹੁੰਚੀ ਪੁਲਿਸ ਨੇ ਵੀ ਲੋਕਾਂ ਦੇ ਇਸ ਜਾਇਜ ਫਿਕਰ ਨੂੰ ਗੰਭੀਰਤਾ ਨਾਲ਼ ਨਹੀਂ ਲਿਆ।

10. ਸ਼੍ਰੀ ਰਾਜਵਿੰਦਰ ਸਿੰਘ ਜੋ ਕਿ 'ਬਿਗੁਲ' ਅਖਬਾਰ ਦੇ ਸਥਾਨਕ ਪੱਤਰਕਾਰ ਹੋਣ ਦੇ ਨਾਤੇ 22 ਅਪ੍ਰੈਲ ਦੀ ਦੁਪਿਹਰ ਤੋਂ ਹੀ ਘਟਨਾ ਸਥਾਨ 'ਤੇ ਮੌਜੂਦ ਸਨ ਦੇ ਬਿਆਨ ਅਨੁਸਾਰ, " ਉਸੇ ਸ਼ਾਮ ਤਕਰੀਬਨ 5.00 ਵਜੇ ਜਦੋਂ ਮਾਲਕ ਅਤੇ ਉਸਦੇ ਬੰਦਿਆਂ ਨੇ ਮੌਕੇ 'ਤੇ ਹਾਜ਼ਰ ਬੇਕਸੂਰ ਲੋਕਾਂ ਦੀ ਕੁੱਟਮਾਰ ਕਰਕੇ ਉਹਨਾਂ ਨੂੰ ਉੱਥੋਂ ਭਜਾਉਣਾ ਸ਼ੁਰੂ ਕੀਤਾ। ਤਾਂ ਮੈਂ ਖੁਦ ਤੁਰੰਤ ਇਸ ਇਲਾਕੇ ਨਾਲ ਸੰਬੰਧਿਤ ਐਸ.ਪੀ. ਸ਼੍ਰੀ ਸੱਜਣ ਸਿੰਘ ਚੀਮਾ ਨੂੰ ਆਪਣੇ ਮੋਬਾਈਲ ਨੰ. 98886-55663 ਤੋਂ ਬੇਕਸੂਰ ਲੋਕਾਂ ਦੀ ਹੋ ਰਹੀ ਇਸ ਕੁੱਟਮਾਰ ਦੀ ਜਾਣਕਾਰੀ ਦਿੱਤੀ ਸੀ ਅਤੇ ਅਪੀਲ ਕੀਤੀ ਸੀ ਕਿ ਉਹ ਆਪ ਆ ਕੇ ਇਸ ਨਾਜ਼ੁਕ ਸਥਿਤੀ ਨੂੰ ਸੰਭਾਲਣ। ਲੋੜ ਪੈਣ 'ਤੇ ਇਹਨਾਂ ਫੋਨ ਕਾਲਾਂ ਦਾ ਰਿਕਾਰਡ ਵੀ ਪੇਸ਼ ਕੀਤਾ ਜਾਵੇਗਾ।" ਇਸ ਬਿਆਨ ਤੋਂ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਆਖਰ ਮਾਲਕ ਲੋਕਾਂ ਤੋਂ ਕੀ ਛੁਪਾਉਣਾ ਚਾਹੁੰਦਾ ਸੀ।

ਉਪਰੋਕਤ ਤੱਥਾਂ ਤੋਂ ਸਪਸ਼ਟ ਹੈ ਕਿ ਇਸ ਸਾਰੇ ਮਾਮਲੇ ਵਿੱਚ ਕਈ ਪੱਧਰਾਂ 'ਤੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੋਈ ਹੈ ਅਤੇ ਲੋਕਾਂ ਦੀਆਂ ਜਾਨਾਂ ਬਚਾਉਣ ਪ੍ਰਤੀ ਪ੍ਰਸ਼ਾਸਨ ਦੀ ਕੋਈ ਫਿਕਰਮੰਦੀ ਕਿਧਰੇ ਵੀ ਨਜ਼ਰ ਨਹੀਂ ਆਈ। ਉਲਟਾ ਪੁਲਿਸ 'ਤੇ ਜ਼ਿਲਾ ਪ੍ਰਸ਼ਾਸਨ ਦੀ ਮਜ਼ਦੂਰਾਂ ਅਤੇ ਆਮ ਲੋਕਾਂ ਦੇ ਜਾਨ-ਮਾਲ ਪ੍ਰਤੀ ਅੱਤ ਦੀ ਬੇਲਾਗਤਾ (Non-concern) ਅਤੇ ਗੈਰਸੰਵੇਦਨਸ਼ੀਲਤਾ (Insenstivity) ਸਾਹਮਣੇ ਆਈ ਹੈ। ਜੇਕਰ ਕੱਲ ਕਲ੍ਹੋਂਣ ਨੂੰ ਲੁਧਿਆਣੇ ਦੀ ਕਿਸੇ ਹੋਰ ਵੱਡੀ ਫੈਕਟਰੀ ਅੰਦਰ ਕੋਈ ਭਿਆਨਕ ਹਾਦਸਾ ਵਾਪਰ ਜਾਂਦਾ ਹੈ ਤਾਂ ਉਦਯੋਗਿਕ ਕਾਮਿਆਂ ਅਤੇ ਆਮ ਸ਼ਹਿਰੀਆਂ ਦੇ ਜਾਨ-ਮਾਲ ਦਾ ਤਾਂ ਬਸ ਰੱਬ ਹੀ ਰਾਖਾ ਹੋਵੇਗਾ।

ਇਸ ਲਈ ਸਭਾ ਇਹ ਮੰਗ ਕਰਦੀ ਹੈ ਕਿ :

1.ਪੰਜਾਬ ਸਰਕਾਰ ਕਿਸੇ ਅਧਿਕਾਰਤ ਏਜੰਸੀ ਤੋਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਵੇ ਅਤੇ ਆਪਣੀਆਂ ਜਿੰਮੇਵਾਰੀਆਂ ਪ੍ਰਤੀ ਕੁਤਾਹੀ ਵਰਤਣ ਵਾਲੇ ਅਧਿਕਾਰੀਆਂ/ਵਿਅਕਤੀਆਂ ਖਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕਰੇ ।

2.ਜਿਲਾ ਪ੍ਰਸ਼ਾਸਨ ਆਪਣੇ ਪੱਧਰ 'ਤੇ ਕੋਈ ਵੀ ਬਚਾਓ ਕਾਰਜ ਨਾ ਕੀਤੇ ਜਾਣ ਦਾ ਜਨਤਕ ਸਪਸ਼ਟੀਕਰਨ ਦੇਵੇ।

3.ਇਸ ਮਾਮਲੇ ਵਿੱਚ ਥਾਣਾ ਬਸਤੀ ਜੋਧੇਵਾਲ, ਲੁਧਿਆਣਾ ਵਿਖੇ ਮਿਤੀ 22 ਅਪ੍ਰੈਲ 2008 ਨੂੰ ਦਰਜ ਕੀਤੀਆਂ ਐਫ.ਆਈ.ਆਰ ਨੰਬਰ 123 ਅਤੇ 124 ਦੀ ਵੀ ਵਿਭਾਗੀ ਜਾਂਚ ਕਰਵਾਈ ਜਾਵੇ।

4.ਜਿਲਾ ਪ੍ਰਸ਼ਾਸਨ ਰਿਹਾਇਸ਼ੀ ਕਲੋਨੀਆਂ ਵਿੱਚ ਬਿਨਾਂ ਕਿਸੇ ਸੁਰੱਖਿਆ ਇੰਤਜਾਮਾਂ ਤੋਂ ਚੱਲ ਰਹੇ ਅਜਿਹੇ ਅਣਅਧਿਕਾਰਤ ਯੂਨਿਟਾਂ ਜੋ ਉਦਯੋਗਿਕ ਕਾਮਿਆਂ ਅਤੇ ਆਮ ਲੋਕਾਂ ਦੇ ਜਾਨ-ਮਾਲ ਨੂੰ ਗੰਭੀਰ ਖਤਰਾ ਬਣੇ ਹੋਏ ਹਨ, ਬਾਰੇ ਇੱਕ ਭਰਵਾਂ ਸਰਵੇਖਣ ਕਰਵਾਕੇ ਤੁਰੰਤ ਲੋੜੀਂਦੇ ਕਦਮ ਚੁੱਕੇ ਤਾਂ ਕਿ ਆਮ ਸ਼ਹਿਰੀਆਂ ਦੇ ਜਾਨ-ਮਾਲ ਦੀ ਰੱਖਿਆ ਹੋ ਸਕੇ।

ਪ੍ਰਕਾਸ਼ਕ :- ਪ੍ਰੋ. ਜਗਮੋਹਨ ਸਿੰਘ,
(ਸੂਬਾ ਜਨਰਲ ਸੱਕਤਰ)
2409, ਕ੍ਰਿਸ਼ਨਾ ਨਗਰ,
ਸਾਹਮਣੇ ਆਰਤੀ ਸਿਨੇਮਾ,
ਲੁਧਿਆਣਾ।
ਫੋਨ ਨੰ.- 98140-01836

• • • • • • • • • • • • • • •

ਦੂਸਰੀ ਕਿਸ਼ਤ

ਅਰਨੈਸਟੋ ਚੀ ਗਵੇਰਾ-ਸੰਘਰਸ਼ ਅਤੇ ਕੁਰਬਾਨੀਆਂ ਭਰੇ ਜੀਵਨ ਦੀ ਦਾਸਤਾਨ

—ਡਾ. ਅੰਮ੍ਰਿਤ

(ਲੜੀ ਜੋੜਨ ਲਈ ਪੜ੍ਹੋ ਲਲਕਾਰ ਅਪ੍ਰੈਲ-ਜੂਨ 2008)

ਇਹਨਾਂ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਵੀ ਇਨਕਲਾਬੀਆਂ ਦੀ ਤਾਕਤ ਵੱਧਦੀ ਗਈ। ਸੀਅਰਾ ਮੈਸਤਰਾ ਦੇ ਪਹਾੜਾਂ ਦੇ ਲਾਗੇ ਛੋਟੀਆਂ-ਛੋਟੀਆਂ ਫੌਜੀ ਟੁਕੜੀਆਂ ਨੂੰ ਖਦੇੜਨ ਤੋਂ ਬਾਅਦ ਹੁਣ ਉਹਨਾਂ ਨੇ ਕਿਊਬਾ ਨੂੰ ਬੈਟਿਸਟਾ ਤੋਂ ਆਜ਼ਾਦ ਕਰਵਾਉਣ ਲਈ ਮੁਹਿੰਮ ਵਿੱਢਣ ਦਾ ਫੈਸਲਾ ਕੀਤਾ। ਇਸ ਮੁਹਿੰਮ ਦੌਰਾਨ ਚੀ ਗਵੇਰਾ ਨੂੰ ਅੱਠਵੀਂ ਕਾਲਮ ਦਾ ਕਮਾਂਡਰ ਬਣਾਇਆ ਗਿਆ। ਅੱਠਵੀਂ ਕਾਲਮ ਨੇ ਲਾ ਵਿਲਾ ਪ੍ਰਾਂਤ ਦੀ ਰਾਜਧਾਨੀ ਸਾਂਟਾ ਕਲਾਰਾ ਸ਼ਹਿਰ 'ਤੇ ਕਬਜ਼ਾ ਕਰਦੇ ਹੋਏ ਹਵਾਨਾ ਪਹੁੰਚਣਾ ਸੀ। ਇਸ ਤਰ੍ਹਾਂ ਅੱਠਵੀਂ ਕਾਲਮ ਨੇ ਕਿਊਬਾ ਨੂੰ ਇੱਕ ਤਰ੍ਹਾਂ ਦੋ ਹਿੱਸਿਆਂ ਵਿੱਚ ਵੰਡ ਦੇਣਾ ਸੀ ਅਤੇ ਇਸ ਦੀ ਸਫ਼ਲਤਾ ਪੂਰੀ ਮੁਹਿੰਮ ਦੀ ਸਫ਼ਲਤਾ ਲਈ ਬਹੁਤ ਹੀ ਮਹੱਤਵਪੂਰਨ ਸੀ। ਪਰ ਹਮੇਸ਼ਾਂ ਦੀ ਤਰ੍ਹਾਂ ਚੀ ਗਵੇਰਾ ਦਾ ਰਾਹ ਇਸ ਵਾਰ ਵੀ ਅਸਾਨ ਨਹੀਂ ਸੀ। ਸ਼ੁਰੂਆਤੀ ਯੋਜਨਾ ਅਨੁਸਾਰ ਚੀ ਗਵੇਰਾ ਅਤੇ ਉਸ ਦੇ ਸੌ ਤੋਂ ਕੁਝ ਵੱਧ ਸਾਥੀਆਂ ਨੇ ਟਰੱਕਾਂ ਰਾਹੀਂ ਹਾਈਵੇ ਤੋਂ ਹੁੰਦੇ ਹੋਏ ਲਾ ਵਿਲਾ ਪ੍ਰਾਂਤ ਵਿੱਚ ਦਾਖਲ ਹੋਣਾ ਸੀ।

27 ਅਗਸਤ ਨੂੰ ਆਪਣੇ ਸਾਥੀਆਂ ਨੂੰ ਸੰਬੋਧਿਤ ਕਰਦੇ ਹੋਏ ਚੀ ਗਵੇਰਾ ਨੇ ਕਿਹਾ, "ਮੈਨੂੰ ਆਪਣੀ ਟੁਕੜੀ ਵਿੱਚ ਇੱਕ ਵੀ ਅਜਿਹਾ ਆਦਮੀ ਨਹੀਂ ਚਾਹੀਦਾ ਜਿਹੜਾ ਹਵਾਈ ਜਹਾਜ਼ ਦੀ ਆਵਾਜ਼ ਸੁਣ ਕੇ ਭੱਜ ਖੜ੍ਹਾ ਹੋਵੇ।" ਅਤੇ ਸੱਚ ਹੀ ਚੀ ਦੇ ਇੱਕ ਵੀ ਸਾਥੀ ਨੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ। 30 ਅਗਸਤ ਨੂੰ ਚੀ ਗਵੇਰਾ ਦੀ ਅੱਠਵੀਂ ਕਾਲਮ ਨੇ ਸੀਅਰਾ ਮੈਸਤੇਰਾ ਦੀਆਂ ਪਹਾੜੀਆਂ ਛੱਡ ਦਿੱਤੀਆਂ ਪਰ ਸ਼ੁਰੂ ਵਿੱਚ ਹੀ ਉਹਨਾਂ ਦੀ ਮੁੱਠਭੇੜ ਸਰਕਾਰੀ ਫੌਜਾਂ ਨਾਲ਼ ਹੋ ਗਈ, ਜਿਸ ਕਾਰਨ ਚੀ ਗਵੇਰਾ ਨੂੰ ਹਾਈਵੇ ਤੋਂ ਜਾਣ ਦਾ ਖਿਆਲ ਛੱਡਣਾ ਪਿਆ ਅਤੇ ਹਥਿਆਰਾਂ ਨਾਲ਼ ਭਰੇ ਕਈ ਟਰੱਕ ਜਲਾਉਣੇ ਪਏ ਤਾਂ ਕਿ ਉਹ ਦੁਸ਼ਮਣ ਦੇ ਹੱਥ ਨਾ ਆ ਜਾਣ। ਹੁਣ ਅੱਠਵੀਂ ਕਾਲਮ ਨੂੰ ਪੇਂਡੂ ਰਸਤਿਆਂ, ਜੰਗਲਾਂ, ਦਲਦਲਾਂ ਅਤੇ ਹੜ੍ਹਾਂ ਨਾਲ਼ ਛਲਕਦੇ ਦਰਿਆਵਾਂ ਨੂੰ ਪਾਰ ਕਰਨਾ ਪੈ ਰਿਹਾ ਸੀ ਅਤੇ ਨਾਲ਼ ਹੀ ਲਗਾਤਾਰ ਕੱਸਦੇ ਜਾ ਰਹੇ ਸਰਕਾਰੀ ਫੌਜਾਂ ਦੇ ਘੇਰੇ ਨੂੰ ਵਾਰ-ਵਾਰ ਤੋੜਕੇ ਅੱਗੇ ਵਧਣਾ ਪੈ ਰਿਹਾ ਸੀ। ਅੱਠਵੀਂ ਕਾਲਮ ਦੇ ਇਨਕਲਾਬੀਆਂ ਦਾ ਭੁੱਖ, ਪਾਣੀ ਨਾ ਮਿਲਣ ਕਰਕੇ ਅਤੇ ਉਨੀਂਦਰੇ ਨਾਲ਼ ਬੁਰਾ ਹਾਲ ਸੀ। ਉਤੋਂ ਬਾਰਿਸ਼ ਦਾ ਮੌਸਮ ਹੋਣ ਕਰਕੇ ਮੱਛਰਾਂ ਦੇ ਵੱਡੇ-ਵੱਡੇ ਝੁੰਡ ਵੀ ਡਾਹਢੀ ਪ੍ਰੇਸ਼ਾਨੀ ਖੜ੍ਹੀ ਕਰ ਰਹੇ ਸਨ। ਇੱਕ ਵਾਰ ਤਾਂ ਚੀ ਗਵੇਰਾ ਵੀ ਖੜ੍ਹਾ-ਖੜ੍ਹਾ ਡਿੱਗ ਪਿਆ ਅਤੇ ਸਾਥੀਆਂ ਵਿੱਚ ਇਕਦਮ ਘਬਰਾਹਟ ਫੈਲ ਗਈ। ਪਰ ਥੋੜ੍ਹੀ ਦੇਰ ਬਾਅਦ ਚੀ ਗਵੇਰਾ ਠੀਕ-ਠਾਕ ਹੋ ਗਿਆ ਅਤੇ ਪਤਾ ਲੱਗਿਆ ਕਿ ਉਹ ਪਿਛਲੇ 5-6 ਦਿਨਾਂ ਤੋਂ ਇੱਕ ਪਲ ਵੀ ਸੁੱਤਾ ਨਹੀਂ ਸੀ ਅਤੇ ਅਚਾਨਕ ਹੀ ਨੀਂਦ ਆਉਣ ਕਾਰਨ ਉਹ ਡਿੱਗ ਪਿਆ।

ਆਖਿਰ 18 ਅਕਤੂਬਰ, 1958 ਨੂੰ ਚੀ ਗਵੇਰਾ ਦੀ ਅੱਠਵੀਂ ਕਾਲਮ 600 ਕਿਲੋਮੀਟਰ ਦਾ ਰਸਤਾ ਪੈਦਲ ਚੱਲ ਕੇ ਆਪਣੇ ਪਹਿਲੇ ਪੜਾਅ ਐਸਕੈਂਬਰੇ ਦੀਆਂ ਪਹਾੜੀਆਂ ਤੱਕ ਪਹੁੰਚਣ ਵਿੱਚ ਸਫਲ ਹੋ ਗਈ। ਰਸਤੇ ਵਿੱਚ ਸੀਨਫਿਊਗੋਸ ਦੀ ਟੁਕੜੀ ਦੇ ਆ ਮਿਲਣ ਨਾਲ਼ ਅੱਠਵੀਂ ਕਾਲਮ ਦੀ ਤਾਕਤ ਵੱਧ ਕੇ 200 ਆਦਮੀਆਂ ਤੋਂ ਉੱਪਰ ਹੋ ਗਈ ਸੀ।

ਲਾ ਵਿਲਾ ਪ੍ਰਾਂਤ ਵਿੱਚ ਬੈਟਿਸਟਾ-ਵਿਰੋਧੀ ਵੱਖ-ਵੱਖ ਗੁਰੀਲਾ ਗਰੁੱਪਾਂ ਦੀ ਕਾਫ਼ੀ ਗਿਣਤੀ ਸੀ। ਚੀ ਨੇ ਇਹਨਾਂ ਸਾਰੇ ਗਰੁੱਪਾਂ ਨੂੰ ਇਕੱਠੇ ਕਰਨ ਲਈ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਪਰ ਸਿਰਫ਼ ਸੋਸ਼ਲਿਸਟ ਪਾਰਟੀ ਦਾ ਗੁਰੀਲਾ ਗਰੁੱਪ ਹੀ ਉਹਨਾਂ ਦੇ ਪ੍ਰੋਗਰਾਮ ਨਾਲ਼ ਸਹਿਮਤ ਹੋਇਆ। ਚੀ ਗਵੇਰਾ ਨੇ ਆਪਣੇ ਪੈਰ ਪੱਕੇ ਕਰਦੇ ਹੀ ਜ਼ਮੀਨੀ ਸੁਧਾਰਾਂ ਨੂੰ ਲਾ ਵਿਲਾ ਪ੍ਰਾਂਤ ਵਿੱਚ ਲਾਗੂ ਕਰਨ ਦਾ ਹੁਕਮ ਦੇ ਦਿੱਤਾ। ਇਸ ਦੇ ਨਾਲ਼ ਹੀ 3 ਨਵੰਬਰ ਨੂੰ ਬੈਟਿਸਟਾ ਸਰਕਾਰ ਦੁਆਰਾ ਕਰਵਾਈਆਂ ਜਾ ਰਹੀਆਂ ਚੋਣਾਂ ਨੂੰ ਅਸਫਲ ਬਣਾਉਣ ਲਈ ਇਨਕਲਾਬੀਆਂ ਨੇ ਸਰਕਾਰੀ ਫੌਜ ਦੀਆਂ ਚੌਕੀਆਂ ਨੂੰ ਖਦੇੜਨਾ ਸ਼ੁਰੂ ਕਰ ਦਿੱਤਾ। ਦਸੰਬਰ ਦੇ ਅੱਧ ਤੱਕ ਆਉਂਦੇ-ਆਉਂਦੇ ਚੀ ਗਵੇਰਾ ਨੇ ਲਾ ਵਿਲਾ ਪ੍ਰਾਂਤ ਦੀ ਰਾਜਧਾਨੀ ਸਾਂਟਾ ਕਲਾਰਾ 'ਤੇ ਕਬਜ਼ਾ ਕਰਨ ਲਈ ਅੱਗੇ ਵਧਣਾ ਸ਼ੁਰੂ ਕੀਤਾ। ਫੋਮੈਂਟੋ, ਕੈਂਬੀਗੁਆਨ, ਪਲਾਸੀਟਸ ਅਤੇ ਸੈਂਕਟੀ ਸਪਿਰਿਟਸ ਜਿਹੇ ਸ਼ਹਿਰਾਂ 'ਤੇ ਕਬਜਾ ਕਰਦਾ ਹੋਇਆ ਚੀ ਗਵੇਰਾ ਆਪਣੇ ਇਨਕਲਾਬੀਆਂ ਸਮੇਤ 27 ਦਸੰਬਰ ਨੂੰ ਸਾਂਟਾ ਕਲਾਰਾ ਦੀ ਯੂਨੀਵਰਸਿਟੀ ਕੈਂਪਸ ਵਿੱਚ ਪਹੁੰਚ ਗਿਆ ਜੋ ਕਿ ਸ਼ਹਿਰ ਤੋਂ 2 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਸੀ। 28 ਦਸੰਬਰ ਦੁਪਹਿਰ ਨੂੰ ਲੜਾਈ ਸ਼ੁਰੂ ਹੋ ਗਈ। ਦੁਸ਼ਮਣ ਨੇ ਸ਼ਹਿਰ ਦੀਆਂ ਪ੍ਰਮੁੱਖ ਇਮਾਰਤਾਂ ਵਿੱਚ ਜ਼ਬਰਦਸਤ ਮੋਰਚੇਬੰਦੀ ਕਰ ਰੱਖੀ ਸੀ ਪਰ ਮੋਰਚੇਬੰਦੀ ਅਤੇ ਹਥਿਆਰਾਂ ਦੀ ਬਿਹਤਰੀ ਵੀ ਸਰਕਾਰੀ ਫੌਜਾਂ ਦੇ ਡਿੱਗਦੇ ਹੌਂਸਲੇ ਨੂੰ ਠੁੰਮਣਾ ਨਾ ਦੇ ਸਕੀ। ਇਸੇ ਦੌਰਾਨ 31 ਦਸੰਬਰ ਨੂੰ ਡਿਕਟੇਟਰ ਬੈਟਿਸਟਾ ਆਪਣੀ ਹਾਰ ਨੂੰ ਸਾਹਮਣੇ ਵੇਖਦੇ ਹੋਏ ਆਪਣੇ 124 ਮੰਤਰੀ ਅਤੇ ਜਨਰਲਾਂ ਦੀ ਟੁਕੜੀ ਨੂੰ ਲੈ ਕੇ ਅਮਰੀਕਾ ਭੱਜ ਨਿਕਲਿਆ। ਇਹ ਸਭ ਕੁਝ ਸੁਣਦੇ ਹੀ ਸਾਂਟਾ ਕਲਾਰਾ ਦੀ ਸਰਕਾਰੀ ਫੌਜ ਨੇ ਆਤਮ-ਸਮਰਪਣ ਕਰ ਦਿੱਤਾ ਅਤੇ 1 ਜਨਵਰੀ, 1959 ਦੀ ਦੁਪਹਿਰ ਤੱਕ ਪੂਰਾ ਸ਼ਹਿਰ ਇਨਕਲਾਬੀਆਂ ਦੀ ਕਮਾਂਡ ਹੇਠ ਸੀ। 2 ਜਨਵਰੀ ਦੀ ਸਵੇਰ ਨੂੰ ਸ਼ਹਿਰ ਨਿਵਾਸੀਆਂ ਦੇ ਨਾਂ ਅਪੀਲ ਜਾਰੀ ਕਰਕੇ ਚੀ ਗਵੇਰਾ ਹਵਾਨ ਵੱਲ ਚੱਲ ਪਿਆ।

ਸੜਕ ਦੇ ਨਾਲ਼ ਹਜ਼ਾਰਾਂ-ਲੱਖਾਂ ਲੋਕਾਂ ਨੇ ਖੁਸ਼ੀ ਅਤੇ ਜੋਸ਼ ਨਾਲ਼ ਇਨਕਲਾਬੀਆਂ ਦਾ ਸਵਾਗਤ ਕੀਤਾ।

2 ਜਨਵਰੀ ਸ਼ਾਮ ਤੱਕ ਚੀ ਗਵੇਰਾ ਦੀ ਅੱਠਵੀਂ ਕਾਲਮ ਨੇ ਹਵਾਨਾ ਬੰਦਰਗਾਹ ਅਤੇ ਇਸ ਤੇ ਬਣੇ ਸਪੇਨੀ ਲਾ ਕਥਾਲਾ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਇਸੇ ਦੌਰਾਨ ਸੀਨਫਿਊਗੋਸ ਦੀ ਕਾਲਮ ਨੇ ਕੋਲੰਬੀਆਂ ਲਿਟਰੀ ਏਰੀਆ 'ਤੇ ਕਬਜ਼ਾ ਕਰ ਲਿਆ। ਸ਼ਹਿਰ ਦੀ ਪੁਲਿਸ ਅਤੇ ਸਰਕਾਰੀ ਫੌਜ ਨੂੰ ਹਥਿਆਰ-ਰਹਿਤ ਕਰਕੇ ਘਰਾਂ ਨੂੰ ਭੇਜ ਦਿੱਤਾ ਗਿਆ ਅਤੇ ਬਟਿਸਟਾ ਸਰਕਾਰ ਦੇ ਪਿੱਠੂਆਂ ਨੂੰ ਲਾ ਕਬਾਨਾ ਕਿਲ੍ਹੇ ਵਿੱਚ ਬੰਦ ਕਰ ਦਿੱਤਾ ਗਿਆ।

8 ਜਨਵਰੀ ਨੂੰ ਫਿਡੇਲ ਕਾਸਤਰੋ ਵੀ ਹਵਾਨਾ ਪਹੁੰਚ ਗਿਆ ਅਤੇ ਆਰਜ਼ੀ ਸਰਕਾਰ ਦੀ ਸਥਾਪਨਾ ਕੀਤੀ ਗਈ। 9 ਫਰਵਰੀ ਨੂੰ ਚੀ ਗਵੇਰਾ ਨੂੰ ਕਿਊਬਨ ਨਾਗਰਿਕਤਾ ਦੇ ਦਿੱਤੀ ਗਈ। ਇਸ ਤੋਂ ਬਾਅਦ ਚੀ ਗਵੇਰਾ ਨੇ ਲਗਾਤਾਰ ਕਿਊਬਾ ਦੇ ਪ੍ਰਤੀਨਿੱਧ ਦੇ ਤੌਰ 'ਤੇ ਅਨੇਕਾਂ ਦੇਸ਼ਾਂ ਦਾ ਦੌਰਾ ਕੀਤਾ ਅਤੇ ਸੋਵੀਅਤ ਕਿਊਬਾ ਮਿੱਤਰਤਾ ਅਤੇ ਵਪਾਰਕ ਸਮਝੌਤੇ ਵਿੱਚ ਅਹਿਮ ਯੋਗਦਾਨ ਪਾਇਆ। 9 ਅਕਤੂਬਰ, 1959 ਨੂੰ ਚੀ ਗਵੇਰਾ ਨੂੰ ਉਦਯੋਗ ਵਿਭਾਗ ਦਾ ਮੁਖੀ ਬਣਾਇਆ ਗਿਆ ਅਤੇ ਥੋੜ੍ਹੇ ਸਮੇਂ ਬਾਅਦ ਹੀ ਨੈਸ਼ਨਲ ਬੈਂਕ ਦਾ ਮੁਖੀ ਵੀ ਬਣਾ ਦਿੱਤਾ ਗਿਆ। ਇਸੇ ਸਮੇਂ ਦੌਰਾਨ ਚੀ ਗਵੇਰਾ ਦਾ ਵਿਆਹ ਅਲੀਦਾ ਮਾਰਚ ਨਾਲ਼ ਹੋਇਆ ਜੋ ਕਿ ਐਸਕੈਪਰੇ ਦੀਆਂ ਪਹਾੜੀਆਂ ਵਿੱਚ ਗੁਰੀਲਿਆਂ ਨਾਲ਼ ਆ ਜੁੜੀ ਸੀ ਅਤੇ ਹਵਾਨਾ ਤੱਕ ਦੀ ਮੁਹਿੰਮ ਨਾਲ਼ ਚੀ ਗਵੇਰਾ ਦੀ ਅੱਠਵੀਂ ਕਾਲਮ ਦੀ ਸਰਗਰਮ ਮੈਂਬਰ ਰਹੀ ਸੀ। 17 ਅਪ੍ਰੈਲ, 1961 ਨੂੰ ਅਮਰੀਕਾ ਦੇ ਭਾੜੇ ਦੇ ਘੁਸਪੈਠੀਆਂ ਨੇ 'ਬੇ ਆਫ਼ ਪਿਗਜ਼' ਨਾਂ ਦੇ ਸਮੁੰਦਰੀ ਤੱਟ ਤੋਂ ਕਿਊਬਾ ਵਿੱਚ ਘੁਸਣ ਦੀ ਕੋਸ਼ਿਸ਼ ਕੀਤੀ ਪਰ ਚੀ ਗਵੇਰਾ ਦੀ ਅਗਵਾਈ ਵਿੱਚ ਕਿਊਬਾ ਦੇ ਲੋਕਾਂ ਨੇ ਇਸ ਕੋਸ਼ਿਸ਼ ਨੂੰ ਨਾਕਾਮ ਬਣਾ ਦਿੱਤਾ ਅਤੇ ਦੁਸ਼ਮਣ ਨੂੰ ਮੂੰਹ ਦੀ ਖਾਣੀ ਪਈ।

ਆਪਣੇ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦੇ ਸਮੇਂ ਚੀ ਗਵੇਰਾ ਦੀ ਹਮੇਸ਼ਾਂ ਇਹ ਕੋਸ਼ਿਸ਼ ਰਹੀ ਕਿ ਕਿਊਬਾ ਨੂੰ ਇੱਕ ਆਤਮ-ਨਿਰਭਰ ਦੇਸ਼ ਬਣਨਾ ਚਾਹੀਦਾ ਹੈ, ਉਸ ਨੂੰ ਅਮਰੀਕਾ ਦੀ ਨਿਰਭਰਤਾ 'ਚੋਂ ਨਿਕਲ ਕੇ ਸੋਵੀਅਤ ਰੂਸ ਦੀ ਨਿਰਭਰਤਾ ਦੇ ਜਾਲ ਵਿੱਚ ਨਹੀਂ ਫਸਣਾ ਚਾਹੀਦਾ। ਇਸ ਲਈ ਚੀ ਗਵੇਰਾ ਨੇ ਕਿਊਬਾ ਨੂੰ ਤੇਜ਼ੀ ਨਾਲ਼ ਉਦਯੋਗੀਕ੍ਰਿਤ ਦੇਸ਼ ਬਣਾਉਣ ਦੀ ਕੋਸ਼ਿਸ਼ ਆਰੰਭ ਦਿੱਤੀ ਪਰੰਤੂ ਤਕਨੀਕ ਦਾ ਪਛੜੇਵਾਂਪਨ, ਸਟੀਲ ਦੀ ਘਾਟ ਅਤੇ ਤਜਰਬੇਕਾਰ ਤਕਨੀਕੀ ਮਾਹਿਰਾਂ ਦੀ ਘਾਟ ਕਾਰਨ ਇਹ ਉਨੀ ਜਲਦੀ ਨਾ ਹੋ ਸਕਿਆ ਜਿੰਨਾ ਕਿ ਚੀ ਗਵੇਰਾ ਚਾਹੁੰਦਾ ਸੀ।

ਇਸੇ ਦੌਰਾਨ ਕਿਊਬਾ ਸਰਕਾਰ ਦੀ ਕੌਮੀਕਰਨ ਦੀ ਮੁਹਿੰਮ ਨੇ ਅਮਰੀਕਾ 'ਤੇ ਕਿਊਬਾ ਦੇ ਰਿਸ਼ਤਿਆਂ ਵਿੱਚ ਬਹੁਤ ਜ਼ਿਆਦਾ ਕੁੜੱਤਣ ਪੈਦਾ ਕਰ ਦਿੱਤੀ। ਅਕਤੂਬਰ, 1962 ਵਿੱਚ 'ਕਿਊਬਨ ਮਿਜ਼ਾਈਲ ਸੰਕਟ' ਨੇ ਤਾਂ ਇੱਕ ਵਾਰ ਦੋ ਮਹਾਂ-ਸ਼ਕਤੀਆਂ ਨੂੰ ਜੰਗ ਦੇ ਕੰਢੇ ਲਿਆ ਖੜਾ ਕਰ ਦਿੱਤਾ ਪਰ ਖਰੁਸ਼ਚੇਵ ਸੋਧਵਾਦੀ ਮੰਡਲੀ ਦੇ ਗੋਡੇ ਟੇਕਣ ਨਾਲ਼ ਇਹ ਸੰਕਟ ਖਤਮ ਹੋ ਗਿਆ ਅਤੇ ਖਰੁਸ਼ਚੇਵ ਨੇ 'ਸ਼ਾਂਤਮਈ ਸਹਿਹੋਂਦ' ਦਾ ਆਪਣਾ ਪੁਰਾਣਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ। ਕਿਊਬਨ ਨੇਤਾਵਾਂ ਵਿੱਚੋਂ ਇਕੱਲੇ ਚੀ ਗਵੇਰਾ ਇਸ ਰਾਗ ਦੀ ਜਨਤਕ ਤੌਰ 'ਤੇ ਅਲੋਚਨਾ ਕੀਤੀ ਅਤੇ ਸਾਮਰਾਜਵਾਦ ਅਤੇ ਸਮਾਜਵਾਦ ਵਿਚਕਾਰ ਕਿਸੇ ਵੀ ਤਰ੍ਹਾਂ ਦੀ ਸ਼ਾਂਤਮਈ ਸਹਿਹੋਂਦ ਸਿਰੇ ਤੋਂ ਨਕਾਰ ਦਿੱਤੀ।

ਚੀ ਗਵੇਰਾ ਦਾ ਦ੍ਰਿੜ ਵਿਸ਼ਵਾਸ ਸੀ ਕਿ ਸਾਮਰਾਜਵਾਦ ਨੂੰ ਖਤਮ ਕਰਕੇ ਅਤੇ ਸਮਾਜਵਾਦ ਦੀ ਸਥਾਪਨਾ ਨਾਲ਼ ਹੀ ਸ਼ੋਸ਼ਣ, ਗਰੀਬੀ, ਮਹਾਂ-ਮਾਰੀਆਂ, ਭੁੱਖਮਰੀ ਦਾ ਖਾਤਮਾ ਕੀਤਾ ਜਾ ਸਕਦਾ ਹੈ, ਇਸ ਲਈ ਜ਼ਰੂਰੀ ਹੈ ਇਨਕਲਾਬ। ਇਸ ਲਈ ਚੀ ਗਵੇਰਾ ਦੀ ਇੱਛਾ ਹੁੰਦੀ ਕਿ ਜਿਥੇ ਕਿਤੇ ਵੀ ਸਾਮਰਾਜਵਾਦ ਖਿਲਾਫ਼ ਲੜਾਈ ਚੱਲ ਰਹੀ ਹੋਵੇ, ਉਹ ਵੀ ਉਸ ਵਿੱਚ ਸ਼ਾਮਲ ਹੋਵੇ। ਚੀ ਗਵੇਰਾ ਅਤੇ ਕਿਊਬਾ ਸਰਕਾਰ ਨੇ ਦੇਸ਼-ਆਜ਼ਾਦੀ ਦੀਆਂ ਚੱਲ ਰਹੀਆਂ ਜੰਗਾਂ ਵਿੱਚ ਬਸਤੀਆਂ ਬਣੇ ਪਛੜੇ ਦੇਸ਼ਾਂ ਦੀ ਹਰ ਤਰ੍ਹਾਂ ਨਾਲ਼ ਮਦਦ ਕੀਤੀ। ਚੀ ਗਵੇਰਾ ਚਾਹੁੰਦਾ ਸੀ ਕਿ ਪੂਰੀ ਦੁਨੀਆਂ ਵਿੱਚ ਸਾਮਰਾਜਵਾਦ ਖਾਸ ਕਰਕੇ ਅਮਰੀਕੀ ਸਾਮਰਾਜਵਾਦ ਖਿਲਾਫ਼ ਅਨੇਕਾਂ ਮੁਹਾਜ਼ ਖੋਲ੍ਹ ਦਿੱਤੇ ਜਾਣ। ਇਸ ਤਰ੍ਹਾਂ ਨਾਲ਼ ਇੱਕ ਤਾਂ ਅਮਰੀਕਾ ਦੁਆਰਾ ਕਿਊਬਾ ਤੇ ਹੋਣ ਵਾਲ਼ੇ ਸੰਭਾਵੀ ਹਮਲੇ ਤੋਂ ਬਚਿਆ ਜਾ ਸਕੇਗਾ ਸਗੋਂ ਹੋਰ ਲਾਤੀਨੀ ਅਮਰੀਕਾ ਦੇ ਮੁਲਕਾਂ ਵਿੱਚ ਇਨਕਲਾਬ ਆਉਣ ਨਾਲ਼ ਕਿਊਬਾ ਲਾਤੀਨੀ ਮੁਲਕਾਂ ਨਾਲ਼ ਹੋਰ ਵੱਧ ਤੋਂ ਵੱਧ ਵਪਾਰ ਕਰ ਸਕੇਗਾ ਅਤੇ ਮਾਸਕੋ 'ਤੇ ਆਪਣੀ ਨਿਰਭਰਤਾ ਖਤਮ ਕਰ ਸਕੇਗਾ। ਇਹਨਾਂ ਕਾਰਨਾਂ ਦੇ ਨਾਲ਼ ਹੀ ਚੀ ਗਵੇਰਾ ਦੀ ਲੁੱਟ-ਦਾਬੇ ਦੇ ਸ਼ਿਕਾਰ ਲੋਕਾਂ ਲਈ ਲੜਨ ਮਰਨ ਦੀ ਭਾਵਨਾ ਵੀ ਉਸ ਨੂੰ ਇੱਕ ਵਾਰ ਫੇਰ ਗੁਰੀਲਾ ਯੁੱਧ ਵਿੱਚ ਨਿਤਰਨ ਲਈ ਪ੍ਰੇਰ ਰਹੀ ਸੀ। ਸ਼ੁਰੂ ਵਿੱਚ ਚੀ ਗਵੇਰਾ ਨੇ ਆਪਣੇ ਸਾਥੀਆਂ ਨੂੰ ਵੱਖ-ਵੱਖ ਦੇਸ਼ਾਂ ਵਿੱਚ ਗੁਰੀਲਾ ਯੁੱਧ ਸ਼ੁਰੂ ਕਰਨ ਲਈ ਭੇਜਿਆ ਜਿਨਾਂ ਵਿੱਚ ਅਰਜਨਟਾਈਨ, ਪੇਰੂ, ਵੈਨਜ਼ੁਏਲਾ, ਗੁਆਟੇਮਾਲਾ, ਅਲਜੀਰੀਆ ਆਦਿ ਸ਼ਾਮਿਲ ਸਨ।

1963-64 ਦੇ ਸਾਲਾਂ ਦੌਰਾਨ ਚੀ ਗਵੇਰਾ ਅਫ਼ਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਪਛੜੇ ਮੁਲਕਾਂ ਦਾ ਦੌਰਾ ਕੀਤਾ। ਇਸੇ ਦੌਰਾਨ ਦਸੰਬਰ, 1964 ਨੂੰ ਚੀ ਗਵੇਰਾ ਨੇ ਨਿਊਯਾਰਕ ਵਿੱਚ ਯੂ. ਐੱਨ. ਜਰਨਲ ਅਸੈਂਬਲੀ ਵਿੱਚ ਕਿਊਬਾ ਦੇ ਪ੍ਰਤਿਨਿਧ ਮੰਡਲ ਦੀ ਪ੍ਰਧਾਨਗੀ ਕੀਤੀ। ਆਪਣੇ ਭਾਸ਼ਣ ਵਿੱਚ ਚੀ ਨੇ ਪੱਛਮੀ ਸਾਮਰਾਜਵਾਦ ਨੂੰ ਇੱਕ ਆਦਮਖ਼ੋਰ ਜਾਨਵਰ ਦੱਸਿਆ ਅਤੇ ਸੰਸਾਰ ਦੇ ਸਾਰੇ ਸੱਭਿਅਕ ਲੋਕਾਂ ਨੂੰ ਕਾਂਗੋ ਵਿੱਚ ਇਸ ਦੁਆਰਾ ਕੀਤੇ ਗਏ ਅਪਰਾਧਾਂ ਦਾ ਬਦਲਾ ਲੈਣ ਲਈ ਸੱਦਾ ਦਿੱਤਾ।

ਕਿਊਬਾ ਵਿੱਚ ਇਨਕਲਾਬ ਤੋਂ ਬਾਅਦ ਆਪਣੇ ਠਹਿਰਾਅ ਦੌਰਾਨ ਚੀ ਗਵੇਰਾ ਨੇ ਕਦੇ ਵੀ ਆਪਣੇ ਰੈਂਕ ਅਨੁਸਾਰ

ਤਨਖਾਹ ਨਹੀਂ ਲਈ, ਉਹ ਹਮੇਸ਼ਾਂ ਇੱਕ ਸਾਧਾਰਨ ਸਿਪਾਹੀ ਜਿੰਨੀ ਤਨਖਾਹ 'ਤੇ ਕੰਮ ਕਰਦਾ ਰਿਹਾ ਅਤੇ ਨਾ ਹੀ ਆਪਣੇ ਪਰਿਵਾਰ ਲਈ ਕੋਈ ਸਪੈਸ਼ਲ ਸਹੂਲਤ ਦੀ ਮੰਗ ਕੀਤੀ। ਇੱਕ ਵਾਰ ਜਦੋਂ, ਕਿਊਬਾ ਵਿੱਚ ਵਪਾਰਕ ਪਾਬੰਦੀਆਂ ਦੇ ਚਲਦੇ ਖ਼ੁਰਾਕ-ਪਦਾਰਥਾਂ ਦੀ ਕਮੀ ਹੋ ਗਈ ਤਾਂ ਕਿਊਬਾ ਸਰਕਾਰ ਨੇ ਲੋਕਾਂ ਲਈ ਰਾਸ਼ਨ ਦੀ ਹੱਦ ਤਹਿ ਕਰ ਦਿੱਤੀ। ਕਿਸੇ ਅਧਿਕਾਰੀ ਨੇ ਇੱਕ ਆਮ ਮੀਟਿੰਗ ਦੌਰਾਨ ਰਾਸ਼ਨ ਦੇ ਕੋਟੇ ਦੀ ਕਮੀ ਹੋਣ ਦੀ ਸ਼ਿਕਾਇਤ ਕੀਤੀ ਤਾਂ ਚੀ ਗਵੇਰਾ ਨੇ ਕਿਹਾ ਕਿ ਉਸ ਨੂੰ ਤਾਂ ਆਪਣੇ ਪਰਿਵਾਰ ਵਿੱਚ ਕੋਈ ਕਿੱਲਤ ਨਜ਼ਰ ਨਹੀਂ ਆਈ ਅਤੇ ਨਾਲ਼ ਹੀ ਉਸ ਨੇ ਘਰ ਜਾ ਕੇ ਆਪਣੇ ਕੋਟੇ ਦੀ ਜਾਂਚ-ਪੜਤਾਲ ਕੀਤੀ। ਉਸ ਨੂੰ ਪਤਾ ਲੱਗਿਆ ਕਿ ਉਸ ਨੂੰ ਮੰਤਰੀ ਹੋਣ ਕਰਕੇ ਸਪੈਸ਼ਲ ਰਾਸ਼ਨ ਕੋਟਾ ਦਿੱਤਾ ਜਾ ਰਿਹਾ ਸੀ ਤਾਂ ਉਸ ਨੇ ਤੁਰੰਤ ਸਾਧਾਰਨ ਨਾਗਰਿਕ ਜਿੰਨਾ ਕੋਟਾ ਜਾਰੀ ਕਰਨ ਲਈ ਕਹਿ ਦਿੱਤਾ।

ਚੀ ਨੂੰ ਆਪਣਾ ਕੰਮ ਇੰਨਾ ਪਿਆਰਾ ਸੀ ਕਿ ਉਹ ਦੁਪਹਿਰ ਦੇ ਖਾਣੇ ਲਈ ਰੱਖੇ ਸਮੇਂ ਨੂੰ ਵੀ ਸਮੇਂ ਦੀ ਖਰਾਬੀ ਕਹਿੰਦਾ ਅਤੇ ਆਪਣਾ ਖਾਣਾ ਕੰਮ ਕਰਦੇ-ਕਰਦੇ ਖਾਂਦਾ। ਪੂਰਾ ਹਫ਼ਤਾ ਆਪਣੇ ਵਿਭਾਗਾਂ ਦਾ ਕੰਮ ਕਰਨ ਤੋਂ ਬਾਅਦ ਐਤਵਾਰ ਨੂੰ ਸਵੇਰੇ ਹੀ ਉਹ 'ਵਲੰਟੀਅਰ ਲੇਬਰ' ਨਾਂ 'ਤੇ ਸ਼ੁਰੂ ਕੀਤੇ ਆਪਣੇ ਪ੍ਰੋਗਰਾਮ ਅਧੀਨ ਕੰਮ ਕਰਨ ਚਲਾ ਜਾਂਦਾ। ਚੀ ਗਵੇਰਾ ਨੇ ਉਸਾਰੀ ਦੇ ਕੰਮ ਤੋਂ ਲੈ ਕੇ ਗੰਨਾ ਕੱਟਣ, ਟਰੈਕਟਰ ਚਲਾਉਣ ਅਤੇ ਬੰਦਰਗਾਹ 'ਤੇ ਸਾਮਾਨ ਢੋਣ ਤੱਕ ਦਾ ਹਰ ਕੰਮ ਆਮ ਕਿਰਤੀਆਂ ਦੇ ਮੋਢੇ ਨਾਲ਼ ਮੋਢਾ ਜੋੜ ਕੇ ਕੀਤਾ। ਚੀ ਗਵੇਰਾ ਦਾ ਖਿਆਲ ਸੀ ਕਿ ਸਮਾਜਵਾਦ ਦੌਰਾਨ ਇੱਕ ਸਮਾਜਵਾਦੀ ਆਤਮਾ ਵਾਲ਼ੇ ਮਨੁੱਖ ਦਾ ਵਿਕਾਸ ਹੋਣਾ ਵੀ ਬਹੁਤ ਜ਼ਰੂਰੀ ਹੈ ਜੋ ਕਿ ਸਿਰਫ਼ ਆਪਣੀਆਂ ਨਿੱਜੀ ਲੋੜਾਂ ਲਈ ਨਹੀਂ ਸਗੋਂ ਨਵੇਂ ਸਮਾਜ ਅਤੇ ਦੇਸ਼ ਦੀ ਉਸਾਰੀ ਲਈ ਕੰਮ ਕਰੇ।

ਆਖਿਰ ਉਹ ਸਮਾਂ ਵੀ ਆ ਗਿਆ ਜਦੋਂ ਚੀ ਗਵੇਰਾ ਨੇ ਕਿਊਬਾ ਛੱਡਣ ਦਾ ਮਨ ਬਣਾ ਲਿਆ। 1 ਅਪ੍ਰੈਲ, 1965 ਨੂੰ ਆਪਣੇ ਮਾਪਿਆਂ, ਬੱਚਿਆਂ, ਫਿਡੇਲ ਅਤੇ ਕਿਊਬਾ ਵਾਸੀਆਂ ਦੇ ਨਾਂ ਵਿਦਾਇਗੀ ਪੱਤਰ ਲਿਖਕੇ ਚੀ ਗਵੇਰਾ ਸਾਮਰਾਜੀਆਂ ਦੇ ਲਿਤਾੜੇ ਦਰੜੇ ਲੋਕਾਂ ਦੀਆਂ ਮੂਹਰਲੀਆਂ ਸਫ਼ਾਂ ਵਿੱਚ ਲੜਨ ਲਈ ਜਨਤਕ ਦ੍ਰਿਸ਼ ਤੋਂ ਅਲੋਪ ਹੋ ਗਿਆ। ਇੱਕ ਗੰਭੀਰ, ਕਲੀਨ ਸ਼ੇਵਨ, ਚਸ਼ਮਾ ਪਹਿਨੇ ਰਾਮੋਨ ਬੈਨੀਟੇਜ਼ ਦੇ ਨਾਮ ਹੇਠ ਚੀ ਗਵੇਰਾ ਕਾਂਗੋ ਜਾ ਪਹੁੰਚਿਆ। ਪਰ ਕਾਂਗੋ ਦੇ ਬਾਗੀਆਂ ਵਿੱਚ ਰਾਜਨੀਤਕ ਸੂਝ, ਸਥਿਰਤਾ ਅਤੇ ਦ੍ਰਿੜ ਨਿਸ਼ਚੇ ਦੀ ਘਾਟ ਕਾਰਨ ਛੇਤੀ ਹੀ ਚੀ ਗਵੇਰਾ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ। ਬਾਗੀਆਂ ਵਿੱਚੋਂ ਰੰਗਰੂਟਾਂ ਦੇ ਭੱਜ ਜਾਣ ਦੇ ਸਿਲਸਿਲੇ ਨੂੰ ਦੇਖਕੇ ਚੀ ਗਵੇਰਾ ਦੇ ਕਿਊਬਨ ਸਾਥੀਆਂ ਦਾ ਹੌਸਲਾ ਪਸਤ ਹੋਣ ਲੱਗਿਆ। ਅੰਤ ਇਸੇ ਨਿਰਾਸ਼ਾ ਦੇ ਮਾਹੌਲ ਵਿੱਚ ਸਾਮਰਾਜੀ ਸੈਨਾਵਾਂ ਦੇ ਕਸਦੇ ਸ਼ਿਕੰਜੇ ਨੂੰ ਧਿਆਨ ਵਿੱਚ ਰੱਖਦੇ ਹੋਏ ਛੇ ਮਹੀਨੇ ਬਾਅਦ ਹੀ ਚੀ ਗਵੇਰਾ ਨੇ ਵਾਪਸ ਪਰਤਣ ਦਾ ਮਨ ਬਣਾ ਲਿਆ। ਵਾਪਸ ਕਿਊਬਾ ਆਉਣ 'ਤੇ ਵੀ ਉਸ ਨੇ ਜਨਤਕ ਹੋਣਾ ਠੀਕ ਨਹੀਂ ਸਮਝਿਆ ਅਤੇ ਇਥੋਂ ਹੀ ਗੁਪਤ ਰੂਪ ਵਿੱਚ ਬੋਲੀਵੀਆ ਵਿੱਚ ਅਮਰੀਕੀ ਸਾਮਰਾਜ ਦੇ ਵਿਰੁੱਧ ਗੁਰੀਲਾ ਜੰਗ ਦਾ ਮੋਰਚਾ ਖੋਲ੍ਹਣ ਲਈ ਚੱਲ ਪਿਆ।

3 ਨਵੰਬਰ, 1966 ਨੂੰ ਚੀ ਗਵੇਰਾ ਇੱਕ ਵਾਰ ਫੇਰ ਇੱਕ ਉਰੂਗੇਵੀਅਨ ਵਪਾਰੀ ਦੇ ਭੇਸ ਵਿੱਚ ਬੋਲੀਵੀਆ ਦੀ ਰਾਜਧਾਨੀ ਲਾ ਪਾਜ ਪਹੁੰਚ ਗਿਆ ਜਿਥੋਂ ਉਹ ਕੁੱਝ ਦਿਨਾਂ ਬਾਅਦ ਹੀ 'ਨਾਨਕਾਹੋਸੂ' ਨਾਂ ਦੇ ਜੰਗਲੀ ਪਹਾੜੀ ਇਲਾਕੇ ਵਿੱਚ ਪਹੁੰਚ ਗਿਆ। ਇਹ ਉਹੀ ਇਲਾਕਾ ਸੀ ਜਿੱਥੇ ਚੀ ਗਵੇਰਾ ਨੇ ਆਪਣਾ ਬੇਸ ਕੈਂਪ ਖੜ੍ਹਾ ਕਰਨਾ ਸੀ। ਸ਼ੁਰੂ ਦੇ ਇੱਕ-ਦੋ ਮਹੀਨਿਆਂ ਤੱਕ ਸਾਰਾ ਕੁਝ ਯੋਜਨਾ ਮੁਤਾਬਕ ਚੱਲਦਾ ਰਿਹਾ ਭਾਵੇਂ ਚੀ ਗਵੇਰਾ ਦੇ ਸਾਥੀਆਂ ਵਿੱਚ ਅਨੁਸ਼ਾਸਨ ਦੀ ਕਾਫ਼ੀ ਘਾਟ ਸੀ।

ਮਾਰਚ, 1967 ਦੇ ਦੂਸਰੇ-ਤੀਸਰੇ ਹਫ਼ਤੇ ਦੇ ਕਰੀਬ ਚੀ ਗਵੇਰਾ ਦੀ ਗੁਰੀਲਾ ਯੂਨਿਟ ਦੇ ਦੋ ਸਾਥੀ ਮਿਲਟਰੀ ਦੇ ਹੱਥ ਆ ਗਏ। ਉਹਨਾਂ ਨੇ ਸਾਰਾ ਕੁੱਝ ਦੱਸ ਦਿੱਤਾ। ਇਸ ਤਰ੍ਹਾਂ ਪੂਰੀ ਤਿਆਰੀ ਤੋਂ ਪਹਿਲਾਂ ਹੀ ਗੁਰੀਲਾ ਕੈਂਪ ਸਰਕਾਰ ਦੀਆਂ ਨਜ਼ਰਾਂ ਵਿੱਚ ਆ ਗਿਆ ਅਤੇ ਕੈਂਪ ਵਿੱਚ ਚੀ ਗਵੇਰਾ ਦੇ ਹੋਣ ਬਾਰੇ ਕਿਆਸਰਾਈਆਂ ਲੱਗਣੀਆਂ ਸ਼ੁਰੂ ਹੋ ਗਈਆਂ। ਬੋਲੀਵੀਆ ਦੀ ਫੌਜ ਨੇ ਗੁਰੀਲਾ ਕੈਂਪ ਨੂੰ ਘੇਰਨਾ ਸ਼ੁਰੂ ਕਰ ਦਿੱਤਾ। ਮਾਰਚ ਦੇ ਦੂਸਰੇ ਅੱਧ ਤੋਂ ਹੀ ਗੁਰੀਲਿਆਂ ਤੇ ਮਿਲਟਰੀ ਦੀਆਂ ਝੜਪਾਂ ਹੋਣੀਆਂ ਸ਼ੁਰੂ ਹੋ ਗਈਆਂ। ਗੁਰੀਲਿਆਂ ਕੋਲ਼ ਆਪਣਾ ਕੈਂਪ ਛੱਡਣ ਤੇ ਕਿਸੇ ਦੂਸਰੀ ਜਗ੍ਹਾ ਚਲੇ ਜਾਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਪਰ ਹੁਣ ਹਰ ਜਗ੍ਹਾ ਮਿਲਟਰੀ ਮੌਜੂਦ ਸੀ। ਅਗਸਤ ਆਉਂਦੇ-ਆਉਂਦੇ ਚੀ ਗਵੇਰਾ ਦੀ ਯੂਨਿਟ ਦੇ ਬਹੁਤੇ ਸਾਥੀ ਜਾਂ ਤਾਂ ਮਾਰੇ ਗਏ ਜਾਂ ਫਿਰ ਬੁਰੀ ਤਰ੍ਹਾਂ ਫੱਟੜ ਹੋ ਗਏ। ਚੀ ਗਵੇਰਾ ਦੀ ਵੀ ਦਮੇ ਦੇ ਲਗਾਤਾਰ ਪੈਂਦੇ ਦੌਰਿਆਂ ਨਾਲ਼ ਦਵਾਈ ਦੀ ਅਣਹੋਂਦ ਵਿੱਚ ਬਹੁਤ ਹੀ ਬੁਰੀ ਹਾਲਤ ਸੀ ਪਰ ਫਿਰ ਵੀ ਕਿਸੇ ਤਰ੍ਹਾਂ ਚੀ ਤੇ ਉਸਦੇ ਬਚੇ ਹੋਏ ਸਾਥੀ ਚਲਦੇ ਰਹੇ। ਅੰਤ 8 ਅਕਤੂਬਰ, 1967 ਨੂੰ ਚੀ ਗਵੇਰਾ ਆਪਣੇ ਸਾਥੀ ਵਿਲੀ ਸਮੇਤ ਦੁਸ਼ਮਣ ਦੇ ਹੱਥ ਆ ਗਿਆ। ਉਸ ਨੂੰ ਗ੍ਰਿਫਤਾਰ ਕਰਕੇ ਹਿਗੁਈਰਾ ਨਾਂ ਦੇ ਪਿੰਡ ਦੇ ਇੱਕ ਸਕੂਲ ਵਿੱਚ ਲਿਜਾਇਆ ਗਿਆ ਜਿਥੇ 9 ਅਕਤੂਬਰ, 1967 ਦੁਪਹਿਰ ਦੇ ਲਗਭਗ 1 ਵੱਜ ਕੇ 10 ਮਿੰਟ 'ਤੇ ਬੋਲੀਵੀਅਨ ਸਰਕਾਰ ਦੇ ਹੁਕਮ 'ਤੇ ਗੋਲ਼ੀਆਂ ਨਾਲ਼ ਸ਼ਹੀਦ ਕਰ ਦਿੱਤਾ ਗਿਆ।

ਸ਼ਹਾਦਤ ਤੋਂ ਐਨ ਪਹਿਲਾਂ ਚੀ ਗਵੇਰਾ ਦੇ ਸ਼ਬਦ ਸਨ, "ਮੈਨੂੰ ਪਤਾ ਹੈ ਕਿ ਤੂੰ ਮੈਨੂੰ ਮਾਰਨ ਆਇਆ ਹੈਂ, ਗੋਲ਼ੀ ਚਲਾ ਡਰਪੋਕ! ਆਖਰ ਨੂੰ ਤੂੰ ਇੱਕ ਆਦਮੀ ਨੂੰ ਹੀ ਮਾਰਨ ਲੱਗਿਆ ਏਂ।" ਸੱਚ ਹੀ ਚੀ ਗਵੇਰਾ ਮਰ ਕੇ ਵੀ ਨਹੀਂ ਮਰਿਆ, ਉਸ ਨੂੰ ਪਿਆਰ ਕਰਨ ਵਾਲ਼ਿਆਂ ਦੀ ਗਿਣਤੀ ਪਹਿਲਾਂ ਨਾਲ਼ੋਂ ਕਿਤੇ ਵੱਧ ਗਈ। ਜਦ ਤੱਕ ਇਸ ਧਰਤੀ ਤੋਂ ਬੇਇਨਸਾਫ਼ੀ, ਗਰੀਬੀ, ਭੁੱਖਮਰੀ, ਲੁੱਟ-ਖੋਹ ਖਤਮ ਨਹੀਂ ਹੁੰਦੀ, ਚੀ ਗਵੇਰਾ ਤਦ ਤੱਕ ਨੌਜਵਾਨਾਂ ਲਈ ਪ੍ਰੇਰਨਾਸਰੋਤ ਬਣਿਆ ਰਹੇਗਾ।

• •

ਬਿਮਾਰ ਪੂੰਜੀਵਾਦੀ ਸਮਾਜ ਦੇ ਬਿਮਾਰ ਚੈਨਲ

—ਨਵਕਾਸ਼ ਦੀਪ

ਚੀਨ ਵਿੱਚ ਮਈ ਮਹੀਨੇ 'ਚ ਆਏ ਇੱਕ ਵੱਡੇ ਭੂਚਾਲ ਵਿੱਚ, ਕੁਝ ਰਿਪੋਰਟਾਂ ਮੁਤਾਬਕ ਲਗਭਗ 50,000 ਲੋਕ ਮਾਰੇ ਗਏ। ਪਰ ਭਾਰਤ ਦੇ ਇਲੈਕਟਰੌਨਿਕ ਮੀਡੀਆ ਨੂੰ ਇਹ ਗਿਣਤੀ ਕਾਫੀ ਘੱਟ ਨਜ਼ਰ ਆਈ। ਇਸੇ ਲਈ ਇਸ ਖ਼ਬਰ ਨੂੰ ਭਾਰਤ ਦੇ ਨਿਊਜ਼ ਚੈਨਲਾਂ ਨੇ ਕੋਈ ਖਾਸ ਅਹਿਮੀਅਤ ਨਹੀਂ ਦਿੱਤੀ। ਭਾਰਤ ਦੇ ਸਾਰੇ ਦੇ ਸਾਰੇ ਨਿਊਜ਼ ਚੈਨਲ ਇਹਨਾਂ ਦਿਨਾਂ ਵਿੱਚ ਇੱਕ 'ਅਹਿਮ' ਕਤਲ ਕੇਸ ਨੂੰ ਸੁਲਝਾਉਣ 'ਚ ਲੱਗੇ ਹੋਏ ਸਨ ਜਿਹੜਾ ਇਹਨਾਂ ਚੈਨਲਾਂ ਮੁਤਾਬਕ 'ਦੇਸ਼ ਦੀ ਸਭ ਤੋਂ ਵੱਡੀ ਖ਼ਬਰ ਬਣ ਚੁੱਕਾ ਸੀ' ਤੇ ਇਸ ਕਤਲ ਗੁੱਥੀ ਦੇ ਸੁਲਝ ਜਾਣ ਦਾ 'ਦੇਸ਼ ਦੇ ਸਾਰੇ ਲੋਕ ਬੜੀ ਬੇਸਬਰੀ ਨਾਲ਼ ਇੰਤਜ਼ਾਰ ਕਰ ਰਹੇ ਸਨ।' ਨੋਇਡਾ ਵਿੱਚ ਇੱਕ ਡਾਕਟਰ ਪਰਿਵਾਰ ਦੀ 14 ਸਾਲਾ ਧੀ ਦੇ ਕਤਲ ਦੀ ਖਬਰ ਕਿੱਡੀ 'ਵੱਡੀ ਨਿਊਜ਼' ਬਣ ਚੁੱਕੀ ਸੀ ਇਸਦਾ ਅੰਦਾਜ਼ਾ ਇਸ ਗੱਲ ਤੋਂ ਹੀ ਲੱਗ ਜਾਂਦਾ ਹੈ ਕਿ ਨਿਊਜ਼ ਚੈਨਲਾਂ ਨੇ ਆਈ. ਪੀ. ਐੱਲ ਦੇ ਕ੍ਰਿਕਟ ਮੈਚਾਂ 'ਤੇ ਅਧਾਰਤ ਬਣਾਏ ਵਿਸ਼ੇਸ਼ ਪ੍ਰੋਗਰਾਮਾਂ ਨੂੰ ਪ੍ਰਸਾਰਤ ਕਰਨ ਦਾ 'ਜੋਖਮ' ਵੀ ਨਹੀਂ ਚੁੱਕਿਆ। ਇਸ ਕਤਲ ਗੁੱਥੀ ਨੂੰ ਸੁਲਝਾਉਣ ਲਈ ਸਾਰੇ ਨਿਊਜ਼ ਚੈਨਲ ਏਨੇ 'ਬਿਹਤਰੀਨ' ਢੰਗ ਨਾਲ਼ ਜਾਂਚ-ਪੜਤਾਲ ਕਰ ਰਹੇ ਸਨ ਕਿ ਨੋਇਡਾ ਪੁਲੀਸ ਵੀ ਇਹਨਾਂ ਚੈਨਲਾਂ ਤੋਂ ਗੁੱਥੀ ਸੁਲਝਾਉਣ ਦੀ ਮਦਦ ਹਾਸਲ ਕਰਨ ਦੀ ਗੱਲ ਮੰਨ ਚੁੱਕੀ ਹੈ।

ਇਹਨਾਂ ਹੀ ਦਿਨਾਂ 'ਚ ਰਾਜਸਥਾਨ ਗੁੱਜਰ ਅੰਦੋਲਨ ਵੀ ਸ਼ੁਰੂ ਹੋ ਗਿਆ ਜਿਸ 'ਚ ਪੁਲੀਸ ਗੋਲੀਬਾਰੀ 'ਚ ਕਈ ਲੋਕ ਮਾਰੇ ਗਏ। ਪਰ ਸਾਰੇ ਚੈਨਲਾਂ ਨੇ ਇਸ ਖ਼ਬਰ ਨੂੰ ਸਿਰਫ਼ 'ਚੇਂਜ' ਲਈ ਹੀ ਪ੍ਰਸਾਰਤ ਕੀਤਾ ਕਿਉਂਕਿ ਇਹਨਾਂ ਨੂੰ ਵੀ ਪਤਾ ਸੀ ਕਿ ਲੋਕ 'ਅਰੁਸ਼ੀ-ਹੇਮਰਾਜ' ਮਰਡਰ ਕੇਸ ਨੂੰ ਲਗਾਤਾਰ ਪ੍ਰਸਾਰਤ ਕਰਨ ਕਰਕੇ ਉਕਤਾ ਸਕਦੇ ਹਨ। ਇਸ ਲਈ ਗੁੱਜਰ ਅੰਦੋਲਨ ਦੀ ਖਬਰ ਦੇਣ ਦੀ ਰਸਮ ਪੂਰੀ ਕਰਨ ਤੋਂ ਬਾਅਦ ਫਿਰ ਤੋਂ ਨੋਇਡਾ ਕਤਲ ਕੇਸ ਦੀ 'ਅਹਿਮ ਖ਼ਬਰ' ਦਾ ਪ੍ਰਸਾਰਣ ਸ਼ੁਰੂ ਹੋ ਜਾਂਦਾ। 'ਨਿਰਪੱਖ ਹੋਣ' 'ਸੱਚ ਸਾਹਮਣੇ ਲਿਆਉਣ' ਤੇ 'ਲੋਕਤੰਤਰ ਦੇ ਚੌਥੇ ਥੰਮ੍ਹ' ਦਾ ਕੰਮ ਕਰਨ ਵਾਲ਼ੇ ਮੀਡੀਆ ਦੀ ਸੱਚਾਈ ਇਸ ਗੱਲ ਤੋਂ ਸਾਹਮਣੇ ਆ ਜਾਂਦੀ ਹੈ ਕਿ ਜਦੋਂ ਨੇਪਾਲ ਵਿੱਚ ਮੀਡੀਆ ਮਾਹਿਰਾਂ ਦੇ ਵਿਸ਼ਲੇਸ਼ਣਾਂ ਤੋਂ ਉਲਟ ਨੇਪਾਲੀ ਕਮਿਊਨਿਸ ਪਾਰਟੀ (ਮਾਓਵਾਦੀ) ਚੋਣਾਂ ਵਿੱਚ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰ ਕੇ ਸਾਹਮਣੇ ਆਈ ਤਾਂ ਨੇਪਾਲੀ ਚੋਣਾਂ ਬਾਰੇ ਖਬਰਾਂ ਨਿਊਜ਼ ਚੈਨਲਾਂ ਤੋਂ ਬਹੁਤ ਜਲਦ ਗਾਇਬ ਹੋ ਗਈਆਂ ਤੇ ਹੁਣ ਜਦੋਂ ਪਿਛਾਖੜੀ ਤੇ ਸੋਧਵਾਦੀ ਪਾਰਟੀਆਂ ਨੇ.ਕ.ਪਾ. (ਮਾਓਵਾਦੀ) ਦੇ ਸਰਕਾਰ ਬਣਾਉਣ ਦੇ ਰਾਹ ਵਿਚ ਸਭ ਤਰ੍ਹਾਂ ਦੇ ਅੜਿੱਕੇ ਪਾ ਰਹੀਆਂ ਹਨ ਤਾਂ ਮੀਡੀਆ ਨੋਇਡਾ ਪੁਲੀਸ ਦੀਆਂ ਨਕਾਮੀਆਂ ਨੂੰ ਲੋਕਾਂ ਸਾਹਮਣੇ ਨੰਗਾ ਕਰਨ ਦਾ ਢੌਂਗ ਰਚ ਰਿਹਾ ਹੈ। ਪਰ ਜੇ ਪਿਛਾਖੜੀ ਤੇ ਸੋਧਵਾਦੀ ਪਾਰਟੀਆਂ ਦੀਆਂ ਕਰਤੂਤਾਂ ਦੇ ਵਿਰੁੱਧ ਨੇ.ਕ.ਪਾ. (ਮਾਓਵਾਦੀ) ਨੂੰ ਸਚਮੁੱਚ ਲੋਕਾਂ ਵਿੱਚ ਜਾਣਾ ਪਿਆ ਤਾਂ ਮੀਡੀਆ ਨੇ.ਕ.ਪਾ. (ਮਾਓਵਾਦੀ) ਨੂੰ 'ਲੋਕਤੰਤਰ' ਦੇ ਕਾਤਲ ਵਜੋਂ ਪੇਸ਼ ਕਰਨ ਵਿੱਚ ਪਲ ਭਰ ਦੀ ਦੇਰ ਵੀ ਨਹੀਂ ਲਾਵੇਗਾ।

ਇਸ ਪੂਰੀ ਪ੍ਰਕਿਰਿਆ 'ਚ ਪੂੰਜੀਵਾਦੀ ਮੀਡੀਆ ਪੂੰਜੀਵਾਦ ਦੀ ਰੱਖਿਆ ਕਰਨ ਦੇ ਆਪਣੇ ਬੁਨਿਆਦੀ ਫਰਜ਼ ਨੂੰ ਪੂਰਾ ਕਰ ਰਿਹਾ ਹੈ। ਮੌਜੂਦਾ ਪੂੰਜੀਵਾਦੀ-ਸਾਮਰਾਜਵਾਦੀ ਦੌਰ ਦੇ ਨਿਊਜ਼ ਚੈਨਲ ਇਸ ਕਦਰ ਪ੍ਰਭਾਵਸ਼ਾਲੀ ਹਨ ਉਹ ਨਾ ਸਿਰਫ ਜ਼ਰੂਰੀ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹੀ ਹਟਾ ਰਹੇ ਹਨ ਸਗੋਂ ਖਬਰਾਂ ਸੁਣਨ ਦੀ ਲੋਕਾਂ ਦੀ ਰੁਚੀ ਹੀ ਬਦਲਦੇ ਜਾ ਰਹੇ ਹਨ। ਖ਼ਬਰਾਂ, ਰਿਪੋਰਟਾਂ ਨੂੰ ਮਿਰਚ-ਮਸਾਲੇ ਨਾਲ਼ ਇਸ ਕਦਰ ਭੁੰਨਿਆ ਜਾਂਦਾ ਹੈ ਕਿ ਲੋਕ ਉਸ ਵਿੱਚੋਂ ਵੀ ਰਸ ਹੀ ਲੈਂਦੇ ਹਨ, ਬਿਲਕੁਲ ਜਿਵੇਂ ਸ਼ੋਰ-ਸ਼ਰਾਬੇ ਨਾਲ਼ ਭਰਪੂਰ ਪੌਪ ਗੀਤ ਸੁਣ ਰਹੇ ਹੋਣ। ਖਬਰਾਂ ਨੂੰ ਤੜਕਾ ਲਾਉਣਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਨਿਊਜ਼ ਚੈਨਲਾਂ ਨੇ ਖਬਰਾਂ ਵਿੱਚੋਂ ਆਮ ਆਦਮੀ ਨੂੰ ਗਾਇਬ ਹੀ ਕਰ ਦਿੱਤਾ ਹੈ। ਇਸ ਸਮੇਂ ਹਿੰਦੋਸਤਾਨ ਦੀ ਅੱਧੀ ਅਬਾਦੀ ਮਜ਼ਦੂਰਾਂ-ਅਰਧ ਮਜ਼ਦੂਰਾਂ ਦੀ ਹੈ। ਵੱਡੀ ਗਿਣਤੀ 'ਚ ਛੋਟੇ ਤੇ ਗਰੀਬ ਕਿਸਾਨਾਂ ਦਾ ਉੱਜੜ ਕੇ ਸ਼ਹਿਰਾਂ ਵਿੱਚ ਜਾ ਕੇ ਉਜਰਤੀ ਮਜ਼ਦੂਰ ਬਣਨਾ ਲਗਾਤਾਰ ਜਾਰੀ ਹੈ ਤੇ ਇਹ ਪ੍ਰਕਿਰਿਆ ਭਵਿੱਖ ਵਿੱਚ ਹੋਰ ਵੀ ਤੇਜ਼ ਹੋਵੇਗੀ। ਭਾਰਤੀ ਬੁਰਜੂਆ ਮੀਡੀਆ ਇਸ ਸੱਚ ਨੂੰ ਲੋਕਾਂ ਅੱਗੇ ਪੇਸ਼ ਨਹੀਂ ਕਰ ਸਕਦਾ ਪਰ ਨਾਲ਼ ਹੀ ਉਹ ਇਸ ਚੀਜ਼ ਲਈ ਵੀ ਯਤਨਸ਼ੀਲ ਹੈ ਕਿ ਲੋਕ ਇਸ ਚੀਜ਼ ਨੂੰ ਵੇਖਣ ਵੀ ਨਾ, ਲੋਕਾਂ ਦਾ ਧਿਆਨ ਇੱਧਰ ਜਾਵੇ ਹੀ ਨਾ। ਫੈਕਟਰੀਆਂ 'ਚ ਅਕਸਰ ਹਾਦਸੇ ਹੁੰਦੇ ਹਨ, ਖੇਤ ਮਜ਼ਦੂਰਾਂ ਨੂੰ ਵੀ ਬੇਹੱਦ ਪ੍ਰਤੀਕੂਲ ਹਾਲਤਾਂ 'ਚ ਕੰਮ ਕਰਨਾ ਪੈਂਦਾ ਹੈ, ਮਜ਼ਦੂਰਾਂ ਤੋਂ ਬਹੁਤ ਜ਼ਿਆਦਾ ਕੰਮ ਲੈ ਕੇ ਬਹੁਤ ਘੱਟ ਉਜਰਤਾਂ ਦਿੱਤੀਆਂ ਜਾਂਦੀਆਂ ਹਨ ਪਰ ਇਸ ਸਭ ਦੇ ਬਾਵਜੂਦ ਮਜ਼ਦੂਰ ਨਿਊਜ਼ ਚੈਨਲਾਂ ਤੇ ਅਖਬਾਰਾਂ ਵਿੱਚੋਂ ਗਾਇਬ ਰਹਿੰਦੇ ਹਨ।

ਹੁਣ ਤਾਂ ਹਾਲਤ ਇਹ ਹੈ ਕਿ ਹੇਠਲੇ ਮੱਧ ਵਰਗ ਦੀ ਸਮੱਸਿਆਵਾਂ ਵੀ ਖਬਰਾਂ ਵਿੱਚੋਂ ਗਾਇਬ ਹੋ ਚੁੱਕੀਆਂ ਹਨ। ਪੜ੍ਹ-ਲਿਖ ਕੇ ਡਿਗਰੀਆਂ ਹੱਥਾਂ 'ਚ ਲੈ ਕੇ ਘੁੰਮ ਰਹੇ ਨੌਜਵਾਨ ਬੇਰੁਜ਼ਗਾਰੀ ਦੀ ਬਹੁਤ ਤਕੜੀ ਮਾਰ ਝੱਲ ਰਹੇ ਹਨ ਪਰ ਇਹਨਾਂ ਬੇਰੁਜ਼ਗਾਰਾਂ ਦੀ ਸ਼ਾਇਦ ਹੀ ਕਦੇ ਕੋਈ ਖਬਰ ਨਿਊਜ਼ ਚੈਨਲਾਂ ਨੇ ਦਿੱਤੀ ਹੋਵੇ। ਜੇ ਕਦੇ ਕੋਈ ਪ੍ਰੋਗਰਾਮ ਕਿਸੇ ਨਿਊਜ਼ ਚੈਨਲ 'ਤੇ ਆ ਵੀ ਜਾਵੇ ਤਾਂ ਉਸ ਵਿੱਚ ਵੀ ਬੁਲਾਏ ਗਏ 'ਸਮਾਜ-ਸ਼ਾਸਤਰੀ', 'ਅਰਥ-ਸ਼ਾਸਤਰੀ' ਤੇ ਹੋਰ 'ਫਲਾਣਾ-ਫਲਾਣਾ' ਸ਼ਾਸਤਰੀ ਤੇ ਮਾਹਿਰ ਇਸਦੇ ਲਈ ਵਧਦੀ ਹੋਈ ਅਬਾਦੀ ਨੂੰ ਦੋਸ਼ੀ ਠਹਿਰਾਉਂਦੇ ਹੋਏ ਚੈਨਲਾਂ ਨੂੰ ਇਹ ਅਹਿਸਾਸ ਦਵਾ ਦਿੰਦੇ ਹਨ ਕਿ ਉਹਨਾਂ ਨੇ ਜਨਤਾ ਪ੍ਰਤੀ ਆਪਣਾ ਫਰਜ਼ ਪੂਰਾ ਕਰ ਲਿਆ ਹੈ।

1970 ਦੇ ਬਾਅਦ ਤੋਂ ਪੂੰਜੀਵਾਦ ਜਿਸ ਗੰਭੀਰ ਸੰਕਟ

ਵਿੱਚ ਫਸਿਆ ਹੈ ਉਸ ਤੋਂ ਨਵੇਂ ਸਮਾਜਵਾਦੀ ਇਨਕਲਾਬਾਂ ਦੀ ਜ਼ਮੀਨ ਫਿਰ ਤੋਂ ਤਿਆਰ ਹੋ ਰਹੀ ਹੈ। ਭਾਰਤ ਜਿਹੇ ਦੇਸ਼ ਲਈ ਇਹ ਗੱਲ ਹੋਰ ਵੀ ਸਹੀ ਹੈ ਕਿਉਂਕਿ ਅੱਜ ਵੀ ਪਹਿਲਾਂ ਕਮਜ਼ੋਰ ਕੜੀਆਂ ਹੀ ਟੁੱਟਣਗੀਆਂ। ਅਜਿਹੀ ਸਥਿਤੀ ਵਿੱਚ ਭਾਰਤ ਦੀ ਲੁਟੇਰੀ ਵਿਵਸਥਾ ਨੂੰ ਬਚਾਉਣਾ ਮੀਡੀਆ ਦੀ ਅਹਿਮ ਜ਼ਿੰਮੇਵਾਰੀ ਬਣ ਗਈ ਹੈ। ਪੂੰਜੀਵਾਦੀ ਪੈਦਾਵਾਰੀ ਢਾਂਚਾ ਮਜ਼ਦੂਰ ਜਮਾਤ ਨੂੰ ਤੇ ਆਮ ਵਿਦਿਆਰਥੀ-ਨੌਜਵਾਨਾਂ ਨੂੰ ਵੀ ਲਗਾਤਾਰ ਅਲਹਿਦਗੀ ਦੀ ਦਲਦਲ 'ਚ ਧੱਕ ਰਿਹਾ ਹੈ ਤੇ ਪੂੰਜੀਵਾਦੀ ਮੀਡੀਆ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ਼ ਉਹਨਾਂ ਦੇ ਆਤਮਿਕ ਜਗਤ ਨੂੰ ਗੰਧਲਾਉਣ ਵਿੱਚ ਲੱਗਿਆ ਹੋਇਆ ਹੈ। ਭਾਰਤ ਵਿਚਲੇ ਪੂੰਜੀਵਾਦੀ ਵਿਕਾਸ ਨਾਲ਼ ਪੂੰਜੀਵਾਦੀ ਮੀਡੀਆ ਦੂਰ-ਦਰਾਜ਼ ਦੇ ਇਲਾਕਿਆਂ ਤੱਕ ਘੁਸਪੈਠ ਕਰ ਚੁੱਕਾ ਹੈ ਤੇ ਪੂੰਜੀਵਾਦੀ ਵਿਚਾਰਾਂ ਦੇ ਪ੍ਰਚਾਰ-ਪ੍ਰਸਾਰ ਦਾ ਇੱਕ ਜ਼ਬਰਦਸਤ ਤੇ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਬਣ ਚੁੱਕਾ ਹੈ। ਅੱਜ ਖਬਰ ਉਹ ਬਣਦੀ ਹੈ ਜਿਸਨੂੰ ਕਾਰਪੋਰੇਟ ਜਗਤ ਤੋਂ ਮਨਜ਼ੂਰੀ ਮਿਲੇ। ਇਸ ਲਈ ਲਗਾਤਾਰ ਅਜਿਹੀਆਂ ਖਬਰਾਂ ਦੀ ਭਾਲ ਕੀਤੀ ਜਾਂਦੀ ਹੈ ਜਿਹਨਾਂ ਵਿੱਚ ਮਿਰਚ-ਮਸਾਲਾ ਭਰਨ ਦੀ ਚੰਗੀ ਗੁੰਜਾਇਸ਼ ਹੋਵੇ। ਉੱਪਰੋਂ ਆਪਸੀ ਮੁਕਾਬਲੇਬਾਜ਼ੀ ਦੇ ਚੱਲਦਿਆਂ ਹਰ ਨਿਊਜ਼ ਚੈਨਲ ਇੱਕੋ ਹੀ ਖਬਰ ਵੱਧ ਜਾਂ ਘੱਟ ਮਸਾਲੇ ਨਾਲ਼ ਪੇਸ਼ ਕਰਦਾ ਹੈ। ਇਸ ਮਾਮਲੇ 'ਚ ਇਹ ਕਿਹਾ ਹੀ ਨਹੀਂ ਜਾ ਸਕਦਾ ਕਿ ਫਲਾਣਾ ਨਿਊਜ਼ ਚੈਨਲ ਚੰਗਾ ਹੈ ਕਿਉਂਕਿ ਉਹ ਘੱਟ ਮਸਾਲਾ ਲਾਉਂਦਾ ਹੈ ਤੇ ਫਲਾਣਾ ਮਾੜਾ ਕਿਉਂਕਿ ਉਹ ਵੱਧ ਮਸਾਲਾ ਲਾਉਂਦਾ ਹੈ। ਇਸ ਵਿੱਚ ਚੰਗੇ ਜਾਂ ਮਾੜੇ ਦਾ ਸਵਾਲ ਹੀ ਨਹੀਂ ਉੱਠਦਾ। ਅਸਲ ਗੱਲ ਤਾਂ ਇਹ ਹੈ ਕਿ 'ਮਾਸ ਮੀਡੀਆ' ਦਾ ਹਰ ਚੈਨਲ ਪੂੰਜੀਪਤੀਆਂ ਦੀ ਹੀ ਸੇਵਾ ਕਰਦਾ ਹੈ, ਬਸ ਉਹਨਾਂ ਦੇ ਤਰੀਕੇ 'ਚ ਥੋੜ੍ਹਾ ਫਰਕ ਹੋ ਸਕਦਾ ਹੈ। ਕੋਈ ਵੀ ਚੈਨਲ ਪੂੰਜੀਵਾਦੀ ਲੁੱਟ ਨੂੰ ਨੰਗਾ ਨਹੀਂ ਕਰਦਾ। ਕੋਈ ਵੀ ਚੈਨਲ ਪੂੰਜੀਵਾਦੀ ਢਾਂਚੇ 'ਤੇ ਸਵਾਲ ਨਹੀਂ ਉਠਾਉਂਦਾ ਤੇ ਕੋਈ ਵੀ ਚੈਨਲ ਨਿੱਜੀਕਰਨ, ਉਦਾਰੀਕਰਨ ਤੇ ਸੰਸਾਰੀਕਰਨ ਵਿਰੁੱਧ ਨਹੀਂ ਬੋਲਦਾ। ਕੋਈ ਵੀ ਚੈਨਲ ਹਿੰਦੋਸਤਾਨ ਦੀ ਅੱਧੀ ਤੋਂ ਵੀ ਜ਼ਿਆਦਾ ਅਬਾਦੀ, ਮਜ਼ਦੂਰਾਂ ਤੇ ਅਰਧ-ਮਜ਼ਦੂਰਾਂ ਅਬਾਦੀ ਨੂੰ 'ਕਵਰ' ਨਹੀਂ ਕਰਦਾ। ਇਸ ਲਈ ਕਿਸੇ ਚੈਨਲ ਦੇ ਚੰਗੇ ਜਾਂ ਮਾੜੇ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇੱਥੇ ਸਵਾਲ ਜਮਾਤੀ ਖਾਸੇ ਦਾ ਹੈ। 'ਮਾਸ ਮੀਡੀਆ' ਦੇ ਸਾਰੇ ਦੇ ਸਾਰੇ ਨਿਊਜ਼ ਚੈਨਲ (ਤੇ ਬਾਕੀ ਚੈਨਲ ਵੀ) ਪੂੰਜੀਵਾਦੀ ਚੈਨਲ ਹਨ ਜੋ ਹਰ ਸੰਭਵ ਤਰੀਕੇ ਨਾਲ਼ ਪੂੰਜੀਪਤੀਆਂ ਦੀ ਸੇਵਾ 'ਚ ਲੱਗੇ ਹੋਏ ਹਨ।

ਇਹ ਸਾਰੇ ਚੈਨਲ ਨਿੱਜਵਾਦ, ਨਿਰਾਸ਼ਾ, ਸਨਕ ਤੇ ਅਲਹਿਦਗੀ ਦੀ ਸੜੀ-ਗਲੀ ਪੂੰਜੀਵਾਦੀ ਸੰਸਕ੍ਰਿਤੀ ਨਾਲ਼ ਆਮ ਲੋਕਾਂ ਦੇ ਨਿਤ-ਪ੍ਰਤੀ ਦਿਨ ਦੇ ਜੀਵਨ ਨੂੰ ਗੰਧਲਾ ਕਰ ਰਹੇ ਹਨ। ਸੱਚ ਨੂੰ ਛੁਪਾਉਣਾ ਤੇ ਇਨਕਲਾਬੀ ਸੰਭਾਵਨਾ ਸੰਪੰਨ ਤੇ ਊਰਜਾਵਾਨ ਤੇ ਵਿਚਾਰਸ਼ੀਲ ਨੌਜਵਾਨਾਂ ਨੂੰ ਭ੍ਰਿਸ਼ਟ ਕਰਨਾ ਇਹਨਾਂ ਸਾਰੇ ਚੈਨਲਾਂ ਦੇ ਏਜੰਡੇ ਵਿੱਚ ਸਭ ਤੋਂ ਉੱਪਰ ਹੈ। ਇਸਦੇ ਨਾਲ਼ ਹੀ ਇਹ ਨਿਊਜ਼ ਚੈਨਲ ਅਮਾਨਵੀਕਰਨ ਦੀ ਪ੍ਰਕਿਰਿਆ ਨੂੰ ਵੀ ਤੇਜ਼ ਕਰ ਰਹੇ ਹਨ। ਅਪਰਾਧ ਅਧਾਰਤ ਪ੍ਰੋਗਰਾਮ ਜਿਸ ਤਰੀਕੇ ਨਾਲ਼ ਪੇਸ਼ ਕੀਤੇ ਜਾਂਦੇ ਹਨ ਉਸ ਨਾਲ਼ ਅਪਰਾਧਾਂ ਪ੍ਰਤੀ ਨਫਰਤ ਨਹੀਂ ਸਗੋਂ ਰੋਮਾਂਚ ਹੀ ਪੈਦਾ ਹੁੰਦਾ ਹੈ। ਕਿਉਂਕਿ ਅਪਰਾਧ ਤੇ ਅਪਰਾਧਕ ਪ੍ਰਵਿਰਤੀਆਂ ਆਪਣੇ ਆਪ 'ਚ ਇਸ ਲੋਟੂ ਸਮਾਜ ਦੀ ਪੈਦਾਵਾਰ ਹਨ ਇਸ ਲਈ ਇਹ ਨਿਊਜ਼ ਚੈਨਲ ਅਪਰਾਧਾਂ ਵਿਰੁੱਧ ਨਫਰਤ ਪੈਦਾ ਕਰ ਵੀ ਨਹੀਂ ਸਕਦੇ। ਅਪਰਾਧ ਤੇ ਅਪਰਾਧਕ ਪ੍ਰਵਿਰਤੀਆਂ ਵਿਰੁੱਧ ਨਫ਼ਰਤ ਵੀ ਅਸਲ 'ਚ ਲੋਕਾਂ ਨੂੰ ਪੂੰਜੀਵਾਦ ਵਿਰੁੱਧ ਹੀ ਖੜ੍ਹਾ ਕਰਨਗੀਆਂ। ਬੁਢਾਪੇ ਦੇ ਆਖਰੀ ਪੜਾਅ 'ਚ ਖੜ੍ਹਾ ਸਾਡੇ ਦੇਸ਼ ਦਾ ਪੂੰਜੀਵਾਦ ਸਮਾਜਕ ਬਿਮਾਰੀਆਂ ਨਾਲ਼ ਬੁਰੀ ਤਰਾਂ ਗ੍ਰਸਤ ਹੈ। ਅਪਰਾਧਕ ਤੇ ਫਾਸੀਵਾਦੀ ਪ੍ਰਵਿਰਤੀਆਂ ਇਸਦਾ ਸੁਭਾਅ ਬਣ ਚੁੱਕੀਆਂ ਹਨ। ਇੱਥੋਂ ਦੀ ਰਾਜ-ਸੱਤਾ 'ਤੇ ਸੱਭਿਆਚਾਰ ਪੂਰੀ ਤਰਾਂ ਨਿਰੰਕੁਸ਼ ਚਰਿੱਤਰ ਦੇ ਹਨ। ਅਜਿਹੀ ਸਥਿਤੀ 'ਚ ਪੂੰਜੀਵਾਦੀ ਮੀਡੀਆ ਉਹੀ ਪਰੋਸ ਸਕਦਾ ਹੈ ਜੋ ਪੂੰਜੀਵਾਦੀ ਸਮਾਜ ਉਸਨੂੰ ਦਿੰਦਾ ਹੈ ਤੇ ਇਸੇ ਦੇ ਸਿੱਟੇ ਵਜੋਂ ਪੱਤਰਕਾਰ ਵੀ ਅਜਿਹੇ ਹੀ ਬਣ ਜਾਂਦੇ ਹਨ ਜਿਹਨਾਂ 'ਤੇ ਹਰ ਸਮੇਂ ਇਹ ਦਬਾਅ ਹੁੰਦਾ ਹੈ ਕਿ ਉਹਨਾਂ ਨੇ ਹਰ ਹਾਲ ਅਜਿਹੀਆਂ ਖਬਰਾਂ ਲੱਭਣੀਆਂ ਜਾਂ 'ਪੈਦਾ' ਕਰਨੀਆਂ ਹੁੰਦੀਆਂ ਹਨ ਜਿਹੜੀਆਂ ਚੈਨਲਾਂ ਨੂੰ ਮੁਨਾਫੇ ਕਮਾ ਕੇ ਦੇ ਸਕਣ। ਇਸਦੇ ਲਈ ਕਈ ਖਬਰਾਂ ਨੂੰ ਏਨਾ-ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ ਕਿ ਉਹ ਮੁਨਾਫਾ ਵੀ ਖੂਬ ਕਮਾ ਕੇ ਦਿੰਦੀ ਹੈ ਤੇ ਉਸਦੇ ਨਾਲ਼ ਹੀ ਉਸ ਸਮੇਂ ਦੀਆਂ ਲੋਕਾਂ ਦੀਆਂ ਸਮੱਸਿਆਵਾਂ ਵੀ ਖਬਰ ਨਹੀਂ ਬਣ ਪਾਉਂਦੀਆਂ।

ਫਿਲਹਾਲ ਇਹ ਜ਼ਰੂਰ ਸਪਸ਼ਟ ਹੈ ਕਿ ਪੂੰਜੀਵਾਦੀ ਨਿਊਜ਼ ਚੈਨਲ ਤੇ ਪੱਤਰਕਾਰ ਕਦੇ ਸੱਚ ਨੂੰ ਸਾਹਮਣੇ ਨਹੀਂ ਆਉਣ ਦੇਣਗੇ ਕਿਉਂਕਿ ਸੱਚ ਨੂੰ ਪ੍ਰਸਾਰਤ ਕਰਨਾ ਲੋਕਾਂ ਨੂੰ ਇਸ ਢਾਂਚੇ ਦੇ ਵਿਰੋਧ 'ਚ ਖੜ੍ਹਾ ਕਰੇਗਾ। ਜਿਸ ਤਰਾਂ ਸਮਾਜ, ਸਾਹਿਤ, ਸੰਗੀਤ, ਥਿਏਟਰ ਆਦਿ ਨੂੰ ਅੱਗੇ ਲੈ ਜਾਣ ਦਾ ਕੰਮ ਅੱਜ ਸਿਰਫ ਮਜ਼ਦੂਰ ਜਮਾਤ ਹੀ ਕਰ ਸਕਦੀ ਹੈ, ਉਸੇ ਤਰਾਂ ਸੱਚ ਨੂੰ ਉਜਾਗਰ ਕਰਨ ਦਾ ਕੰਮ ਵੀ ਮਜ਼ਦੂਰ ਜਮਾਤ ਦੇ ਮੋਢਿਆਂ 'ਤੇ ਹੀ ਆ ਪਿਆ ਹੈ। ਅੱਜ ਸਿਰਫ ਮਜ਼ਦੂਰ ਅਖਬਾਰ ਮਜ਼ਦੂਰ ਇਨਕਲਾਬਾਂ ਨੂੰ ਸਮਰਪਿਤ ਮੈਗਜ਼ੀਨ ਆਦਿ ਹੀ ਸੱਚ ਨੂੰ ਪੂਰੇ ਤਿੱਖੇਪਣ ਨਾਲ਼ ਲੋਕਾਂ ਦੇ ਸਾਹਮਣੇ ਲਿਆਉਣ ਦਾ ਕੰਮ ਕਰ ਸਕਦੇ ਹਨ। ਸਿਰਫ ਅਜਿਹੇ ਅਖਬਾਰ ਤੇ ਮੈਗਜ਼ੀਨ ਹੀ, ਜੋ 'ਲੋਕਾਂ ਤੋਂ ਸਿੱਖ ਕੇ ਲੋਕਾਂ ਨੂੰ ਸਿਖਾਉਣਾ' ਦੀ ਨੀਤੀ 'ਤੇ ਚੱਲਣ ਤੇ ਜੋ ਸਮਾਜਕ ਇਤਿਹਾਸ ਦੀ ਵਿਗਿਆਨਕ ਸਮਝ ਨਾਲ਼ ਲੈਸ ਹੋਣ ਤੇ ਜੋ ਮਜ਼ਦੂਰਾਂ ਤੇ ਹੋਰ ਇਨਕਲਾਬੀ ਸੰਭਾਵਨਾ ਸੰਪੰਨ ਸਫਾਂ 'ਚ ਇਨਕਲਾਬੀ ਪ੍ਰਚਾਰ ਪ੍ਰਸਾਰ ਦਾ ਕੰਮ ਕਰਨ, ਆਮ ਕਿਰਤੀ ਲੋਕਾਂ ਦੀ ਨੁਮਾਇੰਦਗੀ ਕਰ ਸਕਦੇ ਹਨ। ਸਿਰਫ ਅਜਿਹੇ ਅਖਬਾਰ-ਮੈਗਜ਼ੀਨ ਹੀ ਆਮ ਲੋਕਾਂ ਦੀ ਸਮੱਸਿਆਵਾਂ ਤੇ ਉਹਨਾਂ ਦੇ ਸਹੀ ਵਿਸ਼ਲੇਸ਼ਣ ਨੂੰ ਪੇਸ਼ ਕਰ ਸਕਦੇ ਹਨ ਜੋ ਸੁਚੇਤ ਹੋ ਕੇ ਮਜ਼ਦੂਰ ਜਮਾਤ ਦਾ ਪੱਖ ਲੈਣ ਤੇ ਅਜਿਹੇ ਅਖਬਾਰ-ਮੈਗਜ਼ੀਨ ਹੀ ਸੱਚ ਬੋਲਣ ਦੀ ਹਿੰਮਤ ਰੱਖ ਸਕਦੇ ਹਨ ਤੇ ਸੱਚ ਪੂੰਜੀਵਾਦ 'ਤੇ ਬਹੁਤ ਭਾਰੀ ਪਵੇਗਾ।

• • • • • • • • • • • • •

ਪੂੰਜੀਵਾਦ ਦੀ ਵੇਦੀ 'ਤੇ ਇੱਕ ਹੋਰ ਬਲੀ

—ਡਾ. ਅੰਮ੍ਰਿਤ

ਭਾਰਤੀ ਸਰਮਾਏਦਾਰੀ ਨੇ 1951 ਤੋਂ ਸ਼ੁਰੂ ਕੀਤੀ ਆਪਣੀ ਸ਼ੁੱਧੀਕਰਣ ਦੀ ਮਰਿਆਦਾ ਨੂੰ ਜਾਰੀ ਰੱਖਦੇ ਹੋਏ ਇਸ ਸਾਲ 14 ਜਨਵਰੀ ਨੂੰ ਪੂੰਜੀਵਾਦ ਦੀ ਵੇਦੀ ਉੱਤੇ ਇੱਕ ਹੋਰ ਬਲੀ ਦੇ ਦਿੱਤੀ। ਪਰ ਇਸ ਵਾਰ ਬਲੀ ਆਮ ਲੋਕਾਂ ਦੇ ਇੱਕ ਖਾਸ ਤੇ ਮਨੁੱਖਤਾ ਦੇ ਸਭ ਤੋਂ ਪਿਆਰੇ ਹਿੱਸੇ ਬੱਚਿਆਂ ਦੀ ਸਿਹਤ ਦੀ ਦਿੱਤੀ ਗਈ। 15 ਜਨਵਰੀ, 2008 ਨੂੰ ਭਾਰਤ ਸਰਕਾਰ ਦੇ ਡਰੱਗ ਕੰਟਰੋਲਰ ਜਨਰਲ ਆਫ਼ ਇੰਡੀਆ (DCGI) ਨੇ ਭਾਰਤ ਸਰਕਾਰ ਦੇ ਹੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਅਧੀਨ ਚੱਲ ਰਹੇ ਵੈਕਸੀਨ ਬਣਾਉਣ ਵਾਲ਼ੇ ਪੰਜਾਂ ਵਿੱਚੋਂ ਤਿੰਨ ਵੱਡੀਆਂ ਸੰਸਥਾਵਾਂ ਨੂੰ ਬੰਦ ਕਰਨ ਦੇ ਹੁਕਮ ਸੁਣਾ ਦਿੱਤੇ। ਇਹ ਤਿੰਨ ਸੰਸਥਾਵਾਂ ਹਨ– 103 ਸਾਲ ਪੁਰਾਣਾ ਸੈਂਟਰਲ ਰੀਸਰਚ ਇੰਸਟੀਚਿਊਟ, ਕਸੌਲੀ, 100–ਸਾਲ ਪੁਰਾਣਾ ਪਾਸਚਰ ਇੰਸਟੀਚਿਊਟ ਆਫ਼ ਇੰਡੀਆ, ਕੋਨੂਰ ਅਤੇ 60–ਸਾਲ ਪੁਰਾਣਾ ਬੀ.ਸੀ.ਜੀ. (ਬੱਚਿਆਂ ਨੂੰ ਟੀ. ਬੀ. ਤੋਂ ਬਚਾਉਣ ਲਈ ਟੀਕਾ) ਵੈਕਸੀਨ ਲੈਬੋਰੇਟਰੀ, ਚੇਨਈ।

ਬੱਚਿਆਂ ਨੂੰ ਹੋਣ ਵਾਲ਼ੀਆਂ ਸਭ ਤੋਂ ਵੱਧ ਖਤਰਨਾਕ ਛੇ ਬੀਮਾਰੀਆਂ–ਗਲ਼ ਘੋਟੂ, ਕਾਲ਼ੀ ਖੰਘ, ਟੈਟਨਸ, ਪੋਲੀਓ, ਖਸਰਾ ਅਤੇ ਟੀ. ਬੀ.–ਦੀ ਰੋਕਥਾਮ ਲਈ ਚਲਾਏ ਜਾ ਰਹੇ ਸਰਕਾਰੀ ਟੀਕਾਕਰਨ ਪ੍ਰੋਗਰਾਮ ਲਈ ਟੀਕਿਆਂ ਦੀ ਸਪਲਾਈ ਦਾ ਵੱਡਾ ਹਿੱਸਾ (ਟੀ. ਬੀ. ਲਈ ਤਾਂ ਲੱਗਭਗ 100%) ਇਹੀ ਤਿੰਨ ਸੰਸਥਾਵਾਂ ਪੂਰਾ ਕਰਦੀਆਂ ਸਨ। ਇਸ ਨਾਲ਼ ਪੈਦਾ ਹੋਣ ਵਾਲ਼ੀ ਟੀਕਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਸਿਹਤ ਮੰਤਰੀ ਨੇ ਚੇਨਈ ਦੇ ਲਾਗੇ ਇੱਕ ਵੱਡਾ 'ਵੈਕਸੀਨ ਪਾਰਕ' ਨਾਂ ਦੀ ਸੰਸਥਾ ਕਾਇਮ ਕਰਨ ਦਾ ਐਲਾਨ ਕੀਤਾ ਹੈ, ਜੋ ਕਿ ਭਾਰਤੀ ਸਰਮਾਏਦਾਰੀ ਦੇ ਰਾਮਬਾਣ 'ਪਬਲਿਕ–ਪ੍ਰਾਈਵੇਟ ਪਾਰਟਨਰਸ਼ਿਪ' ਦੇ ਅਧੀਨ ਹੋਂਦ ਵਿੱਚ ਆਏਗਾ ਅਤੇ 2011 ਵਿੱਚ ਕੰਮ ਕਰਨਾ ਸ਼ੁਰੂ ਕਰੇਗਾ ਪਰ ਇਹਨਾਂ ਤਿੰਨ ਸਾਲਾਂ ਦੌਰਾਨ ਟੀਕਿਆਂ ਦੀ ਸਪਲਾਈ ਦਾ ਕੀ ਬਣੇਗਾ, ਤਾਂ ਜਵਾਬ ਹਾਜ਼ਿਰ ਹੈ, "ਪ੍ਰਾਈਵੇਟ ਕੰਪਨੀਆਂ ਇਸ ਲਈ ਪਹਿਲ ਕਰਨ ਲਈ ਪੱਬਾਂ ਭਾਰ ਹਨ।"

ਇੱਕ ਅੰਦਾਜ਼ੇ ਅਨੁਸਾਰ ਇਕੱਲੇ ਤਮਿਲਨਾਡੂ ਵਿੱਚ ਅਗਲੇ ਦੋ ਸਾਲਾਂ ਦੌਰਾਨ 44 ਲੱਖ ਬੱਚਿਆਂ ਨੂੰ ਟੀਕਾਕਰਨ ਤੋਂ ਵਾਂਝਿਆਂ ਰਹਿਣਾ ਪਵੇਗਾ, ਇਸ ਤਰਾਂ ਪੂਰੇ ਦੇਸ਼ ਵਿੱਚ ਹਰ ਸਾਲ ਜਨਮ ਲੈਣ ਵਾਲ਼ੇ 2.6 ਕਰੋੜ ਬੱਚਿਆਂ ਬਾਰੇ ਤਾਂ ਸਹਿਜੇ ਹੀ ਕਿਆਸ ਲਗਾਇਆ ਜਾ ਸਕਦਾ ਹੈ। ਇਹਨਾਂ ਬੱਚਿਆਂ ਵਿੱਚ ਜ਼ਿਆਦਾ ਆਮ ਕਿਰਤੀ ਲੋਕਾਂ ਅਤੇ ਹੇਠਲੇ ਮੱਧ–ਵਰਗ ਦੇ ਬੱਚੇ ਹੀ ਸ਼ਾਮਿਲ ਹਨ ਜੋ ਟੀਕਾਕਰਨ ਲਈ ਸਰਕਾਰੀ ਸੇਵਾਵਾਂ 'ਤੇ ਨਿਰਭਰ ਹੁੰਦੇ ਹਨ ਜਦਕਿ ਅਮੀਰਾਂ ਦੇ ਬੱਚਿਆਂ ਲਈ ਆਕਰਸ਼ਕ ਕੀਮਤਾਂ 'ਤੇ ਪ੍ਰਾਈਵੇਟ ਕੰਪਨੀਆਂ ਦੀ ਵੈਕਸੀਨ ਉਪਲਬਧ ਰਹੇਗੀ ਅਤੇ ਮੱਧਵਰਗ ਵੀ ਆਪਣੀ ਜੇਬ 'ਤੇ ਵਾਧੂ ਭਾਰ ਪਾਕੇ ਆਪਣੇ ਅੱਖਾਂ ਦੇ ਤਾਰਿਆਂ ਦੇ ਟੀਕਾਕਰਨ ਨੂੰ ਹਰ ਹਾਲ ਵਿੱਚ ਪੂਰਾ ਕਰੇਗਾ ਪਰ ਸਭ ਤੋਂ ਵੱਧ ਮਾਰ ਕਿਰਤੀਆਂ ਦੇ ਬੱਚਿਆਂ 'ਤੇ ਹੀ ਪਵੇਗੀ। ਇੱਥੇ ਇਹ ਵੀ ਵਰਣਨਯੋਗ ਹੈ ਕਿ ਭਾਰਤ ਵਿੱਚ ਕਿਰਤੀਆਂ ਦੀ ਵੱਡੀ ਸੰਖਿਆ ਅਖੌਤੀ ਦਲਿਤ ਅਤੇ ਸਮਾਜਿਕ ਤੌਰ 'ਤੇ ਪਛੜੇ ਹੋਏ ਭਾਈਚਾਰੇ ਨਾਲ਼ ਸੰਬੰਧ ਰੱਖਦੀ ਹੈ, ਨਾਲ਼ ਹੀ ਇੱਥੇ ਇਹ ਵੀ ਵਰਣਨਯੋਗ ਹੈ ਜਿਸ ਮੰਤਰਾਲੇ ਦੀ ਯੋਗ ਅਗਵਾਈ ਹੇਠ ਇਹ ਤਿੰਨੇ ਸੰਸਥਾਵਾਂ ਬੰਦ ਹੋ ਰਹੀਆਂ ਹਨ ਉਸ ਦਾ ਮੁਖੀ ਸ਼੍ਰੀ ਅਰਜਨ ਸਿੰਘ ਹੈ ਜਿਸ ਨੇ ਹੁਣੇ–ਹੁਣੇ ਸਮਾਜਿਕ ਤੌਰ 'ਤੇ ਪਛੜੇ ਲੋਕਾਂ ਲਈ ਮੁੱਠੀ ਭਰ ਸਰਕਾਰੀ ਵਿਦਿਅਕ ਸੰਸਥਾਵਾਂ ਵਿੱਚ ਰਾਖਵਾਂਕਰਨ ਦੇ ਦੰਗਲ ਵਿੱਚ ਉਲੰਪਿਕ ਮੈਡਲ ਜਿੱਤਿਆ ਹੈ।

ਸਭ ਤੋਂ ਵੱਧ ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਬਲੀ ਦੀ ਚਰਚਾ ਨਾ ਤਾਂ ਕਿਸੇ 'ਸਨਸਨੀ' 'ਪ੍ਰਾਈਮ ਟਾਈਮ' 'ਵਿਸ਼ੇਸ਼' ਵਿੱਚ ਹੋਈ ਨਾ ਹੀ ਇਸ ਵਿਸ਼ੇ 'ਤੇ 'ਹਮ ਲੋਗ' ਵਿੱਚ ਕੋਈ 'ਮੁਕਾਬਲਾ' ਹੋਇਆ। ਇਸ ਤੋਂ ਵੀ ਵੱਧ ਇਸ ਖਬਰ ਨੂੰ ਪ੍ਰਿੰਟ ਮੀਡੀਏ ਨੇ ਕੋਈ 'ਸਰਬਜੀਤ ਦੀ ਰਿਹਾਈ' ਜਾਂ 'ਸ਼ੇਅਰ ਸੂਚਕ ਅੰਕ 'ਚ ਗਿਰਾਵਟ' ਜਾਂ 'ਭਾਰਤ 20–20 ਵਿੱਚ ਵਿਸ਼ਵ ਵਿਜੇਤਾ' ਦੀ ਤਰਾਂ, ਪਹਿਲੇ ਪੰਨੇ ਤਾਂ ਛੱਡੋ ਤੀਜੇ–ਚੌਥੇ ਪੰਨੇ 'ਤੇ ਵੀ ਜਗ੍ਹਾ ਦੇਣੀ ਜ਼ਰੂਰੀ ਨਹੀਂ ਸਮਝੀ ਨਾ 'ਭਾਰਤੀ ਜਮਹੂਰੀਅਤ' 'ਬੱਚਿਆਂ ਨੂੰ ਸੈਕਸ ਸਿੱਖਿਆ' ਆਦਿ ਜਿਹੇ ਵਿਸ਼ਿਆਂ 'ਤੇ ਘੰਟਿਆਂ ਬੱਧੀ ਬੋਲਣ ਤੇ ਹਜ਼ਾਰਾਂ ਕਾਗਜ਼ ਕਾਲੇ ਕਰਨ ਵਾਲ਼ੇ ਬੁੱਧੀਜੀਵੀਆਂ ਨੂੰ ਹੀ ਇਹ ਵਿਸ਼ਾ 'ਅਪੀਲ' ਕਰਨ ਵਿੱਚ ਕਾਮਯਾਬ ਰਿਹਾ। ਸਭ ਤੋਂ ਵੱਧ ਹੈਰਾਨੀ ਇਸ ਗੱਲ ਦੀ ਹੋਈ ਕਿ ਹਰ ਵੱਡੇ–ਛੋਟੇ ਮੁੱਦੇ 'ਤੇ ਕਲਾਬਾਜ਼ੀਆਂ ਦਿਖਾਉਣ ਵਾਲ਼ੇ ਸੰਸਦੀ ਕਮਿਊਨਿਸਟ ਵੀ ਇਸ ਵਾਰ ਸ਼ਾਂਤ ਰਹੇ ਅਤੇ 'ਹਿੰਦੋਸਤਾਨ ਨਿਰਮਾਣ ਸੈਨਾ' ਦੇ ਸਿਪਾਹੀ ਹਮੇਸ਼ਾਂ ਦੀ ਤਰ੍ਹਾਂ ਚੁੱਪ ਹੀ ਰਹੇ (ਇਸ ਵਿੱਚ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ।) ਤੇ ਹਾਂ ਸੱਚ, ਇਹ 'ਯੂਥ ਫਾਰ ਇਕੁਐਲਟੀ' ਕਿੱਥੇ ਹੈ?

ਹੁਣ ਅਸੀਂ ਇਹਨਾਂ ਸੰਸਥਾਵਾਂ ਦੇ ਬੰਦ ਹੋਣ ਦੇ ਕਾਰਨਾਂ ਬਾਰੇ ਚਰਚਾ ਕਰਾਂਗੇ–ਜੋ ਮੋਟੇ ਤੌਰ 'ਤੇ ਦੋ ਤਰ੍ਹਾਂ ਦੇ ਹਨ–ਪਹਿਲੀ ਕਿਸਮ ਹੈ ਸਰਕਾਰੀ ਤੌਰ 'ਤੇ ਦੱਸੇ ਗਏ ਤੇ ਦੂਜੇ ਹਨ ਪਰਦੇ ਪਿਛਲੇ, ਭਾਵ ਅਸਲੀ ਕਾਰਨ। ਅਸੀਂ ਪਹਿਲਾਂ ਸਰਕਾਰੀ ਕਾਰਨਾਂ ਦੀ ਗੱਲ ਕਰਾਂਗੇ।

ਲਾਇਸੈਂਸ ਕੈਂਸਲ ਕਰਨ ਵਾਲ਼ੀ ਅਥਾਰਿਟੀ ਅਨੁਸਾਰ ਇਹ ਤਿੰਨੇ ਸੰਸਥਾਵਾਂ ਵਿਸ਼ਵ ਭਰ ਦੀ ਸਿਹਤ ਦੀ ਰਖਵਾਲੀ ਕਰਨ ਵਾਲ਼ੀ ਵਿਸ਼ਵ ਸਿਹਤ ਸੰਗਠਨ (WHO) ਦੇ ਮਾਪਦੰਡਾਂ 'ਤੇ ਖਰੀਆਂ ਨਹੀਂ ਉਤਰਦੀਆਂ। ਇਹਨਾਂ ਸੰਸਥਾਵਾਂ ਦੀ ਚੈਕਿੰਗ ਕਰਨ ਵਾਲ਼ੀ ਕਮੇਟੀ ਨੂੰ ਜ਼ਿਆਦਾ ਇਤਰਾਜ ਸਟਾਫ਼ ਦੀ ਕਮੀ, ਇਮਾਰਤਾਂ ਦੀ ਬਣਤਰ ਅਤੇ ਇਹਨਾਂ ਸੰਸਥਾਵਾਂ ਦੇ ਉਤਪਾਦਾਂ ਦੀ ਗੁਣਵੱਤਾ ਕੰਟਰੋਲ ਕਰਨ ਵਾਲ਼ੀ ਪ੍ਰਣਾਲੀ 'ਤੇ ਹਨ।

ਬੀ.ਸੀ.ਜੀ. ਵੈਕਸੀਨ ਲੈਬਾਰਟਰੀ, ਚੇਨਈ ਵਿੱਚ 47 ਪੋਸਟਾਂ ਖਾਲੀ ਹਨ, ਬੀ.ਸੀ.ਜੀ. ਲੈਬੋਰੇਟਰੀ ਅਤੇ ਪਾਸਚਰ ਇੰਸਟੀਚਿਊਟ ਦਾ ਮੁਖੀ ਇੱਕੋ ਹੀ ਆਦਮੀ ਹੈ, ਇਹ ਕੋਈ ਅਜਿਹੀਆਂ ਮੁਸ਼ਕਲਾਂ ਨਹੀਂ ਹਨ ਜੋ, ਜੇ ਸਰਕਾਰ ਚਾਹੇ, ਤਾਂ ਦੂਰ ਨਹੀਂ ਕਰ ਸਕਦੀ।

ਦੂਜੇ ਇਤਰਾਜ ਹਨ ਇਮਾਰਤਾਂ ਦੀ ਬਣਤਰ ਬਾਰੇ, ਜਿਵੇਂ ਕਿ ਇਮਾਰਤਾਂ ਪੁਰਾਣੀਆਂ ਹਨ, ਛੱਤਾਂ ਦੀ ਉਚਾਈ 12 ਫੁੱਟ ਤੋਂ ਘੱਟ ਹੈ ਇਤਿਆਦਿ, ਪਰ ਇਹ ਵੀ ਕੋਈ ਇਹੋ ਜਿਹੀਆਂ ਮੁਸ਼ਕਿਲਾਂ ਨਹੀਂ ਜਿਹਨਾਂ ਕਰਕੇ ਬਦਲਵੀਆਂ ਨਵੀਆਂ ਇਮਾਰਤਾਂ ਦੇ ਬਣਨ ਤੋਂ ਪਹਿਲਾਂ ਹੀ ਇਹਨਾਂ ਸੰਸਥਾਵਾਂ ਨੂੰ ਬੰਦ ਕਰਨਾ ਪਵੇ।

ਤੀਸਰੇ ਇਤਰਾਜ ਹਨ ਗੁਣਵੱਤਾ ਕੰਟਰੋਲ ਵਾਲ਼ੀ ਪ੍ਰਣਾਲੀ ਬਾਰੇ, ਜਿਸ ਬਾਰੇ ਬੀ.ਸੀ.ਜੀ. ਲੈਬੋਰੇਟਰੀ, ਚੇਨਈ ਅਤੇ ਪਾਸਚਰ ਇੰਸਟੀਚਿਊਟ ਦੇ ਮੁਖੀ ਡਾ. ਐੱਨ. ਅਲੈਂਗਸਵਾਰਨ ਦਾ ਕਹਿਣਾ ਹੈ, "ਵੈਕਸੀਨ ਜਾਂ ਕਿਸੇ ਦਵਾਈ ਨੂੰ ਬਣਾਉਣ ਲਈ ਲਾਇਸੈਂਸ ਉਸ ਉਤਪਾਦ ਦੀ ਸੁਰੱਖਿਅਤਾ, ਸੁਸ਼ਲਤਾ, ਗੁਣਵਤਾ ਅਤੇ ਸਪਲਾਈ ਵਿੱਚ ਲਗਾਤਾਰਤਾ ਦੀ ਵਿਗਿਆਨਕ ਪੜਚੋਲ ਅਤੇ ਇਸ ਤੋਂ ਪਿੱਛੋਂ ਇਹਨਾਂ ਮਾਪਦੰਡਾਂ ਵਿੱਚ ਸਾਹਮਣੇ ਆਉਣ ਵਾਲ਼ੇ ਕਿਸੇ ਵੀ ਕਿਸਮ ਦੇ ਉਲਟੇ ਨਤੀਜਿਆਂ ਦੇ ਆਧਾਰ 'ਤੇ ਜਾਰੀ ਕੀਤਾ ਜਾਂਦਾ ਹੈ।....ਪਰ ਅੱਜ ਤੱਕ ਟੀਕਾਕਰਨ ਤੋਂ ਬਾਅਦ ਗ਼ਲਤ ਪ੍ਰਭਾਵਾਂ ਵਾਲ਼ੀ ਇੱਕ ਵੀ ਰਿਪੋਰਟ ਦੇਸ਼ ਭਰ ਵਿੱਚ ਸਾਹਮਣੇ ਨਹੀਂ ਆਈ, ਇਸ ਦਾ ਮਤਲਬ ਸਾਫ਼ ਹੈ ਕਿ ਵੈਕਸੀਨਾਂ ਪੂਰੀ ਤਰ੍ਹਾਂ ਸੁਰੱਖਿਅਤ ਹਨ।" ਪਰ ਡਾ. ਸਾਹਿਬ ਨਹੀਂ ਸਮਝੇ ਤਾਂ ਇਹ ਕਿ ਵੈਕਸੀਨਾਂ ਤਾਂ ਸੁਰੱਖਿਅਤ ਹਨ ਪਰ ਦੇਸੀ ਵਿਦੇਸ਼ੀ ਕੰਪਨੀਆਂ 'ਤੇ ਪੂੰਜੀਪਤੀਆਂ ਦੇ ਹਿੱਤ ਸੁਰੱਖਿਅਤ ਨਹੀਂ ਜੋ ਹੁਣ ਸਿਹਤ ਵਿੱਚ ਵੀ ਮੁਨਾਫ਼ੇ ਦੇ ਲੱਡੂ ਦੇਖਦੇ ਹਨ।

ਇਸ ਤਰ੍ਹਾਂ ਮੈਡੀਕਲ ਖੋਜ ਸੰਬੰਧੀ ਮੈਗਜ਼ੀਨ ਇੰਡੀਅਨ ਜਰਨਲ ਆਫ਼ ਮੈਡੀਕਲ ਰੀਸਰਚ ਦੇ ਸੰਪਾਦਕ ਡਾ. ਜੈਕਬ ਐੱਮ. ਪਲੀਏਲ ਦਾ ਕਹਿਣਾ ਹੈ : "ਸਾਡੀਆਂ ਵੈਕਸੀਨਾਂ ਦੀ ਗੁਣਵੱਤਾ ਬਾਰੇ ਕਦੇ ਵੀ ਕੋਈ ਗਲਤ ਨਤੀਜਾ ਸਹਮਣੇ ਨਹੀਂ ਆਇਆ। ਹਾਂ, ਸੈਂਟਰਲ ਰੀਸਰਚ ਇੰਸਟੀਚਿਊਟ, ਕੌਸਲੀ ਨੂੰ ਅਪਗਰਡੇ ਕਰਨ ਲਈ 30 ਕਰੋੜ ਰੁਪਏ ਬਹੁਤ ਹੋਣਗੇ ਤੇ ਇੰਨੇ ਹੀ ਸ਼ਾਇਦ ਪਾਸਚਰ ਇੰਸਟੀਚਿਊਟ ਲਈ। ਪਰ ਹੁਣ ਸਰਕਾਰੀ ਸਪਲਾਈ ਬੰਦ ਹੋਣ ਨਾਲ਼ ਕੀਮਤਾਂ ਵਧਣਗੀਆਂ।" ਪਰ ਸਿਹਤ ਮੰਤਰੀ ਦੀਆਂ ਯੋਜਨਾਵਾਂ ਸੁਣੋ ਚੇਨਈ ਲਾਗੇ 160 ਕਰੋੜ ਦੀ ਲਾਗਤ ਨਾਲ਼ ਨਵਾਂ ਵੈਕਸੀਨ ਪਾਰਕ ਬਣਾਇਆ ਜਾਵੇਗਾ। ਸਮਝ ਨਹੀਂ ਆਉਂਦੀ, ਜਦੋਂ ਸਰਕਾਰ ਕੋਲ਼ 60 ਕਰੋੜ ਰੁਪਏ ਨਹੀਂ ਤਾਂ 160 ਕਰੋੜ ਕਿਥੋਂ ਆਉਣਗੇ ?

ਇਸ ਤੋਂ ਇਲਾਵਾ ਅਜਿਹਾ ਨਹੀਂ ਕਿ ਇਹ ਸੰਸਥਾਵਾਂ ਠੀਕ ਤਰੀਕੇ ਨਾਲ਼ ਕੰਮ ਨਹੀਂ ਕਰ ਰਹੀਆਂ, ਇਹਨਾਂ ਤਿੰਨਾਂ ਸੰਸਥਾਵਾਂ ਨੇ ਪਿਛਲੇ ਦੋ ਸਾਲਾਂ ਭਾਵ 2005 ਤੋਂ 2007 ਤੱਕ ਆਪਣੀ ਉਤਪਾਦਨ ਸ਼ਕਤੀ ਲੱਗਭੱਗ ਦੁੱਗਣੀ ਕਰ ਲਈ ਹੈ। ਹੋਰ ਤਾਂ ਹੋਰ ਇਕੱਲੇ ਪਾਸਚਰ ਇੰਸਟੀਚਿਊਟ ਨੇ ਪਿੱਛਲੇ ਸਾਲ 30 ਕਰੋੜ ਰੁਪਏ ਕਮਾਏ ਉਹ ਵੀ ਸਸਤੀ ਦਰ 'ਤੇ ਵੈਕਸੀਨ ਉਪਲੱਬਧ ਕਰਵਾਕੇ। ਇੱਕ ਹੋਰ ਦਿਲਚਸਪ ਗੱਲ ਇਹ ਵੀ ਹੈ ਕਿ ਜੂਨ 19, 2007 ਨੂੰ ਸਿਹਤ ਮੰਤਰੀ ਨੇ ਪਾਸਚਰ ਇੰਸਟੀਚਿਊਟ ਦੀ 100ਵੀਂ ਵਰ੍ਹੇਗੰਢ ਦੇ ਮੌਕੇ 'ਤੇ ਹਜ਼ਾਰਾਂ ਜਾਨਾਂ ਬਚਾਉਣ ਲਈ ਇਸ ਸੰਸਥਾ ਦੀ ਪ੍ਰਸ਼ੰਸਾ ਕੀਤੀ ਸੀ ਅਤੇ 60 ਲੱਖ ਦੀ ਲਾਗਤ ਵਾਲ਼ੀ ਗੁਣਵਤਾ ਕੰਟਰੋਲ ਕਰਨ ਵਾਲ਼ੀ ਮਸ਼ੀਨ ਦਾ ਉਤਘਾਟਨ ਕੀਤਾ ਸੀ ਤੇ ਸਾਇੰਸਦਾਨਾਂ ਨੂੰ ਅਗਲੇ 50 ਸਾਲਾਂ ਦੌਰਾਨ ਇਸ ਸੰਸਥਾ ਦੀ ਉੱਨਤੀ ਲਈ ਨਕਸ਼ਾ ਤਿਆਰ ਕਰਨ ਦਾ ਸੱਦਾ ਦਿੱਤਾ ਸੀ। ਤੇ ਹੁਣ ਸੱਤ ਮਹੀਨਿਆਂ ਬਾਅਦ ਹੀ ਉਹੀ ਮੰਤਰੀ ਕਹਿ ਰਿਹਾ ਹੈ : "ਇਹ ਸੰਸਥਾਵਾਂ ਬਹੁਤ ਪੁਰਾਣੀਆਂ ਹੋ ਗਈਆਂ ਹਨ"।

ਇਸ ਤਰ੍ਹਾਂ ਸਾਫ਼ ਹੋ ਜਾਂਦਾ ਹੈ ਕਿ ਇਹਨਾਂ ਸੰਸਥਾਵਾਂ ਨੂੰ ਬੰਦ ਕਰਨ ਪਿੱਛੇ ਸਰਕਾਰੀ ਤੌਰ 'ਤੇ ਦੱਸੇ ਗਏ ਕਾਰਨ ਹੀ ਕਾਫ਼ੀ ਨਹੀਂ ਸਗੋਂ ਅਸਲ ਕਾਰਨ ਤਾਂ ਹੋਰ ਹਨ ਜੋ ਭਾਰਤੀ ਸਰਮਾਏਦਾਰੀ ਦੀ ਮੈਨੇਜਿੰਗ ਕਮੇਟੀ, ਇਹ ਵਰਤਮਾਨ ਸਰਕਾਰ ਕਿਵੇਂ ਨਾ ਕਿਵੇਂ ਲੋਕਾਂ ਤੋਂ ਲੁਕਾਉਣਾ ਚਾਹੁੰਦੀ ਹੈ। ਇਹਨਾਂ ਕਾਰਨਾਂ ਨੂੰ ਹੋਰ ਸਪੱਸ਼ਟ ਕਰਦਾ ਹੈ ਸਮੇਂ ਦੀ ਧੂੜ ਥੱਲੇ ਦੱਬਿਆ ਪਿਆ ਇੱਕ ਬਹੁਤ ਹੀ ਸਨਸਨੀਖੇਜ ਤੱਥ।

1967-77 ਤੱਕ ਪਾਸਚਰ ਇੰਸਟੀਚਿਊਟ, ਓਰਲ ਪੋਲੀਓ ਵੈਕਸੀਨ (ਪੋਲੀਓ ਬੂੰਦਾਂ) ਦੇਸ਼ ਵਿੱਚ ਹੀ ਤਿਆਰ ਕਰਦਾ ਰਿਹਾ, ਉਹ ਵੀ ਪੋਲੀਓ ਬੂੰਦਾਂ ਦੀ ਖੋਜ ਕਰਨ ਵਾਲ਼ੇ ਸਾਇਸਦਾਨ ਏ.ਬੀ. ਸੈਬਿਨ ਦੁਆਰਾ ਮੁਹੱਈਆ ਕਰਵਾਏ ਗਏ ਵੈਕਸੀਨ ਵਾਇਰਸ ਤੋਂ। ਪਾਸਚਰ ਇੰਸਟੀਚਿਊਟ ਨੇ ਇਸ ਵੈਕਸੀਨ ਦੇ 6 ਬੈਚ ਤਿਆਰ ਕੀਤੇ ਅਤੇ ਉਹ ਸੰਸਾਰ-ਪੱਧਰ ਦੇ ਪਾਏ ਗਏ ਪਰ ਸੱਤਵੇਂ ਬੈਚ 'ਤੇ ਇਹ ਸ਼ੰਕਾ ਜ਼ਾਹਿਰ ਕੀਤੀ ਗਈ ਕਿ ਇਹ ਬੀਮਾਰੀ ਰੋਕਣ ਦੀ ਬਜਾਏ ਬਿਮਾਰੀ ਫੈਲਾ ਸਕਦਾ ਹੈ। ਹੁਣ ਹੋਣਾ ਤਾਂ ਇਹ ਚਾਹੀਦਾ ਸੀ ਕਿ ਉਸ ਬੈਚ ਨੂੰ ਖਾਰਿਜ ਕਰ ਦਿੱਤਾ ਜਾਂਦਾ (ਜਿਸ ਤਰ੍ਹਾਂ ਸਾਰੀਆਂ ਕੰਪਨੀਆਂ ਕਰਦੀਆਂ ਹਨ) ਅਤੇ ਦੁਬਾਰਾ ਨਵੇਂ ਸਿਰੇ ਤੋਂ ਉਤਪਾਦਨ ਸ਼ੁਰੂ ਕੀਤਾ ਜਾਂਦਾ ਪਰ ਇਥੇ ਹੋਇਆ ਇਹ ਕਿ ਉਸ ਤੋਂ ਬਾਅਦ ਉਤਪਾਦਨ ਸਦਾ ਲਈ ਬੰਦ ਕਰ ਦਿੱਤਾ ਗਿਆ। ਇਹ ਗੱਲ 1977 ਦੀ ਹੈ ਅਤੇ 1978 ਵਿੱਚ ਪੋਲੀਓ ਵੈਕਸੀਨ ਨੂੰ ਭਾਰਤ ਸਰਕਾਰ ਨੇ ਆਪਣੇ ਟੀਕਾਕਰਨ ਪ੍ਰੋਗਰਾਮ ਵਿੱਚ ਸ਼ਾਮਿਲ ਕੀਤਾ ਜਿਸ ਕਾਰਨ ਪੋਲੀਓ ਵੈਕਸੀਨ ਦੀ ਮੰਗ ਇਕਦਮ ਵੱਧ ਗਈ ਪਰ ਕੋਈ ਵੀ ਘਰੇਲੂ ਉਤਪਾਦਕ ਯੂਨਿਟ ਨਾ ਹੋਣ ਕਰਕੇ ਭਾਰਤ ਸਰਕਾਰ ਨੇ ਸਾਰੀ ਦੀ ਸਾਰੀ ਵੈਕਸੀਨ ਬਾਹਰੋਂ ਮੰਗਵਾਈ, ਤੇ ਇਹ ਸਿਲਸਿਲਾ ਹੁਣ ਤੱਕ ਜਾਰੀ ਹੈ। ਅੱਜ ਵੀ ਪਲਸ ਪੋਲੀਓ ਲਈ ਵੈਕਸੀਨ ਸਪਲਾਈ ਪ੍ਰਾਈਵੇਟ ਕੰਪਨੀਆਂ ਦੇ ਹੱਥ ਵਿੱਚ ਹੈ। ਇਸ ਤੋਂ ਜ਼ਿਆਦਾ ਸਨਸਨੀਖੇਜ਼ ਗੱਲ ਇਹ ਹੈ ਕਿ ਬਾਅਦ ਵਿੱਚ ਵਿਸ਼ਵ ਸਿਹਤ ਸੰਗਠਨ ਦੇ ਪ੍ਰਸਿੱਧ ਵਿਗਿਆਨਕ, ਐੱਸ. ਅਚੇਤੀ ਨੇ ਇਹ ਪਤਾ ਲਗਾਇਆ ਕਿ ਖਰਾਬ ਐਲਾਨੇ ਬੈਚ ਵਿੱਚ ਕੋਈ ਵੀ ਖਰਾਬੀ ਨਹੀਂ ਸੀ, ਸਗੋਂ ਉਸਦੀ ਗੁਣਵੱਤਾ ਸੰਸਾਰ ਪੱਧਰ ਦੀ ਸੀ ਅਤੇ ਇਥੇ ਹੀ ਇਹ ਵੀ ਸਾਹਮਣੇ ਆ ਗਿਆ ਕਿ ਸਰਕਾਰੀ ਲੈਬੋਰੇਟਰੀ ਦੁਆਰਾ ਪੇਸ਼ ਕੀਤੀ ਗਈ ਜਾਂਚ ਰਿਪੋਰਟ ਹੀ ਗਲਤ ਸੀ।

ਇਸੇ ਤਰ੍ਹਾਂ 1989 ਵਿੱਚ, ਸੈਕ ਪੋਲੀਓ ਵੈਕਸੀਨ ਅਤੇ ਖਸਰੇ ਦੀ ਵੈਕਸੀਨ ਤਿਆਰ ਕਰਨ ਲਈ ਇੱਕ ਪਲਾਂਟ ਗੁੜਗਾਉਂ ਵਿੱਚ ਲਗਾਇਆ ਗਿਆ। ਇਸ ਪਲਾਂਟ ਲਈ ਤਕਨੀਕ ਲੈਣ ਲਈ ਫਰਾਂਸ ਸਰਕਾਰ ਨਾਲ਼ ਸਮਝੌਤਾ ਕੀਤਾ ਗਿਆ ਪਰ ਫੀਸ ਦਾ ਕਾਫ਼ੀ ਹਿੱਸਾ ਤਾਰਨ ਦੇ ਬਾਵਜੂਦ ਵੀ ਇਹ ਸਮਝੌਤਾ ਪੂਰਾ ਨਹੀਂ ਕੀਤਾ ਗਿਆ ਤੇ ਇਹ ਪਲਾਂਟ ਉਸ ਸਮੇਂ ਤੋਂ ਹੀ ਬੰਦ ਪਿਆ ਹੈ। ਇਥੇ ਵੀ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਖਸਰੇ ਦੀ ਵੈਕਸੀਨ ਦੀ ਸਪਲਾਈ ਸੀਰਮ ਇੰਸਟੀਚਿਊਟ ਨਾਂ ਦੀ ਪ੍ਰਾਈਵੇਟ ਕੰਪਨੀ ਕਰਦੀ ਹੈ।

ਇਸ ਤਰ੍ਹਾਂ ਇੱਕ ਵਾਰ ਫੇਰ ਸਰਕਾਰ ਕਿਰਤੀ ਲੋਕਾਂ ਨਾਲ਼ ਧੋਖਾ ਕਰਨ ਜਾ ਰਹੀ ਹੈ, ਸਿਹਤ ਮੰਤਰੀ ਦਾ ਸੁਪਨਾ 'ਵੈਕਸੀਨ ਪਾਰਕ' ਵੀ ਗੁੜਗਾਉਂ ਦੇ ਪਲਾਂਟ ਵਾਂਗ ਸਮੇਂ ਤੇ ਲਾਲਚ ਦੀ ਧੂੜ ਵਿੱਚ ਦਬ ਜਾਵੇਗਾ। ਪਹਿਲਾਂ ਤਾਂ ਸਿੱਧਾ-ਸਿੱਧਾ ਲੱਖਾਂ-ਕਰੋੜਾਂ ਬੱਚੇ ਟੀਕਾਕਰਨ ਤੋਂ ਵਾਂਝੇ ਹੋ ਜਾਣਗੇ (ਭਾਵੇਂ ਪਹਿਲਾਂ ਵੀ ਇਸ ਸਰਵਵਿਆਪਕ ਟੀਕਾਕਰਨ ਪ੍ਰੋਗਰਾਮ ਦੀ ਪਹੁੰਚ 40% ਬੱਚਿਆਂ ਤੱਕ ਹੀ ਸੀਮਤ ਹੈ) ਜੋ ਸਰਕਾਰ ਸਸਤੇ ਰੇਟਾਂ 'ਤੇ ਪ੍ਰਾਈਵੇਟ ਕੰਪਨੀਆਂ ਤੋਂ ਵੈਕਸੀਨ ਖਰੀਦਣ ਦੀ ਗੱਲ ਕਰਦੀ ਹੈ ਉਸ 'ਤੇ ਵੀ ਸੰਦੇਹ ਹੀ ਕੀਤਾ ਜਾ ਸਕਦਾ ਹੈ ਕਿਉਂਕਿ ਜਿੰਨੇ ਰੁਪਏ ਦੀ ਵੈਕਸੀਨ ਸਰਕਾਰ ਖਰੀਦੇਗੀ, ਉਨੀ ਹੀ ਰਕਮ ਨਾਲ਼ ਇਹਨਾਂ ਸੰਸਥਾਨਾਂ ਨੂੰ ਚਾਲੂ ਰੱਖਿਆ ਜਾ ਸਕਦਾ ਹੈ। ਚਲੋ ਜੇ ਮੰਨ ਵੀ ਲਈਏ ਕਿ ਏਦਾਂ ਹੋ ਜਾਂਦਾ ਹੈ ਤਾਂ ਇਹਨਾਂ ਸੰਸਥਾਨਾਂ ਵਿੱਚ ਹੋਣ ਵਾਲ਼ੇ ਖੋਜ ਕੰਮਾਂ ਦਾ ਕੀ ਬਣੇਗਾ ? ਅਤੇ ਇਥੇ ਟਰੇਨਿੰਗ ਹਾਸਲ ਕਰਨ ਵਾਲ਼ੇ ਨਵੇਂ ਵਿਗਿਆਨੀਆਂ, ਤਕਨੀਸ਼ੀਅਨਾਂ ਦੀ ਪੂਰਤੀ ਕਿਥੋਂ ਹੋਵੇਗੀ ? ਚਲੋ ਜੇ ਸਿਹਤ ਮੰਤਰੀ ਜੀ ਆਪਣਾ ਸੁਪਨਾ ਪੂਰਾ ਕਰ ਵੀ ਲੈਂਦੇ ਹਨ ਤਾਂ 2008 ਤੋਂ 2011 ਤੱਕ ਖੋਜ-ਪੱਤਰ ਦਾ ਕੀ ਬਣੇਗਾ, ਭਾਰਤ ਤਾਂ ਪਹਿਲਾਂ ਹੀ ਇਸ ਮਾਮਲੇ ਵਿੱਚ ਬਹੁਤ ਪਛੜਿਆ ਹੋਇਆ ਹੈ।

ਪ੍ਰਾਈਵੇਟ ਕੰਪਨੀਆਂ ਤੋਂ ਸਸਤੀਆਂ ਵੈਕਸੀਨਾਂ ਖਰੀਦਣ ਦੇ ਸਰਕਾਰੀ ਦਾਅਵੇ ਦੀ ਪੋਲ ਤਾਂ ਯੂਨੀਸੈਫ (UNICEF) ਦੀ 2003 ਵਿੱਚ ਪ੍ਰਕਾਸ਼ਿਤ **'ਬੱਚਿਆਂ ਲਈ ਵੈਕਸੀਨ : ਸਪਲਾਈ ਖਤਰੇ ਵਿੱਚ'** ਨਾਂ ਦੀ ਰਿਪੋਰਟ ਹੀ ਖੋਲ ਦਿੰਦੀ ਹੈ। ਇਸ ਰਿਪੋਰਟ ਅਨੁਸਾਰ : "ਕਿਉਂਕਿ ਵਿਕਸਿਤ ਦੇਸ਼ਾਂ ਵਿੱਚ ਬਹੁਤ ਜ਼ਿਆਦਾ ਸੋਧੀਆਂ ਤੇ ਜ਼ਿਆਦਾ ਮਹਿੰਗੀਆਂ ਵੈਕਸੀਨਾਂ ਮਾਰਕੀਟ ਵਿੱਚ ਉਤਾਰੀਆਂ ਜਾ ਰਹੀਆਂ ਹਨ......ਵੈਕਸੀਨ ਬਣਾਉਣ ਵਾਲ਼ੀਆਂ ਕੰਪਨੀਆਂ ਪਹਿਲਾਂ ਹੀ ਵਿਕਾਸਸ਼ੀਲ ਦੇਸ਼ਾਂ ਵਿੱਚ ਵਰਤੀਆਂ ਜਾਣ ਵਾਲ਼ੀਆਂ ਸਸਤੀਆਂ ਤੇ ਪੁਰਾਣੀ ਕਿਸਮ ਦੀਆਂ ਵੈਕਸੀਨਾਂ ਬਣਾਉਣੀਆਂ ਹੌਲ਼ੀ ਹੌਲ਼ੀ ਬੰਦ ਕਰ ਰਹੀਆਂ ਹਨ। ਇਸ ਕਰਕੇ ਯੂਨੀਸੈਫ ਨੂੰ ਵੈਕਸੀਨਾਂ ਦੀ ਸਪਲਾਈ ਵਿੱਚ ਭਾਰੀ ਕਮੀ ਹੋਈ ਹੈ ਅਤੇ ਨਾਲ਼ ਹੀ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ ਜਿਵੇਂ ਕਿ ਸਾਲ 2000 ਤੋਂ 2001 ਦਰਮਿਆਨ ਬੀ.ਸੀ.ਜੀ. ਦੀ ਕੀਮਤ 27 ਪ੍ਰਤੀਸ਼ਤ, ਖਸਰੇ ਦੀ ਵੈਕਸੀਨ ਦੀ ਕੀਮਤ 10 ਪ੍ਰਤੀਸ਼ਤ, ਡੀ.ਪੀ.ਟੀ. ਦੀ ਕੀਮਤ 15 ਪ੍ਰਤੀਸ਼ਤ ਤੇ ਟੈਟਨਸ ਵੈਕਸੀਨ ਦੀ ਕੀਮਤ 23 ਪ੍ਰਤੀਸ਼ਤ ਵਧ ਗਈ ਅਤੇ ਇਹਨਾਂ ਵਿੱਚ ਅੱਗੇ ਹੋਰ ਉਛਾਲ ਆਉਣ ਦੀ ਸੰਭਾਵਨਾ ਹੈ। ਜੇ ਇੱਕ ਵਿਸ਼ਵ ਪੱਧਰੀ ਸੰਸਥਾ ਇਹ ਮੰਨ ਰਹੀ ਹੈ ਤਾਂ ਭਾਰਤ ਸਰਕਾਰ ਸਸਤੇ ਰੇਟਾਂ 'ਤੇ ਵੈਕਸੀਨ ਦੀ ਪਹਿਲਾਂ ਜਿੰਨੀ ਮਾਤਰਾ ਵਿੱਚ ਪੂਰਤੀ ਕਿਥੋਂ ਯਕੀਨੀ ਬਣਾਵੇਗੀ ਇਹ ਤਾਂ 'ਗਰੀਬਾਂ ਦਾ ਮਸੀਹਾ' ਸਾਡਾ ਸਿਹਤ ਮੰਤਰੀ ਵੀ ਸ਼ਾਇਦ ਨਾ ਦੱਸ ਸਕੇ।

ਅਸਲ ਵਿੱਚ ਇਹ ਸਾਰਾ ਕੁਝ ਪ੍ਰਾਈਵੇਟ ਕੰਪਨੀਆਂ ਦੀ ਵੈਕਸੀਨਾਂ ਦੇ ਭਾਰੀ ਮੁਨਾਫ਼ੇ ਵਾਲ਼ੇ ਖੇਤਰ ਵਿੱਚ ਪਿਛਲੇ ਦਰਵਾਜੇ ਰਾਹੀਂ ਐਂਟਰੀ ਕਰਵਾਉਣ ਲਈ ਹੋ ਰਿਹਾ ਹੈ। ਇੱਕ ਪਾਸੇ ਤਾਂ ਸਰਕਾਰੀ ਪ੍ਰੋਗਰਾਮ ਦੀ ਪਹੁੰਚ ਸਿਰਫ 40% ਬੱਚਿਆਂ ਤੱਕ ਹੀ ਹੋਈ ਹੈ ਦੂਜੇ ਪਾਸੇ ਸਰਕਾਰ ਹੈਪੇਟਾਈਟਸ 'ਬੀ' ਤੇ ਹਿਬ (Hib) (ਇੱਕ ਕਿਸਮ ਦਾ ਨਿਮੂਨੀਆ) ਵਰਗੀਆਂ ਮਹਿੰਗੀਆਂ ਤੇ ਭਾਰਤੀ ਹਾਲਾਤਾਂ ਅਨੁਸਾਰ ਕਾਫੀ ਹੱਦ ਤੱਕ ਬੇਲੋੜੀਆਂ ਵੈਕਸੀਨਾਂ ਸਰਕਾਰੀ ਪ੍ਰੋਗਰਾਮ ਵਿੱਚ ਸ਼ਾਮਿਲ ਕਰਨ ਬਾਰੇ ਯੋਜਨਾਵਾਂ ਘੜ ਰਹੀ ਹੈ। ਪਰ ਕਿਉਂਕਿ ਉਹ ਵੈਕਸੀਨ ਪ੍ਰਾਈਵੇਟ ਅੰਤਰਰਾਸ਼ਟਰੀ ਕੰਪਨੀਆਂ ਦਾ ਉਤਪਾਦ ਹਨ, ਇਸ ਲਈ ਸਰਕਾਰ ਪਹਿਲੀਆਂ ਅਤਿ ਜ਼ਰੂਰੀ ਵੈਕਸੀਨਾਂ ਦਾ ਘੇਰਾ ਵਧਾਉਣ ਦੀ ਥਾਂ ਵਿਸ਼ਵ ਸਿਹਤ ਸੰਗਠਨ ਦੇ ਇਸ਼ਾਰੇ 'ਤੇ ਪ੍ਰਾਈਵਟ ਕੰਪਨੀਆਂ ਦੇ ਫਾਇਦੇ ਲਈ ਪੱਬਾਂ ਭਾਰ ਹੋਈ ਫਿਰਦੀ ਹੈ।

ਵੱਧ ਤੋਂ ਵੱਧ ਮੁਨਾਫ਼ਾ ਹੜੱਪਣ ਦੀ ਇਸ ਦੌੜ ਵਿੱਚ ਸਰਮਾਏਦਾਰੀ ਦੇ ਕੁਲ-ਪੁਰੋਹਿਤ ਬਿਲ ਗੇਟਸ ਦੁਆਰਾ ਸਥਾਪਿਤ ਸੰਸਾਰ ਵੈਕਸੀਨ ਤੇ ਟੀਕਾਕਰਨ ਸਹਿਯੋਗ ਸੰਸਥਾ ਅਤੇ ਅੰਤਰਰਾਸ਼ਟਰੀ ਟੀਕਾਕਰਨ ਪਹਿਲਕਦਮੀ ਵਰਗੀਆਂ ਗੈਰ ਸਰਕਾਰੀ ਸੰਸਥਾਵਾਂ (ਐੱਨ.ਜੀ.ਓ.) ਵੀ ਬਹੁਰਾਸ਼ਟਰੀ ਕੰਪਨੀਆਂ ਦੀ ਮਦਦ ਲਈ ਜੀ-ਜਾਨ ਇੱਕ ਕਰ ਰਹੀਆਂ ਹਨ। ਇਹ ਐੱਨ.ਜੀ.ਓ. ਪਹਿਲਾਂ ਪਹਿਲ ਕੁਝ ਸਹਾਇਤਾ ਦੇ ਨਾਂ ਦਾਨ ਦੇ ਕੇ ਵਿਕਾਸਸ਼ੀਲ ਦੇਸ਼ਾਂ ਦੀਆਂ ਸਰਕਾਰਾਂ ਨੂੰ ਮਹਿੰਗੀਆਂ ਵੈਕਸੀਨਾਂ ਸ਼ੁਰੂ ਕਰਨ ਲਈ ਪ੍ਰੇਰਦੀਆਂ ਹਨ ਪਰ ਬਾਅਦ ਵਿੱਚ ਹੱਥ ਖਿੱਚ ਲੈਂਦੀਆਂ ਹਨ, ਮਜਬੂਰਨ ਸਰਕਾਰਾਂ ਨੂੰ ਵਰਲਡ ਬੈਂਕ ਜਾਂ ਹੋਰ ਸਾਮਰਾਜੀ ਵਿੱਤੀ ਸੰਸਥਾਵਾਂ ਤੋਂ ਕਰਜਾ ਚੁਕਣਾ ਪੈਂਦਾ ਹੈ। ਬਹੁ ਚਰਚਿਤ ਪਲਸ ਪੋਲੀਓ ਮੁਹਿੰਮ ਵਿੱਚ ਵੀ ਇਹੀ ਹੋਇਆ, ਭਾਰਤ ਸਰਕਾਰ ਨੇ 20 ਮਿਲੀਅਨ ਡਾਲਰ ਦੀ ਸਹਾਇਤਾ 1995 ਵਿੱਚ ਇਸ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਪਰ ਛੇਤੀ ਦਾਨੀ ਹੱਥ ਥੱਕ ਗਏ ਅਤੇ ਭਾਰਤ ਸਰਕਾਰ ਨੂੰ ਪ੍ਰੋਗਰਾਮ ਚਾਲੂ ਰੱਖਣ ਲਈ 180 ਮਿਲੀਅਨ ਡਾਲਰ ਦਾ ਕਰਜ਼ਾ ਵਰਲਡ ਬੈਂਕ ਤੋਂ ਲੈਣਾ ਪਿਆ।

ਇਸ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਮੁਨਾਫੇ ਦੀ ਦੌੜ ਵਿੱਚ ਸ਼ਾਮਿਲ ਕੰਪਨੀਆਂ ਦੇ ਫਾਇਦੇ ਲਈ ਹੀ ਸਰਕਾਰ ਇਹ ਸਭ ਕੁੱਝ ਕਰ ਰਹੀ ਹੈ ਅਤੇ ਬੱਚਿਆਂ ਦੀ ਸਿਹਤ ਨਾਲ਼ ਸ਼ਰੇਆਮ ਖਿਲਵਾੜ ਕਰ ਰਹੀ ਹੈ। ਇਸ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਥੋੜ੍ਹੀ ਹੈ ਪਰ ਨਾਲ਼ ਹੀ ਪੂੰਜੀਵਾਦ ਤੋਂ ਸਾਨੂੰ ਇਸ ਤੋਂ ਵੱਧ ਕੋਈ ਉਮੀਦ ਵੀ ਤਾਂ ਨਹੀਂ ਕਰਨੀ ਚਾਹੀਦੀ।

ਰਿਲਾਇੰਸ ਦੁਆਰਾ ਆਂਧਰਾ ਪ੍ਰਦੇਸ਼ ਵਿੱਚ ਵਾਤਾਵਰਣ ਦੀ ਘਾਤਕ ਤਬਾਹੀ

—ਲਤਾ

ਦੇਸ਼ ਵਿੱਚ ਸਾਰੀਆਂ ਗੈਰ ਸਰਕਾਰੀ ਜੱਥੇਬੰਦੀਆਂ ਤੋਂ ਲੈ ਕੇ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵਾਤਾਵਰਣ ਦੀ ਤਬਾਹੀ ਨੂੰ ਲੈ ਕੇ ਅੱਜਕੱਲ ਕਾਫ਼ੀ ਸ਼ੋਰ ਮਚਾ ਰਹੀਆਂ ਹਨ। ਵਾਤਾਵਰਣ ਨੂੰ ਪਹੁੰਚ ਰਹੇ ਨੁਕਸਾਨ ਬਾਰੇ ਟੀ.ਵੀ., ਰੇਡੀਓ ਅਤੇ ਅਖਬਾਰਾਂ ਆਦਿ ਜ਼ਰੀਏ ਲੋਕਾਂ ਉੱਤੇ ਪੂਰੇ ਜ਼ੋਰ ਨਾਲ਼ ਭਾਸ਼ਣ ਝਾੜਿਆ ਜਾਂਦਾ ਹੈ। ਲੋਕਾਂ ਨੂੰ ਕਿਹਾ ਜਾਂਦਾ ਹੈ ਵਾਤਾਵਰਣ ਦੀ ਰੱਖਿਆ ਕਰੋ। ਇਸ ਨੂੰ ਬਚਾਓ! ਇਹ ਗੱਲ ਠੀਕ ਹੀ ਹੈ। ਪਰ ਵਾਤਾਵਰਣ ਨੂੰ ਹੋ ਰਹੇ ਨੁਕਸਾਨ ਲਈ ਜਿੰਮੇਦਾਰ ਕੌਣ ਹੈ? ਕੀ ਆਮ ਲੋਕ ਇਸ ਲਈ ਜਿੰਮੇਵਾਰ ਹਨ? ਪਹਾੜਾਂ ਨੂੰ ਨੰਗਾ ਕੌਣ ਕਰ ਰਿਹਾ ਹੈ? ਪਾਣੀ ਨੂੰ ਦੂਸ਼ਿਤ ਕੌਣ ਕਰ ਰਿਹਾ ਹੈ? ਸਮੁੰਦਰੀ ਤਟਾਂ ਦਾ ਵਪਾਰੀਕਰਨ ਕਰਕੇ ਉਹਨਾਂ ਨੂੰ ਤਬਾਹ ਕੌਣ ਕਰ ਰਿਹਾ ਹੈ? ਇਸ ਨੂੰ ਜਾਨਣਾ ਬਹੁਤ ਜਰੂਰੀ ਹੈ। ਸਰਕਾਰ ਅਤੇ ਉਸਦਾ ਸਾਰਾ ਪ੍ਰਚਾਰ ਤੰਤਰ ਤਾਂ ਇੰਝ ਦਿਖਾਵਾ ਕਰਦਾ ਹੈ ਜਿਵੇਂ ਸਾਰੇ ਵਾਤਾਵਰਣ ਦਾ ਸਤਿਆਨਾਸ਼ ਲੋਕਾਂ ਦੁਆਰਾ ਜੰਗਲ ਵਿੱਚੋਂ ਬਾਲਣ ਲਈ ਲੱਕੜੀ ਜੁਟਾਉਣ, ਮੱਛੀ ਫੜਨ ਆਦਿ ਰਾਹੀਂ ਹੋ ਰਿਹਾ ਹੈ! ਪਰ ਸਾਰੇ ਅਧਿਐਨ ਇਹ ਸਾਬਿਤ ਕਰਦੇ ਹਨ ਕਿ ਪਿੰਡਾਂ ਵਿੱਚ ਰਹਿਣ ਵਾਲ਼ੇ ਆਦਿਵਾਸੀ ਵਾਤਾਵਰਣ ਨਾਲ਼ ਸਭ ਤੋਂ ਵੱਧ ਦੋਸਤਾਨਾ ਢੰਗ ਨਾਲ਼ ਰਹਿੰਦੇ ਹਨ। ਅਜਿਹਾ ਉਹ ਸਦੀਆਂ ਤੋਂ ਕਰਦੇ ਆ ਰਹੇ ਹਨ ਅਤੇ ਵਾਤਾਵਰਣ ਤੋਂ ਉਹ ਜਿੰਨਾ ਲੈਂਦੇ ਹਨ ਓਨਾ ਹੀ ਵਾਪਿਸ ਵੀ ਕਰ ਦਿੰਦੇ ਹਨ। ਫੇਰ ਆਖਰ ਵਾਤਾਵਰਣ ਨੂੰ ਤਬਾਹ ਕੌਣ ਕਰ ਰਿਹਾ ਹੈ? ਇਸ ਗੱਲ ਨੂੰ ਪਿਛਲੇ ਦਿਨੀਂ ਅਖਬਾਰ ਵਿੱਚ ਆਈ ਇੱਕ ਖਬਰ ਜ਼ਰੀਏ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਪਿੱਛੇ ਜਿਹੇ ਹੀ ਖਬਰ ਆਈ ਹੈ ਕਿ ਕਾਕੀਨਾੜਾ ਵਿੱਚ ਰਿਲਾਇੰਸ ਇੰਡਸਟਰੀਜ਼ ਲਿਮਿਟਡ ਆਪਣੀ ਕੇ.ਜੀ. ਗੈਸ ਅਤੇ ਆਇਲ ਟਰਮੀਨਲ ਸਥਾਪਿਤ ਕਰਕੇ ਆਪਣੇ ਇਸ ਪ੍ਰੋਜੈਕਟ ਦੇ ਤਹਿਤ ਇਹ ਉੱਥੇ ਸਥਿਤ ਉਨਾਂ ਖਾੜੀਆਂ ਨੂੰ, ਜਿਹਨਾਂ ਨੂੰ ਕਰੀਕ ਵੀ ਕਿਹਾ ਜਾਂਦਾ ਹੈ, ਭਰ ਰਿਹਾ ਹੈ ਜਾਂ ਉਹਨਾਂ ਦੀ ਦਿਸ਼ਾ ਬਦਲ ਰਿਹਾ ਹੈ। ਇਸ ਨਾਲ਼ ਹੀ ਰਿਲਾਇੰਸ ਉੱਥੋਂ ਦੇ ਮੈਂਗਰੋਵ ਜੰਗਲਾਂ ਦੀ ਛਤਰੀ ਨੂੰ ਨਸ਼ਟ ਕਰ ਰਿਹਾ ਹੈ। ਇਹ ਗੈਸ ਟਰਮੀਨਲ ਪੂਰਵੀ ਗੋਦਾਵਰੀ ਦੇ ਪਿੰਡ ਪੋਲਕੁਰੂ ਤੱਕ ਬਣਾਇਆ ਜਾਵੇਗਾ। ਪਿੱਛੇ ਜਿਹੇ ਹੀ ਇਸ ਪਿੰਡ ਦਾ ਦੌਰਾ ਕਰ ਰਹੀ ਵਾਤਾਵਰਣਵਾਦੀਆਂ ਦੀ ਇੱਕ ਟੋਲੀ ਨੇ ਵੇਖਿਆ ਕਿ ਆਂਧਰਾ ਪ੍ਰਦੇਸ਼ ਸੂਬੇ ਦੇ ਆਖਰੀ ਬਚੇ ਮੈਂਗਰੋਵ ਨਸ਼ਟ ਕਰ ਦਿੱਤੇ ਗਏ ਹਨ। ਇਹਨਾਂ ਵਾਤਾਵਰਣਵਾਦੀਆਂ ਨੂੰ ਇਹ ਜਾਣ ਕੇ ਬਹੁਤ ਹੈਰਾਨੀ ਹੋਈ ਅਤੇ ਸਦਮਾ ਪਹੁੰਚਿਆ ਕਿ ਜਿਆਦਾਤਰ ਕਰੀਕ ਭਰ ਦਿੱਤੇ ਗਏ ਹਨ ਅਤੇ ਉਹਨਾਂ ਵਿੱਚੋਂ ਇੱਕ ਨੂੰ ਕੋਰੀਯੰਗਾ ਜੰਗਲੀ ਜੀਵ ਪਨਾਹਗਾਹ ਵੱਲ ਮੋੜ ਦਿੱਤਾ ਗਿਆ ਹੈ। ਇਸ ਕਾਰਨ ਇਸ ਪਨਾਹਗਾਹ ਲਈ ਵੀ ਖਤਰਾ ਪੈਦਾ ਹੋ ਗਿਆ ਹੈ। ਆਂਦਰਾ ਪ੍ਰਦੇਸ਼ ਦੇ ਕੁਝ ਆਖਰੀ ਬਚੇ ਮੈਂਗਰੋਵ ਜੰਗਲਾਂ ਵਿੱਚੋਂ ਇੱਕ ਨੂੰ ਰਿਲਾਇੰਸ ਨੇ ਤਬਾਹ ਕਰ ਦਿੱਤਾ ਹੈ। ਮੈਂਗਰੋਵ ਜੰਗਲ ਮਨੁੱਖਾਂ ਦੇ ਦੋਸਤ ਹੁੰਦੇ ਹਨ। ਜਦੋਂ ਵੀ ਕੋਈ ਸਮੁੰਦਰੀ ਚਕਰਵਾਤ ਜਾਂ ਤੂਫਾਨ ਆਉਂਦਾ ਹੈ ਤਾਂ ਉਸਦੇ ਸਾਰੇ ਝਟਕੇ ਅਤੇ ਗਤੀ ਨੂੰ ਇਹ ਵਸੋਂ ਦੇ ਖੇਤਰ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਸੋਖ ਲੈਂਦੇ ਹਨ। ਦੋ ਵਰ੍ਹੇ ਪਹਿਲਾਂ ਆਈ ਸੁਨਾਮੀ ਵਿੱਚ ਦੋ ਲੱਖ ਤੋਂ ਵੱਧ ਜਾਨਾਂ ਇਸ ਲਈ ਚਲੀਆਂ ਗਈਆਂ ਕਿਉਂਕਿ ਮੈਂਗਰੋਵ ਵਣਾਂ ਨੂੰ ਬੁਰੀ ਤਰਾਂ ਤਬਾਹ ਕਰ ਦਿੱਤਾ ਗਿਆ ਸੀ। ਪੱਛਮੀ ਤੱਟ ਦੇ ਮੈਂਗਰੋਵ ਪਹਿਲਾਂ ਹੀ ਤਬਾਹ ਕੀਤੇ ਜਾ ਚੁੱਕੇ ਹਨ। ਮੁੰਬਈ ਅਤੇ ਗੋਆ ਦੇ ਮੈਂਗਰੋਵ ਅਮੀਰਜਾਦਿਆਂ ਦੀਆਂ ਔਲਾਦਾਂ ਦੀ ਅੱਯਾਸ਼ੀ ਲਈ ਬਣਾਏ ਜਾਣ ਵਾਲ਼ੇ ਰਿਜ਼ੌਰਟਾਂ ਅਤੇ ਪੰਜ ਤਾਰਾ ਹੋਟਲਾਂ ਦੀ ਉਸਾਰੀ ਵਜੋਂ ਪਹਿਲਾਂ ਹੀ ਤਬਾਹ ਕੀਤੇ ਜਾ ਚੁੱਕੇ ਹਨ। ਸੂਬੇ ਵਿੱਚ ਪੂਰਬੀ ਗੋਦਾਵਰੀ ਨੂੰ ਛੱਡਕੇ ਇਹ ਜੀਵਨ ਰੱਖਿਅਕ ਮੈਂਗਰੋਵ ਵਣ ਸਿਰਫ਼ ਕਰਿਣਾ ਗੋਜਟੂਰ ਵਿੱਚ ਬਚੇ ਹਨ। ਕੋਰਿਯੰਗਾਂ ਜੰਗਲੀ ਜੀਵ ਪਨਾਹਗਾਹ ਦੇ ਅਧਿਕਾਰੀ ਰਿਲਾਇੰਸ ਦੁਆਰਾ ਕੀਤੀਆਂ ਜਾ ਰਹੀਆਂ ਮਨਮਰਜ਼ੀਆਂ ਅਤੇ ਉਹਨਾਂ ਤੋਂ ਹੋਣ ਵਾਲ਼ੇ ਨੁਕਸਾਨ ਤੋਂ ਚੰਗੀ ਤਰ੍ਹਾਂ ਜਾਣੂ ਹਨ, ਪਰ ਇਸ ਖਿਲਾਫ਼ ਕੁਝ ਵੀ ਕਰਨ ਤੋਂ ਪਾਸਾ ਵਟ ਲੈਂਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਇਸ ਵਿੱਚ ਬਹੁਤ ਵੱਡੀ ਅਤੇ ਤਾਕਤਵਰ ਕੰਪਨੀ ਸ਼ਾਮਲ ਹੈ।

ਮੈਂਗਰੋਵ ਸਮੁੰਦਰ ਤਟਾਂ ਉੱਤੇ ਵਸੇ ਜੰਗਲੀ ਜੀਵਨ ਦੀ ਸਮੁੰਦਰੀ ਤੂਫ਼ਾਨਾਂ ਤੇ ਚਕਰਵਾਤਾਂ ਤੋਂ ਰੱਖਿਆ ਕਰਦੇ ਹਨ। ਇਹ ਖਤਰਨਾਕ ਲਹਿਰਾਂ ਅਤੇ ਤੂਫ਼ਾਨਾਂ ਦੀ ਗਤੀ ਨੂੰ ਸੋਖ ਲੈਂਦਾ ਹੈ। ਨਾਲ਼ ਹੀ ਮੈਂਗਰੋਵ ਦਾ ਰਿਸ਼ਤਾ ਜੈਵਿਕ-ਵਿਵਿਧਤਾ ਨਾਲ਼ ਵੀ ਹੈ। ਇਹਨਾਂ ਜੰਗਲਾਂ ਦੇ ਨਸ਼ਟ ਹੋਣ ਦੀ ਇੱਕ ਵਜ੍ਹਾ ਪੂੰਜੀਪਤੀਆਂ ਦੁਆਰਾ ਸੰਚਾਲਿਤ ਝੀਂਗਾ-ਪਾਲਣ ਉਦਯੋਗ ਵੀ ਹੈ। ਮੈਂਗਰੋਵ ਜੰਗਲਾਂ ਦੀ ਤਬਾਹੀ ਅਤੇ ਬਰਬਾਦੀ ਤੋਂ ਜੋ ਫੌਰੀ ਨੁਕਸਾਨ ਹੋ ਰਿਹਾ ਹੈ ਉਹ ਹੈ ਤੂਫ਼ਾਨਾਂ ਨਾਲ਼ ਜਾਨਮਾਲ ਉੱਤੇ ਪੈਦਾ ਹੋਣ ਵਾਲ਼ਾ ਖਤਰਾ। ਅਜਿਹੇ ਕਿਸੇ ਤੂਫ਼ਾਨ ਦੀ ਸੂਰਤ ਵਿੱਚ ਮਰਨ ਵਾਲ਼ੇ ਲੋਕ ਅੰਬਾਨੀ ਜਿਹੇ ਮੁਨਾਫ਼ਾਖੋਰ ਪੂੰਜੀਪਤੀ ਨਹੀਂ ਹੋਣਗੇ, ਬਲਕਿ ਤਟਾਂ ਉੱਤੇ ਰਹਿਣ ਵਾਲ਼ੀ ਆਮ ਗਰੀਬ ਕਿਰਤੀ ਅਬਾਦੀ ਹੋਵੇਗੀ। ਜੇਕਰ ਲੰਮੇ ਦੌਰ ਦੇ ਨੁਕਸਾਨਾਂ ਦੀ ਗੱਲ ਕਰੀਏ ਤਾਂ ਉਹ ਹੈ ਬਹੁਕੀਮਤੀ ਜੈਵਿਕ-ਵਿਵਿਧਤਾ ਦਾ ਨਸ਼ਟ ਹੋਣਾ। ਇਸਦਾ ਖਾਮਿਆਜਾ ਆਉਣ ਵਾਲ਼ੇ ਕੁਝ ਇੱਕ ਵਰ੍ਹਿਆਂ ਵਿੱਚ ਨਹੀਂ ਸਗੋਂ ਆਉਣ ਵਾਲ਼ੇ ਲੰਬੇ ਸਮੇਂ ਤੱਕ ਮਨੁੱਖਤਾ ਨੂੰ ਭੁਗਤਣਾ ਪਵੇਗਾ।

ਮੈਂਗਰੋਵ ਅਤੇ ਕਰੀਕਸ ਨੂੰ ਨੁਕਸਾਨ ਪਹੁੰਚਾਏ ਬਿਨਾਂ ਵੀ ਰਿਲਾਇੰਸ ਦੇ ਗੈਸ ਅਤੇ ਆਇਲ ਟਰਮਿਨਲ ਨੂੰ ਲਗਾਇਆ ਜਾ ਸਕਦਾ ਹੈ। ਪਰ ਇਹ ਸਾਵਧਾਨੀਆਂ ਵਰਤਣ ਅਤੇ ਉਸ ਉੱਤੇ ਹੋਣ ਵਾਲ਼ੇ ਖਰਚ ਦੀ ਪਰੇਸ਼ਾਨੀ ਉਠਾਉਣਾ ਰਿਲਾਇੰਸ ਵਰਗੀਆਂ ਕੰਪਨੀਆਂ ਕੋਈ ਜ਼ਰੂਰਤ ਨਹੀਂ ਸਮਝਦੀਆਂ। ਮੈਂਗਰੋਵ ਨੂੰ ਨਸ਼ਟ ਹੋਣ ਦੇ ਹੋਰਨਾਂ ਕਾਰਨਾਂ ਵਿੱਚ ਸਮੁੰਦਰ ਸੈਰ-ਸਪਾਟੇ ਲਈ ਬਣਾਏ ਜਾਣ ਵਾਲ਼ੇ ਹੋਟਲ ਅਤੇ ਰਿਜ਼ਾਰਟ ਅਤੇ ਝੀਂਗਾ-

ਪਾਲਣ ਉਦਯੋਗ ਹਨ। ਇਹਨਾਂ ਵਿੱਚੋਂ ਕੋਈ ਵੀ ਚੀਜ਼ ਇਨਸਾਨ ਦੀ ਬੁਨਿਆਦੀ ਜ਼ਰੂਰਤ ਨਹੀਂ ਹੈ। ਇਹ ਸਾਰੀਆਂ ਕਾਰਗੁਜ਼ਾਰੀਆਂ ਸਿਰਫ਼ ਅਤੇ ਸਿਰਫ਼ ਮੁਨਾਫ਼ਾ ਕਮਾਉਣ ਦੀ ਹਵਸ ਹੈ। ਇਹਨਾਂ ਦੀ ਇਹ ਹਵਸ ਨਾ ਸਿਰਫ ਤਟਵਰਤੀ ਇਲਾਕਿਆਂ ਵਿੱਚ ਰਹਿਣ ਵਾਲ਼ੀ ਆਮ ਅਬਾਦੀ ਦੇ ਜੀਵਨ ਨੂੰ ਖਤਰੇ ਅਤੇ ਜੋਖ਼ਮ ਵਿੱਚ ਪਾ ਰਹੀ ਹੈ ਸਗੋਂ ਵਾਤਾਵਰਣ ਅਤੇ ਦੇ ਸੰਤੁਲਨ ਨੂੰ ਵਿਗਾੜ ਰਹੀ ਹੈ। ਮੁਨਾਫ਼ੇ ਉੱਤੇ ਅਧਾਰਿਤ ਇਸ ਪੂੰਜੀਵਾਦੀ ਵਿਵਸਥਾ ਤੋਂ ਅਸੀਂ ਹੋਰ ਕਿਸੇ ਬੇਹਤਰ ਚੀਜ਼ ਦੀ ਉਮੀਦ ਕਰ ਵੀ ਨਹੀਂ ਸਕਦੇ ਕਿਉਂਕਿ ਇਸ ਪੂਰੀ ਵਿਵਸਥਾ ਦੇ ਕੇਂਦਰ ਵਿੱਚ ਮਨੁੱਖੀ ਜਿੰਦਗੀ ਹੈ ਹੀ ਨਹੀਂ। ਇਸਦਾ ਕੇਂਦਰ ਮੁਨਾਫ਼ਾ ਹੈ। ਇਸ ਮੁਨਾਫ਼ੇ ਦੀ ਅੰਨੀ ਦੌੜ ਵਿੱਚ ਇਹ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਮਨੁੱਖ ਦੀ ਜਾਨ ਦੀ ਕੋਈ ਕੀਮਤ ਨਹੀਂ ਹੈ ਤਾਂ ਵਾਤਾਵਰਣ ਦੀ ਕੀ ਹੋਵੇਗੀ? ਪੂੰਜੀਵਾਦ ਵਿੱਚ ਕੋਈ ਵੀ ਪੂੰਜੀਪਤੀ ਵਾਤਾਵਰਣ ਅਤੇ ਮਨੁੱਖੀ ਜ਼ਿੰਦਗੀ ਜਿਹੀਆਂ ਚੀਜਾਂ ਬਾਰੇ ਸੋਚਣ ਦਾ ਖ਼ਤਰਾ ਨਹੀਂ ਉਠਾ ਸਕਦਾ। ਜੇਕਰ ਉਹ ਲਗਾਤਾਰ ਆਪਣੇ ਮੁਨਾਫ਼ੇ ਬਾਰੇ ਨਹੀਂ ਸੋਚਦਾ ਤਾਂ ਜੋ ਅਜਿਹਾ ਸੋਚਦਾ ਹੈ ਉਹ ਉਸਨੂੰ ਡਕਾਰ ਜਾਵੇਗਾ। ਮਤਲਬ ਕਿ ਉਸਨੂੰ ਤੁਰਤ-ਫੁਰਤ ਮੁਨਾਫ਼ਾ ਚਾਹੀਦਾ ਹੈ। ਲੰਬੇ ਦੌਰ ਦੇ ਫਾਇਦੇ ਬਾਰੇ ਸੋਚੇਗਾ ਤਾਂ ਉਸ ਫਾਇਦੇ ਨੂੰ ਦੇਖਣ ਲਈ ਜਿੰਦਾ ਨਹੀਂ ਬਚੇਗਾ! ਇਸ ਲਈ ਫਟਾ-ਫਟ ਮੁਨਾਫ਼ਾ ਕਮਾਓ, ਚਾਹੇ ਇਸ ਵਾਸਤੇ ਵਾਤਾਵਰਣ ਨੂੰ ਤਬਾਹ ਕਰਨਾ ਪਵੇ, ਚਾਹੇ ਪੂਰੀ ਧਰਤੀ ਨੂੰ ਹੀ ਕਿਉਂ ਨਾ ਤਬਾਹ ਕਰਨਾ ਪਵੇ। ਅਜਿਹਾ ਹੀ ਹੋ ਵੀ ਰਿਹਾ ਹੈ। ਪੂੰਜੀਵਾਦੀ ਮੁਨਾਫ਼ੇ ਦੀ ਅੰਨੀ ਹਵਸ ਵਿੱਚ ਪੂਰੀ ਦੁਨੀਆਂ ਨੂੰ ਤਬਾਹ ਕਰ ਹੀ ਰਿਹਾ ਹੈ। ਸੁਨਾਮੀ ਦੀ ਭਿਆਨਕ ਤਬਾਹੀ ਅਤੇ ਜਾਨਮਾਲ ਦੀ ਬਰਬਾਦੀ ਤੋਂ ਬਾਅਦ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਲਗਾਤਾਰ ਮੈਂਗਰੋਵ ਦੀ ਸੁਰੱਖਿਆ ਲਈ ਚੇਤਾਵਨੀਆਂ ਦਿੰਦੀਆਂ ਰਹਿੰਦੀਆਂ ਹਨ। ਇਹ ਗੱਲ ਵਿਗਿਆਨੀ ਪਹਿਲਾਂ ਹੀ ਦੱਸ ਚੁੱਕੇ ਹਨ ਕਿ ਸੁਨਾਮੀ ਦਾ ਨੁਕਸਾਨ ਕਿਤੇ ਜ਼ਿਆਦਾ ਘੱਟ ਹੁੰਦਾ ਜੇ ਮੈਂਗਰੋਵ ਜੰਗਲ ਸੁਰੱਖਿਅਤ ਬਚੇ ਹੁੰਦੇ। ਤਾਂ ਕੀ ਸਰਕਾਰਾਂ ਅੱਜ ਮੈਂਗਰੋਵ ਜੰਗਲਾਂ ਦੇ ਨਾ ਹੋਣ ਕਾਰਣ ਸੁਨਾਮੀ ਦੀ ਉਸ ਡਰਾਉਣੀ ਤਬਾਹੀ ਨੂੰ ਭੁੱਲ ਗਈ? ਅਜਿਹੀ ਗੱਲ ਨਹੀਂ ਹੈ। ਪਰ ਇਹ ਸਰਕਾਰ ਜੋ ਉਹਨਾਂ ਹੀ ਪੂੰਜੀਪਤੀਆਂ ਦੀ ਮੈਨੇਜਿੰਗ ਕਮੇਟੀ ਦਾ ਕੰਮ ਕਰਦੀ ਹੈ ਜੋ ਵਾਤਾਵਰਣ ਨੂੰ ਤਬਾਹ ਕਰ ਰਹੇ ਹਨ, ਉਸ ਤੋਂ ਤੁਸੀਂ ਇਹ ਉਮੀਦ ਨਹੀਂ ਰੱਖ ਸਕਦੇ ਕਿ ਉਹ ਅਜਿਹਾ ਕਰਨ ਤੋਂ ਉਹਨਾਂ ਪੂੰਜੀਪਤੀਆਂ ਨੂੰ ਰੋਕੇਗੀ। ਉਸੇ ਸਰਕਾਰ ਨੇ ਤਾਂ ਰਿਲਾਇੰਸ ਜਿਹੇ ਮੁਨਾਫ਼ਾਖੋਰਾਂ ਨੂੰ ਵਾਤਾਵਰਣ ਨੂੰ ਬਰਬਾਦ ਕਰਨ ਦਾ ਲਾਈਸੈਂਸ ਦੇ ਦਿੱਤਾ ਹੈ ਅਤੇ ਆਂਧਰਾਂ ਪ੍ਰਦੇਸ਼ ਦੇ ਕੁਝ ਆਖਰੀ ਬਚੇ ਮੈਂਗਰੋਵ ਵੀ ਉਹਨਾਂ ਦੇ ਹਵਾਲੇ ਕਰ ਦਿੱਤੇ ਹਨ। ਵਾਤਾਵਰਣ ਇੱਕ ਅਜਿਹੀ ਵਿਵਸਥਾ ਵਿੱਚ ਹੀ ਬਚਾਇਆ ਜਾ ਸਕਦਾ ਹੈ ਜਿੱਥੇ ਮਨੁੱਖ ਨਾ ਤਾਂ ਵਾਤਾਵਰਣ ਦਾ ਮਾਲਕ ਜਾਂ ਵਪਾਰੀ ਹੁੰਦਾ ਹੈ ਅਤੇ ਨਾ ਹੀ ਉਸਦਾ ਗੁਲਾਮ, ਹੋਵੇ ਅਤੇ ਮਨੁੱਖੀ ਸਮਾਜ ਵਾਤਾਵਰਣ ਨਾਲ਼ ਤਾਲਮੇਲ ਅਤੇ ਸਹਿਚਾਰ ਵਿੱਚ ਰਹਿੰਦਾ ਹੋਵੇ।

(ਸਫ਼ਾ 7 ਦਾ ਬਾਕੀ ਹਿੱਸਾ)

ਕੋਲ ਉਨ੍ਹਾਂ ਦੇ ਆਪਣੇ ਨਾਲ਼ ਫਾਂਸੀ ਦੀ ਸਜ਼ਾ ਪਾਉਣ ਵਾਲ਼ੇ ਹੋਰਾਂ ਸਾਥੀਆਂ ਨੂੰ ਫਾਂਸੀ ਦੇ ਫੰਦੇ ਉਤੇ ਲਮਕਾਉਣ ਦੀ ਥਾਂ ਯੁੱਧਬੰਦੀਆਂ ਦੇ ਵਾਂਗੂੰ ਗੋਲੀ ਨਾਲ਼ ਉਡਾ ਦੇਣ ਲਈ ਇੱਕ ਮੰਗ ਪੱਤਰ ਵੀ ਭੇਜਿਆ ਸੀ। ਉਹਦੀ ਸ਼ੈਲੀ ਤੇ ਦਲੀਲ ਦੋਵੇਂ ਹੀ ਆਪਣੇ ਢੰਗ ਦੀ ਨਿਵੇਕਲੀ ਤੇ ਅਲੱਗ ਚੀਜ਼ ਸੀ, ਭਾਵ ਭਗਤ ਸਿੰਘ ਨਾ ਸਿਰਫ ਇੱਕ ਇਨਕਲਾਬੀ ਹੀ ਸਨ, ਸਗੋਂ ਇਹਦੇ ਨਾਲ਼-ਨਾਲ਼ ਇੱਕ ਦੂਰਦਰਸ਼ੀ ਰਾਜਨੇਤਾ, ਸਫਲ ਅਨੁਵਾਦਕ, ਪੱਤਰਕਾਰ ਅਤੇ ਚਿੰਤਕ ਦਾ ਅਦਭੁੱਤ ਮਿਸ਼ਰਨ ਉਹਨਾਂ ਦੇ ਵਿਅਕਤੀਤਵ 'ਚ ਮੌਜੂਦ ਸੀ। ਆਪਣੇ ਉਦੇਸ਼ ਲਈ ਜ਼ਿੰਦਗੀ ਦੀ ਆਹੂਤੀ ਚੜ੍ਹਾ ਦੇਣ ਦੀ ਤਾਕਤਵਰ ਪ੍ਰੇਰਣਾ ਤੇ ਤਮੰਨਾ ਨਾਲ਼ ਹੀ ਉਹ ਹਰ ਦਿਨ ਪ੍ਰੇਰਿਤ ਹੁੰਦੇ ਰਹਿੰਦੇ ਤੇ ਲਾਜ਼ਮੀ ਅਡੋਲ ਮੌਤ ਵੱਲ ਵੱਧਦੇ ਗਏ। ਦੁਨਿਆਵੀ ਖਾਹਿਸ਼ਾਂ ਤੋਂ ਨਿਰਲੇਪ ਦਿਲ ਵਾਲ਼ਾ ਕੋਈ ਆਦਮੀ ਹੀ ਇਸ ਤਰ੍ਹਾਂ ਸੰਸਾਰ ਦੀਆਂ ਸਥੂਲ ਵਾਸਨਾਵਾਂ ਤੋਂ ਮੁਕਤ ਹੋ ਕੇ ਮੌਤ ਨੂੰ ਹੱਸ ਕੇ ਗਲੇ ਲਾ ਸਕਦਾ ਹੈ। ਸਵਾਮੀ ਵਿਵੇਕਾਨੰਦ ਦੀ ਬਾਣੀ ਸਰਦਾਰ ਦੇ ਸੰਦਰਭ ਵਿੱਚ ਮੈਨੂੰ ਹਮੇਸ਼ਾ ਯਾਦ ਆਉਂਦੀ ਰਹਿੰਦੀ ਹੈ, "ਜੇ ਤੁਹਾਡਾ ਮਨ ਦੁਨਿਆਵੀ ਖਵਾਹਿਸ਼ਾਂ ਤੋਂ ਨਿਰਲੇਪ ਹੈ ਤਾਂ ਤੁਹਾਡੀ ਭਗਤੀ ਵੀ ਸੀਮਾ 'ਚ ਬੱਧੀ ਹੋਈ ਨਹੀਂ। ਸੰਸਾਰ ਦੀ ਕੋਈ ਵੀ ਤਾਕਤ ਤੁਹਾਡੀ ਗਤੀ ਦਾ ਵਿਰੋਧ ਨਹੀਂ ਕਰ ਸਕਦੀ।"

ਅਤੇ ਇਸ ਵਿੱਚ ਸ਼ੱਕ ਨਹੀਂ ਕਿ ਅੰਗਰੇਜ਼ ਹਾਕਮਾਂ ਦੀ ਵਿਸ਼ਾਲ ਰਾਖਸ਼ੀ ਤਾਕਤ ਵੀ ਸਰਦਾਰ ਦੀ ਜ਼ਿੰਦਗੀ ਦੀ ਗਤੀ ਦਾ ਵਿਰੋਧ ਕਰ ਸਕਣ ਵਿੱਚ ਹਰ ਸਮੇਂ ਅਸਮੱਰਥ ਰਹੀ। 7 ਅਕਤੂਬਰ 1930 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਅਤੇ 23 ਮਾਰਚ 1931 ਦੀ ਸ਼ਾਮ ਉਨ੍ਹਾਂ ਨੂੰ ਫਾਂਸੀ ਦੀ ਦਿੱਤੀ ਗਈ। ਉਹ ਹਰ ਸਮੇਂ ਕਹਿੰਦੇ ਹੁੰਦੇ ਸਨ, ਮਾਂ ਭੂਮੀ ਦੀ ਬਲੀ ਦੀ ਵੇਦੀ ਉਤੇ ਕੌਣ ਪਹਿਲਾਂ ਜਾਵੇਗਾ, ਕੌਣ ਪਿੱਛੋਂ, ਪਤਾ ਨਹੀਂ, ਪਰ ਭਾਵੇਂ ਜਿਹੜਾ ਕੋਈ ਵੀ ਪਹਿਲਾਂ ਜਾਵੇ, ਉਹਦੇ ਲਈ ਅਸੀਂ ਅੱਥਰੂ ਨਹੀਂ ਵਹਾਵਾਂਗੇ ਸਗੋਂ ਉਨ੍ਹਾਂ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੇ। ਸਾਡੀ ਕੁਰਬਾਨੀ ਉਂਝ ਹੀ ਅਜਾਈਂ ਨਹੀਂ ਜਾਵੇਗੀ ਬਟੁਕ। ਇਹ ਗੱਲ ਹੋਰ ਹੈ ਕਿ ਆਉਣ ਵਾਲ਼ੇ ਨਤੀਜਿਆਂ ਨੂੰ ਦੇਖਣ ਲਈ ਅਸੀਂ ਸੰਸਾਰ ਵਿੱਚ ਨਹੀਂ ਰਹਾਂਗੇ। ਸਰਦਾਰ ਸੱਚਮੁੱਚ ਅਜ਼ਾਦੀ ਦੇਖਣ ਦੇ ਲਈ ਨਹੀਂ ਰਹੇ, ਪਰ ਉਨ੍ਹਾਂ ਦੀ ਕੁਰਬਾਨੀ ਵੀ ਐਵੇਂ ਹੀ ਨਹੀਂ ਗਈ। ਅੱਜ ਸੋਚਦਾ ਹਾਂ ਤਾਂ ਲੱਗਦਾ ਹੈ ਕਿ ਕਿਵੇਂ ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਆਉਣ ਵਾਲ਼ਾ ਸਮਾਂ ਬਿਲਕੁਲ ਸਪੱਸ਼ਟ ਅਤੇ ਸਾਫ਼ ਹੋ ਕੇ ਕੈਦ ਸੀ। ਸ਼ਹਾਦਤ ਤੋਂ ਪਿੱਛੋਂ ਭਾਵੇਂ ਜਿੰਨਾ ਸਮਾਂ ਲੱਗੇ, ਦੇਸ਼ ਅਜ਼ਾਦ ਹੋਵੇਗਾ ਅਤੇ ਜ਼ਰੂਰ ਹੋਵੇਗਾ।

* * * * * * * *

ਜ਼ਿੰਦਗੀ ਕਦੇ ਵੀ ਅਸੂਲਾਂ ਤੋਂ ਪਿਆਰੀ ਨਹੀਂ ਹੁੰਦੀ।

—ਸ਼ਹੀਦ ਭਗਤ ਸਿੰਘ

ਜੇਕਰ ਤੁਹਾਡੀ ਜੀਨਸ ਬੋਲ ਸਕਦੀ

—ਸ਼ਿਸ਼ਿਰ

ਦੋਸਤੋ, ਕੀ ਤੁਸੀਂ ਕਦੀ ਸੋਚਿਆ ਹੈ ਕਿ ਜੋ ਕੱਪੜੇ ਪਹਿਨ ਕੇ ਤੁਸੀਂ ਰੋਜ਼ ਕਾਲਜ ਜਾਂਦੇ ਹੋ, ਉਹਨਾਂ ਨੂੰ ਕੌਣ ਬਣਾਉਂਦਾ ਹੈ? ਕੀ ਤੁਹਾਨੂੰ ਪਤਾ ਹੈ ਕਿ ਤੁਹਾਡੀ ਜੀਨਸ ਦੀ ਸਿਲਾਈ 12-13 ਸਾਲ ਦੇ ਬੱਚਿਆਂ ਨੇ ਕੀਤੀ ਹੈ? ਕੀ ਤੁਹਾਨੂੰ ਅੰਦਾਜ਼ਾ ਹੈ ਕਿ ਤੁਸੀਂ ਸਮਾਰਟ ਬਣ ਕੇ ਘੁੰਮ ਸਕੋ, ਇਸ ਦੇ ਲਈ ਕਿੰਨੇ ਬਚਪਨਾਂ ਦੀ ਕੁਰਬਾਨੀ ਦਿੱਤੀ ਗਈ ਹੈ? ਜੇਕਰ ਤੁਹਾਡੀ ਜੀਨਸ ਬੋਲ ਸਕਦੀ ਤਾਂ ਤੁਹਾਨੂੰ ਇਹ ਸਭ ਦੱਸਦੀ।

ਕੀ ਤੁਸੀਂ ਆਪਣੀ ਜੀਨਸ ਵਿੱਚੋਂ ਆਉਂਦੀ ਬੱਚਿਆਂ ਦੇ ਖੂਨ ਅਤੇ ਹੰਝੂਆਂ ਦੀ ਗੰਧ ਮਹਿਸੂਸ ਨਹੀਂ ਕੀਤੀ ਹੈ? ਪਰ ਇਹ ਗੰਧ ਤੁਹਾਡੇ ਤੱਕ ਕਿਵੇਂ ਪਹੁੰਚੇਗੀ? ਹੰਝੂ ਅਤੇ ਖੂਨ ਤਾਂ ਸਿੱਕਿਆਂ ਵਿੱਚ ਢਲ ਕੇ ਵੱਡੀਆਂ-ਵੱਡੀਆਂ ਕੰਪਨੀਆਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਹੋ ਚੁੱਕੇ ਹਨ।

ਵਿਸ਼ਵੀਕਰਨ ਦੇ ਅਜੋਕੇ ਦੌਰ ਵਿੱਚ ਕੱਪੜਾ ਉਦਯੋਗ ਦਾ ਨੈਟਵਰਕ ਵੀ ਸੰਸਾਰਵਿਆਪੀ ਹੋ ਚੁੱਕਾ ਹੈ। ਅਮਰੀਕੀ ਗਾਰਮੈਂਟ ਕੰਪਨੀਆਂ ਵਿੱਚ ਅਮਰੀਕਾ ਵਿੱਚ ਅੱਠ ਲੱਖ ਤੋਂ ਜ਼ਿਆਦਾ ਮਜ਼ਦੂਰ ਕੰਮ ਕਰਦੇ ਹਨ ਜਦਕਿ ਤੀਸਰੀ ਦੁਨੀਆਂ ਦੇ ਗਰੀਬ ਦੇਸ਼ਾਂ ਵਿੱਚ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ਼ 5 ਲੱਖ ਮਜ਼ਦੂਰ ਇਹਨਾਂ ਕੰਪਨੀਆਂ ਲਈ ਕੰਮ ਕਰਦੇ ਹਨ। ਰੈਡੀਮੇਡ ਕੱਪੜਿਆਂ ਦੀਆਂ ਫੈਕਟਰੀਆਂ ਵਿੱਚ ਵੱਡੀ ਸੰਖਿਆ ਵਿੱਚ ਮਜ਼ਦੂਰਾਂ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਵੱਡੀਆਂ-ਵੱਡੀਆਂ ਆਟੋਮੈਟਿਕ ਮਸ਼ੀਨਾਂ ਜਾਂ ਕੰਪਿਊਟਰ ਤੁਹਾਡੀਆਂ ਜੀਨਸ ਅਤੇ ਟੀ-ਸ਼ਰਟਾਂ ਨਹੀਂ ਸਿਉਂ ਸਕਦੇ। ਇਸ ਲਈ ਜ਼ਰੂਰਤ ਪੈਂਦੀ ਹੈ ਔਰਤਾਂ ਅਤੇ ਬੱਚਿਆਂ ਦੀ। ਵੱਡੇ-ਵੱਡੇ ਸ਼ੈਂਡਾਂ ਵਿੱਚ ਇਹ ਸਿਲਾਈ ਮਸ਼ੀਨਾਂ ਉਪਰ ਝੁਕੇ ਹੋਏ 10-10, 12-12 ਘੰਟੇ ਕੰਮ ਕਰਦੇ ਹਨ। ਕੋਈ ਕਟਿੰਗ ਕਰਦਾ ਹੈ, ਕੋਈ ਸਿਊਂਦਾ ਹੈ, ਕੋਈ ਬਟਨ ਲਗਾਉਂਦਾ ਹੈ, ਕੋਈ ਸਾਰਾ ਦਿਨ ਖੜ੍ਹੇ ਰਹਿ ਕੇ ਧਾਗੇ ਕੱਟਦਾ ਰਹਿੰਦਾ ਹੈ, ਕੋਈ ਕਾਜ ਬਣਾਉਂਦਾ ਹੈ ਤਾਂ ਕੋਈ ਪਰੈੱਸ ਕਰਦਾ ਹੈ। ਕਈ ਹੱਥਾਂ ਵਿੱਚੋਂ ਦੀ ਲੰਘ ਕੇ ਇੱਕ ਜੀਨਸ ਜਾਂ ਟੀ-ਸ਼ਰਟ ਤਿਆਰ ਹੁੰਦੀ ਹੈ। ਚਮਕਦਾਰ ਸ਼ੋ-ਰੂਮਾਂ ਵਿੱਚ ਕਈ ਸੌ ਰੁਪਇਆਂ ਵਿੱਚ ਵਿਕਣ ਵਾਲ਼ੇ ਇਹਨਾਂ ਕੱਪੜਿਆਂ ਦੀ ਸਿਲਾਈ ਲਈ ਮੁਸ਼ਕਿਲ ਨਾਲ਼ 4-5 ਰੁਪਏ ਪ੍ਰਤੀ ਪੀਸ ਦੀ ਮਜ਼ਦੂਰੀ ਮਿਲਦੀ ਹੈ। ਵੱਡੀਆਂ ਕੰਪਨੀਆਂ ਮੁਨਾਫੇ ਦੀ ਹਵਸ ਵਿੱਚ ਸਸਤੀ ਤੋਂ ਸਸਤੀ ਮਜ਼ਦੂਰੀ ਲੱਭਣ ਵਿੱਚ ਲੱਗੀਆਂ ਰਹਿੰਦੀਆਂ ਹਨ। ਨਤੀਜੇ ਦੇ ਤੌਰ 'ਤੇ ਬੇਸ਼ੱਕ ਤਾਈਵਾਨੀ ਕੰਪਨੀ 'ਗੈਪ' ਹੋਵੇ, ਅਮਰੀਕੀ ਕੰਪਨੀ, 'ਕੈਥੀ ਲੀ', 'ਲੇਵੀ', 'ਹੈਗਰ', 'ਵਾਲਮਾਰਟ' ਜਾਂ 'ਰੀਬੌਕ' ਹੋਵੇ, ਜਰਮਨ ਕੰਪਨੀ ਏਡੀਡਾਸ ਜਾਂ ਫਰਾਂਸੀਸੀ ਕੰਪਨੀ ਪਿਯੇਰੇ ਕਾਰਡਨ ਹੋਵੇ- ਇਹਨਾਂ ਦੀਆਂ ਜ਼ਿਆਦਾਤਰ ਫੈਕਟਰੀਆਂ ਅਲਸਲਵਾਡੋ, ਮੈਕਸੀਕੋ, ਬ੍ਰਾਜੀਲ, ਗੁਆਟੇਮਾਲਾ, ਕੋਲੰਬੀਆ, ਹਾਈਤੀ, ਹੋਂਡੂਰਾਸ, ਬੰਗਲਾਦੇਸ਼ ਅਤੇ ਭਾਰਤ ਵਿੱਚ ਹਨ।

ਜੇਕਰ ਤੁਹਾਡੀ ਜੀਨਸ ਬੋਲ ਸਕਦੀ ਤਾਂ ਉਹ ਤੁਹਾਨੂੰ ਦੱਸਦੀ ਕਿ ਇਹਨਾਂ ਫੈਕਟਰੀਆਂ ਵਿੱਚ ਜਿਹੜੀ ਬਰਬਰਤਾ ਨਾਲ਼ 15-16 ਸਾਲ ਦੀਆਂ ਬੱਚੀਆਂ ਅਤੇ ਔਰਤਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ ਉਹ ਰੋਮਨ ਅਤੇ ਯੂਨਾਨੀ ਸਾਮਰਾਜ ਦੇ ਗੁਲਾਮਾਂ ਦੀ ਯਾਦ ਦਵਾਉਂਦਾ ਹੈ। ਅਮਰੀਕਾ ਵਿੱਚ ਖੂਬ ਵਿਕਣ ਵਾਲ਼ੇ ਕੱਪੜਿਆਂ ਨੂੰ ਲਾਤੀਨੀ ਅਮਰੀਕਾ ਵਿੱਚ ਜਾਨਲੇਵਾ ਹਾਲਤਾਂ ਵਿੱਚ ਕੰਮ ਕਰਨ ਵਾਲ਼ੇ ਬੱਚੇ ਬਣਾਉਂਦੇ ਹਨ। ਹਨ੍ਹੇਰੀਆਂ, ਘੁਟਣ ਭਰੀਆਂ ਫੈਕਟਰੀਆਂ ਵਿੱਚ ਪਸੀਨੇ ਨਾਲ਼ ਤਰ ਹੋਏ ਇਹ ਬੱਚੇ 18-20 ਘੰਟੇ ਤੱਕ ਕੰਮ ਕਰਦੇ ਹਨ ਜਿੱਥੇ ਉਹਨਾਂ ਨੂੰ ਸਾਫ ਪਾਣੀ ਤੱਕ ਪੀਣ ਨੂੰ ਨਹੀਂ ਮਿਲਦਾ ਅਤੇ ਨਾ ਹੀ ਉਹ ਦਿਨ ਵਿੱਚ ਦੋ ਵਾਰੀ ਤੋਂ ਵੱਧ ਟਾਇਲਟ ਜਾ ਸਕਦੇ ਹਨ। ਅਕਸਰ ਕੰਮ ਕਰਦੇ-ਕਰਦੇ 13-15 ਸਾਲ ਦੇ ਇਹ ਬੱਚੇ ਬੇਹੋਸ਼ ਹੋ ਕੇ ਡਿੱਗ ਜਾਂਦੇ ਹਨ। ਕੰਪਨੀਆਂ ਦੇ ਠੇਕੇਦਾਰ ਸਸਤੀ ਤੋਂ ਸਸਤੀ ਮਜ਼ਦੂਰੀ ਨੂੰ ਬੇਰਹਿਮੀ ਨਾਲ਼ ਨਿਚੋੜ ਲੈਣ ਲਈ ਮਜਬੂਰ-ਬੇਬਸ ਲੋਕਾਂ ਦੀ ਭਾਲ ਵਿੱਚ ਲੱਗੇ ਰਹਿੰਦੇ ਹਨ। ਥੋੜ੍ਹਾ ਵੱਡਾ ਹੁੰਦੇ ਹੀ ਇਹਨਾਂ ਬੱਚਿਆਂ ਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ।

ਮਜ਼ਦੂਰਾਂ ਦੇ ਇੱਕ ਇਨਕਲਾਬੀ ਅਖਬਾਰ 'ਬਿਗੁਲ' (ਹਿੰਦੀ) ਦੀ ਇੱਕ ਰਿਪੋਰਟ ਅਨੁਸਾਰ ਨੋਇਡਾ ਦੇ 'ਐਕਸਪੋਰਟ ਪ੍ਰੋਸੈਸਿੰਗ ਜ਼ੋਨ' ਵਿੱਚ ਕੰਮ ਕਰਨ ਵਾਲ਼ੀ ਇੱਕ ਮਜ਼ਦੂਰ ਨੇ ਦੱਸਿਆ ਕਿ ਉਸਨੂੰ ਰੋਜ਼ 10-11 ਘੰਟੇ ਕੰਮ ਕਰਨ ਬਦਲੇ ਮਹੀਨੇ ਵਿੱਚ 900 ਰੁਪਏ ਮਿਲਦੇ ਹਨ। ਹਫ਼ਤੇ ਬਾਅਦ ਛੁੱਟੀ ਤੱਕ ਨਹੀਂ ਮਿਲਦੀ।

ਇਸ ਤਰ੍ਹਾਂ ਅਮਰੀਕਾ ਤੋਂ ਪ੍ਰਕਾਸ਼ਿਤ 'ਰੈਵੋਲੂਸ਼ਨਰੀ ਵਰਕਰ' ਅਖਬਾਰ ਦੀ ਇੱਕ ਰਿਪੋਰਟ ਵਿੱਚ 'ਵੇਂਡੀ' ਨਾਮ ਦੀ 15 ਸਾਲਾ ਮਜ਼ਦੂਰ ਲੜਕੀ ਨੇ ਦੱਸਿਆ ਕਿ ਉਹ 'ਕੈਥੀ ਲੀ' ਕੰਪਨੀ ਦੀ ਫੈਕਟਰੀ ਵਿੱਚ ਹਰ ਰੋਜ਼ 13 ਘੰਟੇ ਕੰਮ ਕਰਦੀ ਹੈ ਜਿਸਦੇ ਲਈ ਉਸਨੂੰ 21.86 ਡਾਲਰ ਪ੍ਰਤੀ ਹਫਤਾ ਮਿਲਦਾ ਹੈ। ਓਵਰਟਾਈਮ ਕਰਨ ਤੋਂ ਮਨ੍ਹਾ ਕਰਨ 'ਤੇ ਉਸਨੂੰ ਯੌਨ ਸ਼ੋਸ਼ਣ ਅਤੇ ਮਾਰ-ਕੁਟਾਈ ਦੀ ਧਮਕੀ ਦਿੱਤੀ ਜਾਂਦੀ ਹੈ। ਉਸਨੂੰ ਬੀਮਾਰ ਹੋਣ 'ਤੇ ਵੀ ਛੁੱਟੀ ਨਹੀਂ ਦਿੱਤੀ ਜਾਂਦੀ ਅਤੇ ਗੈਰ-ਹਾਜਿਰੀ ਦੇ ਪੈਸੇ ਕੱਟ ਲਏ ਜਾਂਦੇ ਹਨ।

ਜੇਕਰ ਤੁਹਾਡੀ 'ਸਮਾਰਟਨੈੱਸ' ਵਿੱਚ ਚਾਰ ਚੰਦ ਲਗਾਉਣ ਵਾਲ਼ੀ ਟੀ-ਸ਼ਰਟ ਬੋਲ ਸਕਦੀ ਤਾਂ ਉਹ ਤੁਹਾਨੂੰ ਦੱਸਦੀ ਕਿ ਇਹ ਤਾਂ ਮਾਮੂਲੀ ਉਦਾਹਰਣ ਹੈ। ਮਸ਼ਹੂਰ ਤੋਂ ਮਸ਼ਹੂਰ ਲੇਬਲ ਵਾਲ਼ੀ, ਅਰਬਾਂ ਡਾਲਰ ਵਿਗਿਆਪਨਾਂ ਵਿੱਚ ਫੂਕਣ ਵਾਲ਼ੀਆਂ ਕੰਪਨੀਆਂ ਜੋਕਾਂ ਦੀ ਤਰ੍ਹਾਂ ਬੱਚਿਆਂ ਅਤੇ ਔਰਤਾਂ ਦਾ ਖੂਨ ਚੂਸਕੇ ਆਪਣਾ ਮੁਨਾਫਾ ਪੈਦਾ ਕਰਦੀਆਂ ਹਨ।

ਜੇਕਰ ਆਪ ਆਪਣੀ 'ਇੰਪੋਰਟਡ ਕੋਰੀਅਨ ਜੀਨਸ ਦੀ ਆਵਾਜ਼ ਸੁਣ ਸਕਦੇ ਇਹ ਦੱਸਦੀ ਕਿ ਇੱਕ 'ਕੋਰੀਆਈ ਗਾਰਮੈਂਟ ਫੈਕਟਰੀ' ਵਿੱਚ 15 ਘੰਟਿਆਂ ਦੀ ਸਧਾਰਨ ਸ਼ਿਫਟ ਹੁੰਦੀ ਹੈ (ਜੋ 14-14 ਸਾਲ ਦੀਆਂ ਬੱਚੀਆਂ ਨੂੰ ਵੀ ਕਰਨੀ ਪੈਂਦੀ ਹੈ।) ਅਤੇ ਹਰ ਸ਼ਨੀਵਾਰ ਨੂੰ ਮਜ਼ਦੂਰ 7:30 ਵਜੇ ਸਵੇਰੇ ਫੈਕਟਰੀ ਆਉਂਦੇ ਹਨ ਅਤੇ ਐਤਵਾਰ ਨੂੰ ਸਵੇਰੇ 6 ਵਜੇ ਬਾਹਰ ਨਿਕਲਦੇ ਹਨ। ਮਤਲਬ ਕਿ ਸਾਢੇ ਬਾਈ ਘੰਟੇ ਦੀ ਸ਼ਿਫਟ।

ਜੇਕਰ ਤੁਹਾਨੂੰ ਤੁਹਾਡੀ ਜੀਨਸ ਦੀਆਂ ਕਹੀਆਂ ਗੱਲਾਂ ਉਪਰ ਭਰੋਸਾ ਨਾ ਹੋਵੇ ਤਾਂ ਦਿੱਲੀ ਦੇ 'ਗੋਵਿੰਦਪੁਰੀ' ਜਾਂ ਨੋਇਡਾ ਦੇ 'ਐਨ.ਈ.ਪੀ.ਜ਼ੈੱਡ' ਵਿੱਚ ਜਾ ਕੇ ਖੁਦ ਆਪਣੀਆਂ ਅੱਖਾਂ ਨਾਲ਼ ਵੇਖ ਸਕਦੇ ਹੋ। ਹਰੇਕ ਉਦਯੋਗਿਕ ਖੇਤਰ ਹਜ਼ਾਰਾਂ ਬਚਪਨਾਂ, ਅਣਗਿਣਤ ਸੁਪਨਿਆਂ, ਉਮੀਦਾਂ ਦੀ ਕਤਲਗਾਹ ਹੈ। ਦੇਸ਼ ਦੀ ਜ਼ਾਲਮ ਸੱਤਾ ਇੱਕ

(ਬਾਕੀ ਸਫ਼ਾ 22 'ਤੇ)

ਅੰਕੜਿਆਂ ਦੇ ਦਰਪਣ ਵਿੱਚ 'ਦੁਨੀਆਂ ਦੀ ਜੰਨਤ' ਦੀ ਹਕੀਕਤ

ਸਾਡੇ ਦੇਸ਼ ਵਿੱਚ ਪੜ੍ਹਿਆਂ-ਲਿਖਿਆਂ ਦਾ ਵੱਡਾ ਤਬਕਾ ਅਮਰੀਕਾ ਦੀ ਖੁਸ਼ਹਾਲੀ ਅਤੇ ਚਕਾਚੌਂਧ ਤੋਂ ਚੁੰਧਿਆਉਂਦਾ ਰਿਹਾ ਹੈ। ਮੀਡੀਆ ਵੀ ਉੱਥੋਂ ਦੇ ਉੱਚੇ ਜੀਵਨ ਹਾਲਤਾਂ ਦੀਆਂ ਅਜਿਹੀਆਂ ਤਸਵੀਰਾਂ ਪੇਸ਼ ਕਰਦਾ ਹੈ, ਵਿਲਾਸਤਾਪੂਰਣ ਅਤੇ ਸੁਵਿਧਾਮਈ ਜੀਵਨ ਦੇ ਅਜਿਹੇ ਕਿੱਸੇ ਸੁਣਾਉਂਦਾ ਹੈ ਕਿ ਉੱਥੋਂ ਦੇ ਰਸਾਤਲਾਂ ਦਾ ਹਨੇਰਾ ਅੱਖਾਂ ਤੋਂ ਉਹਲੇ ਹੋ ਜਾਂਦਾ ਹੈ। ਨਜ਼ਰ ਆਉਂਦੇ ਹਨ ਤਾਂ ਬੱਸ ਖੁਸ਼ਹਾਲੀ ਦੇ ਸਤੰਭ। ਪਰੰਤੂ ਪੱਛਮੀ ਦੁਨੀਆਂ ਦੇ ਅਕਾਦਮਿਕ ਹਲਕਿਆਂ ਵਿੱਚ ਹੋਣ ਵਾਲ਼ੇ ਕੁਝ ਖੋਜ ਅਧਿਐਨਾਂ ਤੋਂ ਕਦੇ-ਕਦਾਈਂ ਤਸਵੀਰ ਦਾ ਦੂਜਾ ਪਾਸਾ ਵੀ ਸਾਹਮਣੇ ਆ ਹੀ ਜਾਂਦਾ ਹੈ।

ਹੁਣੇ ਹਾਲ ਹੀ ਵਿੱਚ ਸਰਕਾਰ ਨੂੰ ਮਿਲਣ ਵਾਲ਼ੇ ਰਾਸ਼ਟਰੀ ਅਤੇ ਦੂਜੇ ਕਰ-ਸੰਬੰਧੀ ਅੰਕੜਿਆਂ ਦੇ ਅਧਿਐਨ ਅਤੇ ਵਿਸ਼ਲੇਸ਼ਣ ਦੇ ਜ਼ਰੀਏ ਅਰਥਸ਼ਾਸਤਰੀ ਬਰਕਲੇ ਨੇ ਪੈਰਿਸ ਇਕਨਾਮਿਕ ਕਾਲਜ ਦੇ ਥੋਮਾਂਸ ਪਿਕੇਟੀ ਦੀ ਮਦਦ ਨਾਲ਼ ਕੁਝ ਅਜਿਹੇ ਅੱਖਾਂ ਖੋਲਣ ਵਾਲ਼ੇ ਨਤੀਜੇ ਕੱਢੇ ਹਨ ਜੋ ਅਮਰੀਕੀ ਸਵਰਗ ਦੀ ਅਸਲੀਅਤ ਨੂੰ ਬਾਖੂਬੀ ਜਾਹਰ ਕਰਦੇ ਹਨ। ਇਸ ਅਧਿਐਨ ਦੇ ਅਨੁਸਾਰ ਉਥੇ ਆਰਥਿਕ ਅਸਮਾਨਤਾ ਦਾ ਪਾੜ੍ਹਾ ਲਗਾਤਾਰ ਵਧਦਾ ਜਾ ਰਿਹਾ ਹੈ। ਪੂੰਜੀਵਾਦੀ ਸਮਾਜਿਕ-ਆਰਥਿਕ ਢਾਂਚੇ ਦੀ ਸਭ ਤੋਂ ਉਪਰਲੀ ਪੌੜੀ 'ਤੇ ਖੜ੍ਹੇ ਇੱਕ ਪ੍ਰਤੀਸ਼ਤ ਅਮਰੀਕੀਆਂ ਦੇ ਜੇਬ ਵਿੱਚ ਰਾਸ਼ਟਰੀ ਆਮਦਨ ਦਾ ਸਭ ਤੋਂ ਵੱਡਾ ਹਿੱਸਾ ਸਮਾ ਜਾਂਦਾ ਹੈ। ਹੁਣੇ ਪਿਛਲੇ ਸਾਲ 2005 ਵਿੱਚ ਇਸ ਇੱਕ ਪ੍ਰਤੀਸ਼ਤ ਜਮਾਤ ਦੀ ਪ੍ਰਤੀ ਵਿਅਕਤੀ ਔਸਤ ਆਮਦਨ 3,48,000 ਡਾਲਰ (ਇੱਕ ਕਰੋੜ ਚੌਹੱਤਰ ਲੱਖ ਰੁਪਏ) ਤੋਂ ਵੀ ਜ਼ਿਆਦਾ ਸੀ। ਜੇਕਰ ਉਪਰ ਦੇ 10 ਪ੍ਰਤੀਸ਼ਤ ਅਮਰੀਕੀਆਂ ਦੀ ਆਮਦਨ ਦੀ ਗੱਲ ਕੀਤੀ ਜਾਵੇ ਤਾਂ ਇਹਨਾਂ ਵਿੱਚ ਏਨਾ ਵਾਧਾ ਹੋਇਆ ਜਿਵੇਂ ਕਿ 1930 ਦੀ ਮਹਾਂਮੰਦੀ ਦੇ ਪਹਿਲੇ ਦਿਨਾਂ ਵਿੱਚ ਵੇਖਿਆ ਗਿਆ ਸੀ। ਮੋਟੇ ਤੌਰ 'ਤੇ ਕਿਹਾ ਜਾਵੇ ਤਾਂ ਉਪਰਲੇ 10 ਪ੍ਰਤੀਸ਼ਤ ਦੇ ਦਾਇਰੇ ਵਿੱਚ ਆਉਣ ਵਾਲ਼ੇ ਅਜਿਹੇ ਲੋਕਾਂ ਦੀ ਔਸਤ ਆਮਦਨ 100,000 ਡਾਲਰ ਤੋਂ ਕੁਝ ਜ਼ਿਆਦਾ ਹੀ ਹੈ। ਦੂਜੇ ਪਾਸੇ ਹੇਠਲੀ ਪੌੜੀ ਦੇ 90 ਪ੍ਰਤੀਸ਼ਤ ਅਮਰੀਕੀਆਂ ਦੀ ਆਮਦਨ ਪਿਛਲੇ ਸਾਲ ਦੇ ਮੁਕਾਬਲੇ 0.6 ਪ੍ਰਤੀਸ਼ਤ ਹੋਰ ਥੱਲੇ ਆ ਗਈ ਜਦੋਂ ਕਿ ਉੱਥੇ ਸਕਲ ਘਰੇਲੂ ਆਮਦਨ ਵਿੱਚ 9 ਪ੍ਰਤੀਸ਼ਤ ਦਾ ਵਾਧਾ ਹੋਇਆ ਸੀ।

ਸਪਸ਼ਟ ਹੈ ਕਿ ਆਰਥਿਕ ਵਿਕਾਸ ਦਾ ਲਾਭ ਮੁੱਖ ਤੌਰ 'ਤੇ ਸਿਖਰ 'ਤੇ ਖੜ੍ਹੇ ਇੱਕ ਪ੍ਰਤੀਸ਼ਤ ਅਮਰੀਕੀਆਂ ਦੇ ਹਿੱਸੇ ਵਿੱਚ ਗਿਆ। ਇਹਨਾਂ ਵਿੱਚ ਵੀ ਪ੍ਰਤੀ ਵਿਅਕਤੀ ਆਮਦਨ ਵਿੱਚ ਔਸਤਨ 11 ਲੱਖ ਡਾਲਰ, ਕੁੱਲ ਮਿਲਾ ਕੇ 13 ਅਰਬ 90 ਕਰੋੜ ਡਾਲਰ ਤੋਂ ਵੀ ਜ਼ਿਆਦਾ ਜਾਂ ਪ੍ਰਤੀਸ਼ਤ ਵਿੱਚ ਮਾਪੀਏ ਤਾਂ 14 ਪ੍ਰਤੀਸ਼ਤ ਦਾ ਵਾਧਾ ਹੋਇਆ। ਉੱਪਰ ਦੇ ਤਿੰਨ ਲੱਖ ਅਮਰੀਕੀਆਂ ਦੀ ਕੁੱਲ ਆਮਦਨ ਏਨੀ ਹੈ ਜਿੰਨੇ ਹੇਠਾਂ ਵਾਲ਼ੇ ਇੱਕ ਕਰੋੜ 50 ਲੱਖ ਅਮਰੀਕੀਆਂ ਦੀ ਕੁੱਲ ਆਮਦਨ ਮਿਲਾ ਕੇ ਵੀ ਨਹੀਂ ਹੋਵੇਗੀ। ਜੇਕਰ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ਼ ਮਾਪਿਆ ਜਾਵੇ ਤਾਂ ਸਿਖ਼ਰ 'ਤੇ ਬੈਠੇ ਮਲਾਈਦਾਰ ਸਮੂਹ ਨੂੰ ਹੇਠਾਂ ਦੇ ਅੱਧੇ ਤੋਂ ਜਿਆਦਾ ਅਮਰੀਕੀਆਂ ਦੀ ਕੁੱਲ ਆਮਦਨ ਦੇ ਮੁਕਾਬਲੇ 440 ਗੁਣਾ ਜਿਆਦਾ ਮਿਲਦਾ ਹੈ।

ਦੂਜੇ ਦੇਸ਼ਾਂ ਦੀ ਡੁਬਦੀ ਆਰਥਿਕਤਾ ਦੇ ਲਈ 'ਲਾਈਟ ਹਾਊਸ' ਬਣੇ ਖੁਦ ਅਮਰੀਕੀ ਆਰਥਿਕਤਾ ਦਾ ਹਾਲ ਇਹ ਹੈ ਕਿ ਉਥੇ ਸਿਖ਼ਰ ਦੇ ਇੱਕ ਪ੍ਰਤੀਸ਼ਤ ਅਤੇ ਬਾਕੀ ਅਬਾਦੀ ਦੇ ਵਿੱਚ ਅਸਮਾਨਤਾ ਦਾ ਇੱਕ ਭਿਆਨਕ ਪਾੜਾ ਨਾ ਕੇਵਲ ਮੌਜੂਦ ਹੈ ਬਲਕਿ ਲਗਾਤਾਰ ਵਧਦਾ ਜਾ ਰਿਹਾ ਹੈ।

ਤਾਂ ਇਹ ਹੈ ਅਮਰੀਕੀ ਸਵਰਗ ਦੀ ਇੱਕ ਹਲਕੀ ਜਿਹੀ ਝਲਕ!

• • • • • • • • • • • • • •

(ਸਫ਼ਾ 21 ਦਾ ਬਾਕੀ ਹਿੱਸਾ)

ਪਾਸੇ ਤਾਂ ਬਾਲ ਮਜ਼ਦੂਰਾਂ ਦੀ ਦੁਰਦਸ਼ਾ ਉਪਰ ਮਗਰਮੱਛ ਦੇ ਹੰਝੂ ਵਗ੍ਹਾਉਂਦੀ ਹੈ ਅਤੇ ਦੂਸਰੇ ਪਾਸੇ ਫਲਾਈਂਗ ਮਸ਼ੀਨ, ਲੀ, ਹੈਗਰ, ਗੈਪ, ਕਿਲਰ ਅਤੇ ਵਾਂਟੇਡ ਵਰਗੀਆਂ ਦੇਸੀ-ਵਿਦੇਸ਼ੀ ਲੁਟੇਰਿਆਂ ਨੂੰ ਬੱਚਿਆਂ ਅਤੇ ਔਰਤਾਂ ਦੀ ਸਸਤੀ ਮਜ਼ਦੂਰੀ ਦੀ ਲੁੱਟ ਕਰਨ ਲਈ ਖੁੱਲੀ ਛੁੱਟੀ ਦੇਣ ਲਈ 'ਫਰੀ ਟਰੇਡ ਜ਼ੋਨ' ਅਤੇ 'ਐਕਸਪੋਰਟ ਪ੍ਰੋਸੈਸਿੰਗ ਜ਼ੋਨ' ਬਣਵਾ ਰਹੀ ਹੈ।

ਇਹ ਸਵਾਲ ਮੱਲੋਮੱਲੀ ਹੀ ਦਿਮਾਗ ਵਿੱਚ ਉਠਦਾ ਹੈ ਕਿ, ਕੀ ਇਸ ਲੋਟੂ-ਪ੍ਰਬੰਧ ਨੂੰ ਜੜ੍ਹ ਤੋਂ ਖਤਮ ਕੀਤੇ ਬਿਨਾਂ ਬਚਪਨ ਬਚਾਇਆ ਜਾ ਸਕਦਾ ਹੈ?

ਮੁਨਾਫੇ ਦੀ ਲਾਲਸਾ ਵਿੱਚ ਪਾਗਲ ਇਹਨਾਂ ਦਰਿੰਦਿਆਂ ਨੂੰ ਕਿਸੇ ਵੀ ਤਰ੍ਹਾਂ ਸਸਤੀ ਮਜ਼ਦੂਰੀ ਚਾਹੀਦੀ ਹੈ ਅਤੇ ਇਸਦੇ ਲਈ ਇਹ ਤੀਜੀ ਦੁਨੀਆਂ ਦੇ ਗਰੀਬ ਮੁਲਕਾਂ ਵਿੱਚ ਜਾਂਦੇ ਹਨ, ਜਿੱਥੋਂ ਦੀਆਂ ਸਰਕਾਰਾਂ ਬੱਚਿਆਂ, ਔਰਤਾਂ ਅਤੇ ਬਦਹਾਲ, ਮਜਬੂਰ ਮਜ਼ਦੂਰਾਂ ਦੇ ਸਰੀਰ ਵਿੱਚੋਂ ਇੱਕ-ਇੱਕ ਤਿੱਪ ਖੂਨ ਨਿਚੋੜਣ ਵਿੱਚ ਉਹਨਾਂ ਦੀ ਸਹਾਇਤਾ ਕਰਨ ਲਈ ਕੁਝ ਵੀ ਕਰਨ ਲਈ ਤਤਪਰ ਰਹਿੰਦੀਆਂ ਹਨ। ਫਿਰ ਬੇਸ਼ਰਮੀ ਭਰੇ ਮਾਣ ਨਾਲ਼ ਇਹ ਦਾਅਵਾ ਕਰਦੀਆਂ ਹਨ ਕਿ ਬਹੁ-ਕੌਮੀ ਕੰਪਨੀਆਂ ਰੁਜ਼ਗਾਰ ਦੇ ਮੌਕੇ ਪੈਦਾ ਕਰ ਰਹੀਆਂ ਹਨ।

ਇਹਨਾਂ ਗਾਰਮੈਂਟ ਫੈਕਟਰੀਆਂ ਦੀ ਇਹ ਸਿਰਫ ਇੱਕ ਝਲਕ ਹੈ ਜੋ ਲੂ-ਕੰਡੇ ਖੜ੍ਹੇ ਕਰ ਦਿੰਦੀ ਹੈ। ਜੇਕਰ ਸੱਚਮੁੱਚ ਸਾਡੇ ਕੱਪੜਿਆਂ ਕੋਲ਼ ਜ਼ੁਬਾਨ ਹੁੰਦੀ ਤਾਂ ਫੈਕਟਰੀਆਂ ਵਿੱਚ ਕੰਮ ਦੀਆਂ ਭਿਆਨਕ ਹਾਲਤਾਂ, ਭੁੱਖਮਰੀ, ਕੁਪੋਸ਼ਣ, ਬਿਮਾਰੀ ਨਾਲ਼ ਭਰੀਆਂ ਜੀਵਨ-ਹਾਲਤਾਂ ਬਾਲ-ਮਜ਼ਦੂਰੀ ਦੇ ਅਣਮਨੁੱਖੀ ਸ਼ੋਸ਼ਣ, ਗੁਲਾਮਾਂ ਵਰਗੇ ਵਿਵਹਾਰ ਅਤੇ ਮੁਨਾਫੇ ਦੀ ਹਵਸ ਥੱਲੇ ਕੁਚਲੇ ਜਾ ਰਹੇ ਬਚਪਨਾਂ ਦੀ ਕਹਾਣੀ ਸੁਣਾਉਂਦੇ।

ਉਹ ਸਾਨੂੰ ਦੱਸਦੇ ਕਿ 'ਅਜ਼ਾਦ ਵਪਾਰ' ਦਾ ਸਾਡੇ ਤੀਸਰੀ ਦੁਨੀਆਂ ਵਿੱਚ ਰਹਿਣ ਵਾਲ਼ੇ ਆਮ ਲੋਕਾਂ ਦੇ ਪੁੱਤਰਾਂ-ਧੀਆਂ ਅਤੇ ਸਾਰੀ ਦੁਨੀਆਂ ਦੇ ਮਜ਼ਦੂਰਾਂ ਲਈ ਕੀ ਅਰਥ ਹੈ?

• • • • • • • • • • • • • •

52ਵੀਂ ਬਰਸੀ (14 ਅਗਸਤ) 'ਤੇ ਵਿਸ਼ੇਸ਼

ਸੱਚਾਈ ਤੇ ਭਾਸ਼ਾ ਵਿਚਲੀ ਕਠੋਰਤਾ ਦਾ ਕਵੀ—ਬ੍ਰੈਖਤ

ਕਵਿਤਾ ਬਾਰੇ ਹਮੇਸ਼ਾਂ ਹੀ ਇਹ ਤਰਾਸਦੀ ਰਹੀ ਹੈ ਕਿ ਇਸਨੂੰ ਬਹੁਤ ਮਹੀਨ, ਕੋਮਲ ਭਾਵੀ ਅਤੇ ਬੁੱਧੀਜੀਵੀਆਂ ਦੀ ਹੀ ਖੇਡ ਸਮਝਿਆ ਜਾਂਦਾ ਰਿਹਾ ਹੈ। ਇਹੀ ਵਜ੍ਹਾ ਹੈ ਕਿ ਕਵਿਤਾ ਨੂੰ ਵਿਆਪਕ ਪੱਧਰ 'ਤੇ ਆਮ ਲੋਕਾਂ ਵਿੱਚ ਉਨਾ ਪਿਆਰ ਤੇ ਸਤਿਕਾਰ ਨਸੀਬ ਨਹੀਂ ਹੋਇਆ ਜਿੰਨੇ ਦੀ ਇਹ ਹੱਕਦਾਰ ਰਹੀ ਹੈ। ਸੰਸਾਰ ਪੱਧਰ 'ਤੇ ਕੁਝ ਕਵੀਆਂ ਨੇ ਇਸ ਵਰਤਾਰੇ ਨੂੰ ਤੋੜਨ ਵਿੱਚ ਕਾਫੀ ਹੱਦ ਤੱਕ ਕਾਮਯਾਬੀ ਵੀ ਪ੍ਰਾਪਤ ਕੀਤੀ ਹੈ। 'ਕਲਾ ਲੋਕਾਂ ਲਈ' ਦੇ ਆਦਰਸ਼-ਵਾਕ ਅਨੁਸਾਰ ਕਲਾ ਨੂੰ ਲੋਕਾਂ ਦੇ ਹਿੱਤਾਂ ਲਈ ਵਰਤਣ ਅਤੇ ਆਮ ਜਨਤਾ ਦੀ ਇਸ ਵਿੱਚ ਸ਼ਮੂਲੀਅਤ ਯਕੀਨੀ ਬਣਾਉਣ ਲਈ ਆਪਣੀਆਂ ਜ਼ਿੰਦਗੀਆਂ ਸਮਰਪਿਤ ਕਰਨ ਵਾਲੇ ਕੁਝ ਕੁ ਕਵੀਆਂ ਤੇ ਲੇਖਕਾਂ ਵਿਚ ਬ੍ਰੈਖਤ ਦਾ ਨਾਮ ਬੜੇ ਸਤਿਕਾਰ ਨਾਲ਼ ਲਿਆ ਜਾਂਦਾ ਹੈ।

ਬ੍ਰੈਖਤ ਨੂੰ ਭਾਵੇਂ ਸਾਹਿਤਕ ਹਲਕਿਆਂ ਵਿੱਚ ਮੁੱਖ ਤੌਰ 'ਤੇ ਇੱਕ ਨਾਟਕਕਾਰ ਵਜੋਂ ਹੀ ਜਾਣਿਆ ਜਾਂਦਾ ਸੀ। ਪਰ ਉਹਨਾਂ ਦੀ ਸ਼ਖ਼ਸੀਅਤ ਵਿਚਲੀ ਅਸੀਮ ਕਾਵਿਕਤਾ ਨੂੰ ਕਿਸੇ ਵੀ ਹੱਦਬੰਦੀ ਵਿੱਚ ਰੱਖ ਸਕਣਾ ਅਸੰਭਵ ਸੀ। ਨਤੀਜੇ ਵਜੋਂ ਇੱਕ ਮਹਾਨ, ਲੋਕ-ਪੱਖੀ ਅਤੇ ਲੋਕ-ਭਾਸ਼ਾ ਵਿੱਚ ਲਿਖੀ ਗਈ ਕਵਿਤਾ ਦਾ ਜਨਮ ਹੋਇਆ। ਬ੍ਰੈਖਤ ਨੂੰ ਆਮ ਬੋਲਚਾਲ ਵਾਲ਼ੀ ਭਾਸ਼ਾ ਨਾਲ਼ ਅੰਤਾਂ ਦਾ ਮੋਹ ਸੀ ਅਤੇ ਉਹਨਾਂ ਦੇ ਅਨੁਸਾਰ ਕਵਿਤਾ ਨੂੰ ਸ਼ਬਦਾਂ ਦੇ ਹੇਰ-ਫੇਰ ਵਿੱਚੋਂ ਕੱਢ ਕੇ ਸਿੱਧੀ-ਸਾਦੀ ਭਾਸ਼ਾ ਵਿੱਚ ਪ੍ਰਗਟਾਉਣਾ ਅਤੇ ਸੱਚਾਈ ਦੀ ਸਮੁੱਚੀ ਕੁੜੱਤਣ ਸਮੇਤ ਪੇਸ਼ ਕਰਨਾ ਹੀ ਅਸਲੀ ਅਰਥਾਂ ਵਿੱਚ ਕਲਾ ਦੀ ਅਤੇ ਲੋਕਾਂ ਦੀ ਸੇਵਾ ਹੋ ਸਕਦੀ ਹੈ। ਆਪਣੀਆਂ ਕਵਿਤਾਵਾਂ ਬਾਰੇ ਅਕਸਰ ਹੀ ਉਹ ਕਿਹਾ ਕਰਦੇ ਸਨ ਕਿ ਉਹਨਾਂ ਨੇ ਆਮ ਤੌਰ 'ਤੇ ਨਾਟਕਾਂ ਲਈ ਕੰਮ ਕੀਤਾ ਹੈ, ਇਸ ਲਈ ਹਮੇਸ਼ਾ ਹੀ ਬੋਲਚਾਲ ਦੀ ਭਾਸ਼ਾ ਵਿੱਚ ਸੋਚਿਆ ਹੈ। ਬੋਲਚਾਲ ਦੀ ਇਸ ਭਾਸ਼ਾ ਨੂੰ ਕਵਿਤਾ ਵਿੱਚ ਇੱਕ ਖਾਸ ਅੰਦਾਜ਼ ਨਾਲ਼ ਪੇਸ਼ ਕਰਨ ਦੀ ਤਕਨੀਕ ਨੂੰ ਉਹ 'ਭੰਗਿਮਾ' ਕਿਹਾ ਕਰਦੇ ਸਨ।

ਬ੍ਰਤੋਲਤ ਬ੍ਰੈਖਤ ਦਾ ਜਨਮ 10 ਫਰਵਰੀ 1898 ਨੂੰ ਜਰਮਨੀ ਦੇ ਬਾਵੇਰੀਆ ਸੂਬੇ ਦੇ ਔਗਸਬਰਗ ਕਸਬੇ ਵਿੱਚ ਹੋਇਆ। ਸ਼ੁਰੂਆਤੀ ਪੜ੍ਹਾਈ ਜੱਦੀ ਸ਼ਹਿਰ ਵਿਖੇ ਹੀ ਪੂਰੀ ਕਰਨ ਤੋਂ ਬਾਅਦ 1917 ਵਿੱਚ ਮਿਊਨਿਖ ਯੂਨੀਵਰਸਿਟੀ ਵਿੱਚ ਮੈਡੀਕਲ ਵਿਸ਼ੇ ਵਿੱਚ ਦਾਖਲਾ ਲਿਆ। ਪਹਿਲੇ ਵਿਸ਼ਵ ਯੁੱਧ ਦੇ ਅਖੀਰਲੇ ਸਾਲ ਉਹਨਾਂ ਨੂੰ ਫੌਜ ਵਿੱਚ ਭਰਤੀ ਹੋਣਾ ਪਿਆ। ਪਰ ਡਾਕਟਰੀ ਵਿਸ਼ੇ ਵਿੱਚ ਪੜ੍ਹਾਈ ਹੋਣ ਕਾਰਨ ਕਿਸੇ ਹਸਪਤਾਲ ਵਿੱਚ ਹੀ ਕੰਮ ਦੇ ਦਿੱਤਾ ਗਿਆ। ਫੌਜ ਵਿੱਚ ਕੰਮ ਕਰਦਿਆਂ ਉਹਨਾਂ ਨੇ ਜੋ ਪ੍ਰਭਾਵ ਕਬੂਲੇ ਉਹ ਸਾਰੀ ਜ਼ਿੰਦਗੀ ਉਹਨਾਂ ਦੀ ਸਖ਼ਸ਼ੀਅਤ ਦੇ ਮਾਨਸਿਕ, ਚਿੰਤਕ ਅਤੇ ਰਚਨਾਤਮਿਕ ਪਹਿਲੂਆਂ ਤੇ ਹਾਵੀ ਰਹੇ। ਉਹਨਾਂ ਨੇ ਯੁੱਧ ਦੇ ਕਾਰਨਾਂ ਅਤੇ ਅੰਜਾਮ ਬਾਰੇ ਸੋਚਣਾ ਸ਼ੁਰੂ ਕੀਤਾ ਜਿਸ ਕਾਰਨ ਉਹਨਾਂ ਦੇ ਮਨ ਵਿੱਚ ਯੁੱਧ ਅਤੇ ਮਨੁੱਖਤਾ ਦੇ ਦੁਸ਼ਮਣਾਂ ਖਿਲਾਫ ਨਫ਼ਰਤ ਭਰਦੀ ਗਈ। ਅੱਗੇ ਚਲਕੇ ਉਹਨਾਂ ਨੇ ਹਮੇਸ਼ਾ ਹੀ ਆਪਣੀਆਂ ਰਚਨਾਵਾਂ ਰਾਹੀਂ ਮਨੁੱਖਤਾ ਦੇ ਪੱਖ ਵਿੱਚ ਹਾਮੀ ਭਰੀ ਅਤੇ ਇੱਕ ਹਸੀਨ ਸਵੇਰੇ ਲਈ ਸਾਰੀ ਜ਼ਿੰਦਗੀ ਹਨੇਰੇ ਦੀਆਂ ਤਾਕਤਾਂ ਖਿਲਾਫ਼ ਜੂਝਦੇ ਰਹੇ।

ਹੌਲੀ-ਹੌਲੀ ਉਹਨਾਂ ਦਾ ਝੁਕਾਅ ਮਾਰਕਸਵਾਦ ਵੱਲ ਹੋਇਆ ਤਾਂ ਉਹਨਾਂ ਨੇ ਆਪਣੀ ਕਲਾ ਰਾਹੀਂ ਇਸ ਮਹਾਨ ਵਿਚਾਰਧਾਰਾ ਨੂੰ ਪ੍ਰਚਾਰਨ ਦਾ ਕੰਮ ਆਪਣੀ ਜ਼ਿੰਦਗੀ ਦਾ ਇੱਕੋ-ਇੱਕ ਮਕਸਦ ਬਣਾ ਲਿਆ। ਉਹਨਾਂ ਦੀ ਕਲਾ ਦੀ ਮੁੱਖ ਪ੍ਰਵਿਰਤੀ ਪੂੰਜੀਵਾਦੀ ਦ੍ਰਿਸ਼ਟੀਕੋਣ ਅਤੇ ਕਦਰਾਂ-ਕੀਮਤਾਂ 'ਤੇ ਤਿੱਖਾ ਅਤੇ ਵਿਅੰਗਾਤਮਕ ਹਮਲਾ ਸੀ।

30 ਜਨਵਰੀ 1933 ਨੂੰ ਹਿਟਲਰ ਦੁਆਰਾ ਜਰਮਨੀ 'ਤੇ ਕਬਜਾ ਕਰਨ ਤੋਂ ਬਾਅਦ ਬ੍ਰੈਖਤ ਨੂੰ ਜਰਮਨੀ ਛੱਡਣ ਲਈ ਮਜਬੂਰ ਹੋਣਾ ਪਿਆ। ਇੱਥੋਂ ਹੀ ਉਹਨਾਂ ਦੇ ਦੁੱਖਾਂ ਭਰੇ ਜੀਵਨ ਅਤੇ ਅਮੁੱਕ ਜਲਾਵਤਨੀ ਦਾ ਦੌਰ ਸ਼ੁਰੂ ਹੋਇਆ। ਸਾਰੀ ਜ਼ਿੰਦਗੀ ਉਹ ਇੱਕ ਦੇਸ਼ ਤੋਂ ਦੂਜੇ ਦੇਸ਼ ਤੱਕ ਦਾ ਸਫ਼ਰ ਕਰਦੇ ਹੋਏ ਸੱਚਾਈ ਅਤੇ ਮਨੁੱਖਤਾ ਦੇ ਚੰਗੇਰੇ ਭਵਿੱਖ ਲਈ ਲੜਦੇ ਅਤੇ ਲਿਖਦੇ ਰਹੇ।

ਮਈ 1955 ਵਿੱਚ ਕਲਾ ਸਾਹਿਤ ਵਿੱਚ ਉਹਨਾਂ ਦੀਆਂ ਅਮੁੱਕ ਪ੍ਰਾਪਤੀਆਂ ਬਦਲੇ ਲੈਨਿਨ ਪੁਰਸਕਾਰ ਨਾਲ਼ ਨਿਵਾਜਿਆ ਗਿਆ। ਇਹ ਸਨਮਾਨ ਪ੍ਰਾਪਤ ਕਰਨ ਲਈ ਉਹ ਖ਼ੁਦ ਮਾਸਕੋ ਪਹੁੰਚੇ ਜਿੱਥੇ 14 ਅਗਸਤ 1956 ਨੂੰ ਦਿਲ ਦਾ ਦੌਰਾ ਪੈਣ ਕਾਰਨ ਵੀਹਵੀਂ ਸਦੀ ਦੇ ਇਸ ਮਹਾਨ ਚਿੰਤਕ, ਕਵੀ ਤੇ ਨਾਟਕਕਾਰ ਦਾ ਦੇਹਾਂਤ ਹੋ ਗਿਆ।

ਬ੍ਰੈਖਤ ਨੇ ਆਪਣੀਆਂ ਸਾਰੀਆਂ ਰਚਨਾਵਾਂ ਆਪਣੀ ਮੂਲ ਭਾਸ਼ਾ ਜਰਮਨੀ ਵਿੱਚ ਹੀ ਲਿਖੀਆਂ। ਇੱਥੇ ਅਸੀਂ ਉਹਨਾਂ ਵਿੱਚੋਂ ਕੁਝ ਕਵਿਤਾਵਾਂ ਦਾ ਪੰਜਾਬੀ ਅਨੁਵਾਦ ਪ੍ਰਕਾਸ਼ਤ ਕਰਨ ਦੀ ਖੁਸ਼ੀ ਹਾਸਿਲ ਕਰ ਰਹੇ ਹਾਂ। ਪੰਜਾਬੀ ਸਾਹਿਤ ਦੀ ਹਮੇਸ਼ਾ ਹੀ ਇਹ ਤਰਾਸਦੀ ਰਹੀ ਹੈ ਕਿ ਇਸ ਭਾਸ਼ਾ ਵਿੱਚ ਸੰਸਾਰ ਪੱਧਰ ਦਾ ਕਾਫੀ ਵਡਮੁੱਲਾ ਸਾਹਿਤ ਅਨੁਵਾਦ ਨਹੀਂ ਹੋ ਸਕਿਆ। ਭਾਸ਼ਾ ਦੀਆਂ ਸੀਮਤਾਈਆਂ ਕਾਰਨ ਇਹ ਅਨੁਵਾਦ ਕਰਨ ਲਈ ਸਾਨੂੰ ਅੰਗੇਰਜੀ ਅਤੇ ਹਿੰਦੀ ਭਾਸ਼ਾ ਦਾ ਸਹਾਰਾ ਲੈਣਾ ਪਿਆ ਹੈ। ਪਰ ਖ਼ੂਬਸੂਰਤੀ ਅਤੇ ਸੱਚਾਈ ਦਾ ਕੋਈ ਦੇਸ਼ ਕੋਈ ਭਾਸ਼ਾ ਨਹੀਂ ਹੁੰਦੀ। ਅਜਿਹੀਆਂ ਮਹਾਨ ਰਚਨਾਵਾਂ ਸਮੁੱਚੀ ਮਨੁੱਖ ਜਾਤੀ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀਆਂ ਹਨ ਅਤੇ ਇਹਨਾਂ ਨੂੰ ਕਿਸੇ ਵੀ ਕਿਸਮ ਦੀਆਂ ਸੌੜੀਆਂ ਹੱਦਾਂ ਅੰਦਰ ਨਹੀਂ ਡੱਕਿਆ ਜਾ ਸਕਦਾ।

ਬ੍ਰੈਖਤ ਦੀਆਂ ਰਚਨਾਵਾਂ ਦੀ ਸਾਹਿਤਕ ਸ਼ਕਤੀ ਦਾ ਅੰਦਾਜਾ ਪਾਠਕ ਸਹਿਜੇ ਹੀ ਇਸ ਗੱਲੋਂ ਲਗਾ ਸਕਦਾ ਹੈ ਕਿ ਦੂਹਰਾ ਅਨੁਵਾਦ ਹੋਣ ਦੇ ਬਾਵਜੂਦ ਵੀ ਇਹਨਾਂ ਵਿਚਲੀ

ਕਾਵਿਕਤਾ ਆਪਣੇ ਸੰਪੂਰਨ ਸੁਹੱਪਣ ਅਤੇ ਸੂਖਮ ਭਾਵਨਾਵਾਂ ਸਹਿਤ ਸ਼ਬਦ-ਦਰ-ਸ਼ਬਦ ਹਾਜ਼ਿਰ ਰਹਿੰਦੀ ਹੈ।

ਮਨੁੱਖਤਾ ਦੇ ਇਸ ਸੱਚੇ ਆਸ਼ਿਕ ਨੂੰ ਉਸਦੀ 52ਵੀਂ ਬਰਸੀ 'ਤੇ ਅਦਾਰਾ 'ਲਲਕਾਰ' ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹੈ।

ਕਵਿਤਾਵਾਂ

1. ਗੌਰਵ

ਅਮਰੀਕੀ ਸਿਪਾਹੀ ਨੇ ਜਦ ਮੈਨੂੰ ਕਿਹਾ
ਕਿ ਖਾਂਦੇ-ਪੀਂਦੇ ਮੱਧਵਰਗ ਦੀਆਂ ਜਰਮਨ ਕੁੜੀਆਂ
ਤੰਮਾਕੂ ਦੇ ਬਦਲੇ ਅਤੇ ਨਿਮਨ ਮੱਧ ਵਰਗ ਦੀਆਂ
ਚਾਕਲੇਟ ਦੇ ਬਦਲੇ
ਖਰੀਦੀਆਂ ਜਾ ਸਕਦੀਆਂ ਨੇ।
ਪਰ ਭੁੱਖ ਨਾਲ਼ ਤੜਫਦੇ ਰੂਸੀ ਮਜ਼ਦੂਰ
ਕਦੇ ਨਹੀਂ ਖਰੀਦੇ ਜਾ ਸਕਦੇ
ਮੈਨੂੰ ਮਾਣ ਮਹਿਸੂਸ ਹੋਇਆ।

2. ਇੱਕ ਚੀਨੀ ਸ਼ੇਰ ਦੀ ਨੱਕਾਸ਼ੀ ਦੇਖਕੇ

ਤੇਰੇ ਪੰਜੇ ਦੇਖਕੇ
ਡਰਦੇ ਹਨ ਬੁਰੇ ਆਦਮੀ
ਤੇਰਾ ਗੁੰਦਵਾਂ ਸਰੀਰ ਦੇਖਕੇ
ਖੁਸ਼ ਹੁੰਦੇ ਹਨ ਚੰਗੇ ਆਦਮੀ
ਇਹੀ ਮੈਂ ਚਾਹਾਂਗਾ ਸੁਣਨਾ
ਆਪਣੀ ਕਵਿਤਾ ਦੇ ਬਾਰੇ।

3. ਜਨਰਲ ਤੇਰਾ ਟੈਂਕ ਇੱਕ ਮਜ਼ਬੂਤ ਵਾਹਨ ਹੈ

ਜਨਰਲ, ਤੇਰਾ ਟੈਂਕ ਇੱਕ ਮਜ਼ਬੂਤ ਵਾਹਨ ਹੈ
ਉਹ ਮਲੀਆਮੇਟ ਕਰ ਸੁੱਟਦਾ ਹੈ ਜੰਗਲ ਨੂੰ
ਅਤੇ ਕੁਚਲ ਦਿੰਦਾ ਹੈ ਸੈਂਕੜੇ ਆਦਮੀ
ਪਰ ਉਸ ਵਿੱਚ ਇੱਕ ਨੁਕਸ ਹੈ—
ਉਸਨੂੰ ਇੱਕ ਡਰਾਈਵਰ ਚਾਹੀਦਾ ਹੈ।
ਜਨਰਲ, ਤੇਰਾ ਬੰਬ ਵਰ੍ਹਾਊ ਮਜ਼ਬੂਤ ਹੈ
ਉਹ ਤੂਫਾਨ ਤੋਂ ਤੇਜ਼ ਉੱਡਦਾ ਹੈ ਅਤੇ ਢੋਂਦਾ ਹੈ
ਹਾਥੀ ਤੋਂ ਵੀ ਜ਼ਿਆਦਾ।
ਪਰ ਉਸ ਵਿੱਚ ਇੱਕ ਨੁਕਸ ਹੈ—
ਉਸਨੂੰ ਇੱਕ ਮਿਸਤਰੀ ਚਾਹੀਦਾ ਹੈ।

ਜਨਰਲ, ਆਦਮੀ ਕਿੰਨਾ ਉਪਯੋਗੀ ਹੈ
ਉਹ ਉੱਡ ਸਕਦਾ ਹੈ ਅਤੇ ਮਾਰ ਸਕਦਾ ਹੈ।
ਪਰ ਉਸ ਵਿੱਚ ਇੱਕ ਨੁਕਸ ਹੈ—
ਉਹ ਸੋਚ ਸਕਦਾ ਹੈ।

4. ਕਮਜ਼ੋਰੀਆਂ

ਕਮਜ਼ੋਰੀਆਂ
ਤੇਰੀਆਂ ਕੋਈ ਨਹੀਂ ਸਨ
ਮੇਰੀ ਸੀ ਇੱਕ
ਮੈਂ ਕਰਦਾ ਸੀ ਪਿਆਰ।

5. ਆਦਰਸ਼ ਵਾਕ

ਜੇਕਰ ਉਥੇ ਕੋਈ ਹਵਾ ਚਲ ਰਹੀ ਹੋਵੇ
ਮੈਂ ਇੱਕ ਬਾਦਬਾਨ ਲਹਿਰਾ ਸਕਦਾ ਹਾਂ
ਜੇਕਰ ਉਥੇ ਕੋਈ ਬਾਦਬਾਨ ਨਾ ਹੋਵੇ
ਮੈਂ ਬਾਂਸ ਅਤੇ ਕੱਪੜਿਆਂ ਨਾਲ਼ ਬਣਾਵਾਂਗਾ।

8. ਜੋ ਕਹਿੰਦੇ ਹੋ ਉਸਨੂੰ ਸੁਣੋ ਵੀ

ਅਧਿਆਪਕ, ਅਕਸਰ ਨਾ ਕਹੋ ਕਿ ਤੁਸੀਂ ਸਹੀ ਹੋ
ਵਿਦਿਆਰਥੀਆਂ ਨੂੰ ਮਹਿਸੂਸ ਕਰ ਲੈਣ ਦਿਓ ਖੁਦ-ਬ-ਖੁਦ
ਸੱਚ ਨੂੰ ਥੋਪੋ ਨਾਂ
ਇਹ ਠੀਕ ਨਹੀਂ ਹੈ ਸੱਚਾਈ ਦੇ ਹੱਕ 'ਚ
ਕਹਿੰਦੇ ਹੋ ਜੋ ਉਸਨੂੰ ਸੁਣੋ ਵੀ।

10. ਅਤੇ ਮੈਂ ਹਮੇਸ਼ਾ ਸੋਚਦਾ ਸੀ

ਅਤੇ ਮੈਂ ਹਮੇਸ਼ਾ ਸੋਚਦਾ ਸੀ :
ਇੱਕਦਮ ਸਿੱਧੇ-ਸਾਦੇ ਸ਼ਬਦ ਹੀ ਕਾਫ਼ੀ ਹੋਣੇ ਚਾਹੀਦੇ ਹਨ
ਮੈਂ ਜਦ ਕਹਾਂ ਕਿ ਚੀਜਾਂ ਦੀ ਅਸਲੀਅਤ ਕੀ ਹੈ
ਹਰ ਇੱਕ ਦਾ ਦਿਲ ਛਲਣੀ ਹੋ ਜਾਣਾ ਚਾਹੀਦਾ ਹੈ
ਕਿ ਧਸ ਜਾਓਗੇ ਮਿੱਟੀ 'ਚ ਇੱਕ ਦਿਨ
ਜੇਕਰ ਖੁਦ ਨਾ ਖੜ੍ਹੇ ਹੋਏ ਤੁਸੀਂ
ਸੱਚਮੁਚ ਤੁਸੀਂ ਦੇਖਿਓ ਇੱਕ ਦਿਨ।

11. ਤੂੰ ਉੱਥੇ ਬੈਠਦਾ ਏਂ ਪੜ੍ਹਨ ਲਈ

ਤੂੰ ਉੱਥੇ ਬੈਠਦਾ ਏਂ ਪੜ੍ਹਨ ਲਈ
ਅਤੇ ਕਿੰਨਾ ਲਹੂ ਡੁੱਲਿਆ ਸੀ ਕਿ ਤੂੰ ਉੱਥੇ ਬੈਠ ਸਕੇਂ
ਕੀ ਅਜਿਹੀਆਂ ਕਹਾਣੀਆਂ ਤੈਨੂੰ ਬੋਰ ਕਰਦੀਆਂ ਹਨ ?
ਪਰ ਇਹ ਨਾਂ ਭੁੱਲ ਕਿ ਪਹਿਲਾਂ ਹੋਰ ਬੈਠਦੇ ਸਨ
ਤੇਰੀ ਜਗ੍ਹਾ, ਜੋ ਬੈਠ ਜਾਂਦੇ ਸਨ
ਫਿਰ ਲੋਕਾਂ ਦੀ ਛਾਤੀ ਉੱਪਰ
ਹੋਸ਼ ਕਰ!

12.

ਤੇਰਾ ਵਿਗਿਆਨ ਵਿਅਰਥ ਹੋਵੇਗਾ
ਤੇਰੇ ਲਈ
ਅਤੇ ਅਧਿਐਨ ਬਾਂਝ
ਜੇਕਰ ਪੜ੍ਹਦਾ ਰਿਹਾ
ਬਿਨਾ ਸਮਰਪਿਤ ਕੀਤੇ ਆਪਣੀ ਸਿਆਣਪ
ਲੜਨ ਲਈ,
ਸਮੁੱਚੀ ਮਨੁੱਖਤਾ ਦੇ
ਸਾਰੇ ਦੁਸ਼ਮਣਾਂ ਵਿਰੁੱਧ।

• • • • • • • • • • • •

ਕਹਾਣੀ

ਬਾਜ ਦਾ ਗੀਤ

—ਮੈਕਸਿਮ ਗੋਰਕੀ

ਅਥਾਹ ਸਾਗਰ — ਤੱਟ ਦੇ ਨੇੜੇ ਆਲਸੀ ਜਿਹੇ ਢੰਗ ਨਾਲ ਸਾਹ ਲੈ ਰਿਹਾ, ਤੇ ਦੂਰ ਨੀਂਦ ਵਿਚ ਤੇ ਬੇਹਰਕਤ —ਡੂੰਘੀ ਨੀਲੀ ਚੰਨ-ਚਾਨਣੀ ਵਿਚ ਲਪੇਟਿਆ ਹੋਇਆ ਸੀ। ਨਰਮ ਤੇ ਚਾਂਦੀ ਰੰਗਾ, ਇਹ ਦੁਮੇਲ ਉਤੇ ਦੱਖਣ ਦੇ ਨੀਲੇ ਆਕਾਸ਼ ਨਾਲ ਇੱਕ-ਮਿਕ ਹੋਇਆ ਹੋਇਆ ਸੀ ਤੇ ਘੂਕ ਸੁੱਤਾ ਪਿਆ ਸੀ। ਤੇ ਇਸ ਵਿਚ ਫੰਬਿਆਂ ਵਰਗੇ ਬੱਦਲਾਂ ਦਾ ਅਕਸ ਦਿਸਦਾ ਸੀ, ਜਿਹੜੇ ਉਪਰ ਬੇਹਰਕਤ ਲਟਕੇ ਪਏ ਸਨ ਤੇ ਤਾਰਿਆਂ ਦੀ ਸੁਨਹਿਰੀ ਨੱਕਾਸ਼ੀ ਉਤੇ ਪਰਦਾ ਤਾਣ ਰਹੇ ਸਨ, ਪਰ ਉਸ ਨੂੰ ਢੱਕ ਨਹੀਂ ਸਨ ਰਹੇ। ਆਕਾਸ਼ ਝੁਕ ਕੇ ਸਾਗਰ ਵੱਲ ਆਉਂਦਾ ਲਗਦਾ ਸੀ, ਇਹ ਸਮਝਣ ਦੀ ਇੱਛਾ ਨਾਲ ਕਿ ਬੇਚੈਨ ਲਹਿਰਾਂ, ਅਲਸਾਈਆਂ ਹੋਈਆਂ ਕੰਢਿਆਂ ਨੂੰ ਧੋਂਦੀਆਂ, ਉਹਨਾਂ ਦੇ ਕੰਨਾ ਵਿਚ ਕੀ ਕਹਿ ਰਹੀਆਂ ਹਨ।

ਹਵਾਵਾਂ ਨਾਲ ਟੁੱਟੇ ਦਰਖ਼ਤਾਂ ਨਾਲ ਢੱਕੇ ਹੋਏ ਪਹਾੜ ਆਪਣੀਆਂ ਦੰਦਿਆਂ ਵਰਗੀਆਂ ਚੋਟੀਆਂ ਆਪਣੇ ਉੱਪਰਲੇ ਨੀਲੇ ਖ਼ਲਾਅ ਵਿਚ ਖੋਭ ਰਹੇ ਸਨ, ਜਿਥੇ ਉਹਨਾਂ ਦੀਆਂ ਸਖ਼ਤ ਆਕਾਰ-ਰੇਖਾਵਾਂ ਨੂੰ ਦੱਖਣੀ ਰਾਤ ਦਾ ਨਿੱਘਾ ਤੇ ਸਹਿਲਾਉਂਦਾ ਹਨੇਰਾ ਕੋਮਲ ਬਣਾ ਰਿਹਾ ਸੀ।

ਪਹਾੜ ਡੂੰਘੀਆਂ ਸੋਚਾਂ ਵਿਚ ਡੁੱਬੇ ਹੋਏ ਸਨ। ਉਹਨਾਂ ਦੇ ਕਾਲੇ ਪਰਛਾਵੇਂ ਉਭਰਦੀਆਂ ਹਰੀਆਂ ਲਹਿਰਾਂ ਦੀਆਂ ਟੀਸੀਆਂ ਉਤੇ ਪੈ ਰਹੇ ਸਨ ਤੇ ਉਹਨਾਂ ਨੂੰ ਗਹਿਣੇ ਪਹਿਨਾ ਰਹੇ ਸਨ, ਜਿਵੇਂ ਉਹਨਾਂ ਦੇ ਲਗਾਤਾਰ ਉਤਾਰ-ਚੜ੍ਹਾ ਨੂੰ ਰੋਕਣਾ, ਪਾਣੀ ਦੀ ਨਿਰੰਤਰ ਥਪ-ਥਪ ਨੂੰ, ਤੇ ਝੱਗ ਦੇ ਹਉਕਿਆਂ ਨੂੰ ਚੁੱਪ ਕਰਾਉਣਾ ਚਾਹੁੰਦੇ ਹੋਣ, ਭਾਵ ਉਹਨਾਂ ਸਾਰੀਆਂ ਆਵਾਜਾਂ ਨੂੰ ਜਿਹੜੀਆਂ ਉਸ ਰਹੱਸਮਈ ਚੁੱਪ ਨੂੰ ਭੰਗ ਕਰ ਰਹੀਆਂ ਸਨ, ਜਿਹੜੀ ਇਸ ਸਾਰੇ ਦ੍ਰਿਸ਼ ਉਤੇ ਛਾਈ ਹੋਈ ਸੀ, ਚੰਨ ਦੀ ਚਾਂਦੀ ਵਰਗੀ ਨੀਲੀ ਚਾਨਣੀ ਵਾਂਗ, ਜਿਹੜਾ ਚੰਨ ਕਿ ਅਜੇ ਪਹਾੜਾਂ ਦੀਆਂ ਟੀਸੀਆਂ ਤੋਂ ਉਤੇ ਨਹੀਂ ਸੀ ਆਇਆ।

"ਅੱਲਾ-ਹੂ-ਅਕਬਰ!" ਨਾਦਰ ਰਹੀਮ ਓਗਲੀ ਨੇ ਹੌਲੀ ਜਿਹੀ ਸਾਹ ਲੈਂਦਿਆਂ ਕਿਹਾ। ਉਹ ਉੱਚਾ ਲੰਮਾਂ, ਧੌਲੀ ਦਾੜ੍ਹੀ ਵਾਲਾ ਤੇ
ਦੱਖਣੀ ਧੁੱਪ ਦੇ ਸੰਵਲਾਏ ਰੰਗ ਵਾਲਾ, ਪਤਲਾ ਜਿਹਾ ਤੇ ਸਿਆਣਾ ਬਜ਼ੁਰਗ ਆਜੜੀ ਸੀ।

ਅਸੀਂ ਦੋਵੇਂ ਜਣੇ ਪਹਾੜ ਨਾਲੋ ਟੁੱਟੇ ਇਕ ਵੱਡੇ ਸਾਰੇ ਪੱਥਰ ਕੋਲ ਰੇਤ ਉਤੇ ਲੇਟੇ ਹੋਏ ਸਾਂ, ਜਿਸ ਪੱਥਰ ਉਤੇ ਉੱਲੀ ਜੰਮੀਂ ਹੋਈ ਸੀ—ਪਰਛਾਵਿਆਂ ਦੇ ਕੱਪੜੇ ਪਾਈ ਉਦਾਸ ਤੇ ਦਿਲਗੀਰ ਪੱਥਰ ਕੋਲ। ਇਸਦੀ ਸਾਗਰ ਵੱਲ ਦੀ ਵੱਖੀ ਉਤੇ ਲਹਿਰਾਂ ਨੇ ਸਮੁੰਦਰੀ ਕਾਈ ਤੇ ਪਾਣੀ ਵਿਚ ਉੱਗਣ ਵਾਲੀਆਂ ਹੋਰ ਬੂਟੀਆਂ ਲਿਆ ਸੁੱਟੀਆਂ ਸਨ ਜਿਹੜੀਆਂ ਇਸਨੂੰ ਸਾਗਰ ਤੇ ਪਹਾੜਾਂ ਵਿਚਕਾਰ ਛੋਟੇ ਜਿਹੇ ਰੇਤਲੇ ਟੋਟੇ ਨਾਲ ਬੰਨ੍ਹਦੀਆਂ ਸਨ। ਸਾਡੇ ਕੋਲ ਬਲਦੀ ਅੱਗ ਦੀਆਂ ਲਾਟਾਂ ਇਸਦੇ ਤੱਟ ਵਾਲੇ ਪਾਸੇ ਨੂੰ ਰੌਸ਼ਨ ਕਰ ਰਹੀਆਂ ਸਨ ਤੇ ਲਾਟਾਂ ਦੇ ਭੜਕਣ ਨਾਲ ਇਸ ਪੁਰਾਤਨ ਪੱਥਰ ਦੀ ਸਤਹ ਉਤੇ, ਜਿਸ ਉਤੇ ਡੂੰਘੀਆਂ ਤਰੇੜਾਂ ਦਾ ਜਾਲ ਵਿਛਿਆ ਹੋਇਆ ਸੀ ਪਰਛਾਵੇਂ ਦੌੜਣ ਲੱਗ ਪੈਂਦੇ ਸਨ।

ਰਹੀਮ ਤੇ ਮੈਂ ਕੁਝ ਮੱਛੀ ਉਬਾਲ ਰਹੇ ਸਾਂ , ਜਿਹੜੀ ਅਸਾਂ ਕੁਝ ਹੀ ਦੇਰ ਪਹਿਲਾਂ ਫੜੀ ਸੀ ਤੇ ਅਸੀਂ ਦੋਵੇਂ ਹੀ ਅਜਿਹੀ ਮਨੋਸਥਿਤੀ ਵਿਚ ਸਾਂ ਜਿਸ ਵਿਚ ਹਰ ਚੀਜ਼ ਉੱਜਲ, ਪ੍ਰੇਰਨਾ ਦੇਣ ਵਾਲੀ ਤੇ ਸਮਝ ਆਉਣ ਵਾਲੀ ਲਗਦੀ ਹੈ। ਸਾਡੇ ਦਿਲ ਹੌਲੇ-ਫੁੱਲ ਤੇ ਨਿਰਮਲ ਸਨ, ਤੇ ਇਕੋ ਇਕ ਖ਼ਾਹਸ਼ ਇਹਨਾਂ ਵਿਚ ਇਹ ਸੀ ਕਿ ਇਥੇ ਪਏ ਰਹੀਏ ਤੇ ਸੁਪਨੇ ਲਈ ਜਾਈਏ।

ਸਾਗਰ ਤੱਟ ਨਾਲ ਵੱਜ ਕੇ ਥਪ-ਥਪ ਕਰ ਰਿਹਾ ਸੀ, ਲਹਿਰਾਂ ਦੀ ਆਵਾਜ਼ ਏਨੀ ਨਿਮਰਤਾ-ਭਰੀ ਸੀ ਕਿ ਉਹ ਸਾਡੀ ਅੱਗ ਸੇਕਣ ਲਈ ਤਰਲੇ ਕਰਦੀਆਂ ਜਾਪਦੀਆਂ ਸਨ। ਕਦੀ-ਕਦੀ ਨਿੱਕੀਆਂ ਲਹਿਰਾਂ ਦੀ ਇਕਸਾਰ ਘੂਕਰ ਵਿਚ ਵਧੇਰੇ ਉੱਚੀ ਤੇ ਵਧੇਰੇ ਚੰਚਲ ਆਵਾਜ਼ ਆ ਦਖ਼ਲ ਦੇਂਦੀ ਸੀ, ਇਹ ਕੋਈ ਵਡੇਰੀ ਤੇ ਵਧੇਰੇ ਦਲੇਰ ਲਹਿਰ ਹੁੰਦੀ ਸੀ, ਜਿਹੜੀ ਰਿੜ੍ਹਦੀ ਹੋਈ ਸਾਡੇ ਪੈਰਾਂ ਤੱਕ ਆ ਜਾਂਦੀ ਸੀ।

ਰਹੀਮ ਸਿਰ ਸਾਗਰ ਵੱਲ ਕਰਕੇ ਪੇਟ-ਭਾਰ ਰੇਤ ਤੇ ਲੇਟਿਆ ਹੋਇਆ ਸੀ। ਉਸਨੇ ਅਰਕਾਂ ਰੇਤ ਵਿਚ ਗੱਡੀਆਂ ਹੋਈਆਂ ਸਨ, ਗੱਲ੍ਹਾਂ
ਹਥੇਲੀਆਂ ਵਿਚ ਲਈਆਂ ਹੋਈਆਂ ਸਨ ਤੇ ਟੋਪ ਤਿਲਕ ਕੇ ਸਿਰ ਦੇ ਪਿਛਲੇ ਪਾਸੇ ਵੱਲ ਹੋ ਗਿਆ ਸੀ, ਤੇ ਤਾਜ਼ਾ ਸਮੁੰਦਰੀ ਹਵਾ ਬਰੀਕ ਲੀਕਾਂ ਨਾਲ ਭਰੇ ਉਸਦੇ ਚੌੜੇ ਮੱਥੇ ਨੂੰ ਪੱਖਾ ਝੱਲ ਰਹੀ ਸੀ। ਉਹ ਫ਼ਲਸਫ਼ਾਨਾ ਟਿੱਪਣੀਆਂ ਕਰੀ ਜਾ ਰਿਹਾ ਸੀ, ਇਸ ਗੱਲੋਂ ਬਿਲਕੁਲ ਬੇਫ਼ਿਕਰ ਕਿ ਮੈਂ ਸੁਣ ਰਿਹਾ ਹਾਂ ਜਾਂ ਨਹੀਂ, ਜਿਵੇਂ ਕਿ ਉਹ ਸਾਗਰ ਨਾਲ ਗੱਲਾਂ ਕਰ ਰਿਹਾ ਹੋਵੇ।

"ਜਿਹੜਾ ਬੰਦਾ ਖ਼ੁਦਾ ਵਿਚ ਯਕੀਨ ਰੱਖਦੈ, ਉਹ ਜੰਨਤ ਵਿਚ ਜਾਂਦੈ। ਤੇ ਜਿਹੜਾ ਬੰਦਾ ਖ਼ੁਦਾ ਦੀ ਜਾਂ ਉਸਦੇ ਰਸੂਲ ਦੀ ਖ਼ਿਦਮਤ ਨਹੀਂ ਕਰਦਾ, ਸ਼ਾਇਦ ਉਹ ਔਥੇ ਹੋਵੇ—ਸਾਗਰ ਦੀ ਝੱਗ ਵਿਚ। ਹੋ ਸਕਦੈ ਪਾਣੀ ਉਪਰਲੇ ਚਾਂਦੀ ਵਰਗੇ ਟਿਮਕਣਿਆਂ ਵਿਚ ਉਹ ਹੋਵੇ। ਕੌਣ ਜਾਣੇ?"

ਹਨੇਰਾ, ਮਹਾਂ ਵਿਸ਼ਾਲ ਸਾਗਰ ਹੋਰ ਰੌਸ਼ਨ ਹੋ ਗਿਆ ਤੇ ਚੰਨ-ਚਾਨਣੀ ਦੇ ਧੱਬੇ ਇਸ ਉਤੇ ਬੇਤਰਤੀਬੀ ਨਾਲ ਖਿਲਰ ਗਏ। ਚੰਨ ਪਹਾੜਾਂ ਦੀਆਂ ਬੁਰਦਾਰ ਟੀਸੀਆਂ ਦੇ ਪਿੱਛੋਂ ਤਿਲਕਦਾ ਬਾਹਰ ਨਿਕਲ ਆਇਆ ਸੀ ਤੇ ਹੁਣ ਸੁਪਨਿਆਂ ਵਿਚ ਡੁੱਬਾ ਆਪਣੀ ਚਾਨਣੀ ਤੱਟ ਉਤੇ, ਉਸ ਪੱਥਰ ਉਤੇ ਜਿਸ ਕੋਲ ਅਸੀ ਬੈਠੇ ਸਾਂ, ਤੇ ਸਾਗਰ ਉਤੇ ਖਿਲਾਰ ਰਿਹਾ ਸੀ, ਜਿਹੜਾ ਨਿੱਕੇ ਨਿੱਕ ਹੌਂਕੇ ਭਰਦਾ ਇਸਨੂੰ ਮਿਲਣ ਲਈ ਉਪਰ ਉਠਦਾ ਸੀ।

"ਰਹੀਮ, ਮੈਨੂੰ ਕੋਈ ਕਹਾਣੀ ਸੁਣਾ," ਮੈਂ ਬਜ਼ੁਰਗ ਨੂੰ

ਕਿਹਾ।

"ਕਾਹਦੇ ਲਈ?" ਉਸਨੇ ਮੇਰੇ ਵੱਲ ਵੇਖੇ ਬਿਨਾਂ ਪੁਛਿਆ।

"ਵੈਸੇ ਹੀ! ਮੈਨੂੰ ਤੇਰੀਆਂ ਕਹਾਣੀਆਂ ਸੁਣ ਕੇ ਬੜਾ ਮਜ਼ਾ ਆਉਂਦੈ।"

"ਮੈਂ ਤੈਨੂੰ ਸੱਤ ਕਹਾਣੀਆਂ ਸੁਣਾ ਚੁੱਕਾਂ। ਮੈਨੂੰ ਹੁਣ ਹੋਰ ਕੋਈ ਨਹੀਂ ਆਉਂਦੀ।"

ਉਸਦੀ ਇੱਛਾ ਇਹ ਹੁੰਦੀ ਸੀ ਕਿ ਮੈਂ ਉਸਦੇ ਤਰਲੇ ਕਰਾਂ। ਸੋ ਮੈਂ ਉਸਨੂੰ ਫ਼ਰਮਾਇਸ਼ ਕਰੀ ਗਿਆ।

"ਜੇ ਚਾਹੇ ਤਾਂ ਮੈਂ ਤੈਨੂੰ ਇਕ ਗੀਤ ਸੁਣਾਵਾਂ?" ਰਹੀਮ ਮੰਨ ਗਿਆ।

ਉਸਦੇ ਪੁਰਾਤਨ ਗੀਤ ਮੈਂ ਸੁਨਣਾ ਚਾਹੁੰਦਾ ਸਾਂ, ਸੋ ਉਸਨੇ ਲੈਅ ਨਾਲ, ਪੁਰਾਤਨ ਧੁਨ ਦੀ ਰੰਗਤ ਨੂੰ ਕਾਇਮ ਰੱਖਦਿਆਂ, ਸੁਣਾਉਣਾ ਸ਼ੁਰੂ ਕੀਤਾ।

1

ਉਪਰ ਪਹਾੜਾਂ ਵਿਚ ਇਕ ਸੱਪ ਰੀਂਗਦਾ ਜਾ ਪੁੱਜਾ, ਤੇ ਸਾਗਰ ਵੱਲ ਹੇਠਾਂ ਦੇਖਦੀ ਇਕ ਸਿਲੀ ਖੱਡ, ਵਿਚ ਡੇਰਾ ਲਾ ਲਿਆ।

ਉਪਰ ਆਕਾਸ਼ ਵਿਚ ਸੂਰਜ ਚਮਕ ਰਿਹਾ ਸੀ ਤੇ ਪਹਾੜ ਆਪਣਾ ਗਰਮ ਸਾਹ ਆਕਾਸ਼ ਵੱਲ ਛੱਡ ਰਹੇ ਸਨ, ਤੇ ਹੇਠਾਂ ਲਹਿਰਾਂ ਜ਼ੋਰ ਜ਼ੋਰ ਦੀ ਪੱਥਰਾਂ ਨਾਲ ਟਕਰਾ ਰਹੀਆਂ ਸਨ।

ਤੇ ਗੁਫਾ ਦੇ ਵਿੱਚੋਂ, ਹਨੇਰੇ ਤੇ ਧੁੰਦ ਦੇ ਵਿੱਚੋਂ, ਇਕ ਤੇਜ਼-ਧਾਰ ਝਰਨਾ ਵਹਿ ਰਿਹਾ ਸੀ, ਜਿਹੜਾ ਸਾਗਰ ਨੂੰ ਮਿਲਣ ਦੀ ਤੀਬਰ ਇੱਛਾ ਨਾਲ਼ ਪੱਥਰਾ ਨੂੰ ਉਲਟਾਈ ਜਾ ਰਿਹਾ ਸੀ।

ਝੱਗ ਦਾ ਤਾਜ ਪਹਿਨੀ, ਪੁਰਾਤਨ ਤੇ ਜ਼ੋਰਦਾਰ, ਇਹ ਪਹਾੜ ਨੂੰ ਚੀਰ ਗਿਆ ਸੀ ਤੇ ਗ਼ੁੱਸੇਭਰੀ ਗਰਜ ਨਾਲ ਸਾਗਰ ਵਿਚ ਜਾ ਡਿੱਗਾ ਸੀ।

ਇਕਦਮ ਉਸ ਗੁਫਾ ਵਿਚ, ਜਿੱਥੇ ਸੱਪ ਕੁੰਡਲ ਮਾਰੀ ਬੈਠਾ ਸੀ, ਆਕਾਸ਼ ਤੋਂ ਇਕ ਬਾਜ ਆ ਡਿੱਗਾ। ਉਸਦੇ ਸੀਨੇ 'ਤੇ ਜਖ਼ਮ ਤੇ ਪਰਾਂ 'ਤੇ ਲਹੂ ਸੀ।

ਧਰਤੀ ਉਤੇ ਡਿਗਦਿਆਂ ਉਸਨੇ ਚੀਕ ਮਾਰੀ ਤੇ ਮਾਯੂਸੀ ਵਿਚ ਆਪਣੇ ਖੰਭ ਫੜਫੜਾਉਂਦਾ ਹੋਇਆ ਪੱਥਰ 'ਤੇ ਪਿਆ ਰਿਹਾ।

ਸੱਪ ਡਰ ਗਿਆ ਤੇ ਉਥੋਂ ਨੱਸ ਗਿਆ, ਪਰ ਜਲਦੀ ਹੀ ਉਹਨੇ ਵੇਖਿਆ ਕਿ ਉਸ ਪੰਛੀ ਦਾ ਜੀਵਨ ਹੋਰ ਦੋ ਪਲ ਹੈ।

ਸੋ ਉਹ ਰੀਂਗਦਾ ਹੋਇਆ ਮੁੜ ਜ਼ਖ਼ਮੀ ਪੰਛੀ ਕੋਲ ਗਿਆ ਤੇ ਵਿਅੰਗ ਨਾਲ ਉਸ ਵੱਲ ਦੇਖਦਾ ਸ਼ੂਕਿਆ...

"ਕਿਉਂ, ਮਰਨ ਲੱਗੈਂ?"

"ਹਾਂ, ਮਰ ਰਿਹਾਂ", ਬਾਜ ਨੇ ਹਉਕਾ ਭਰਦਿਆਂ ਜਵਾਬ ਦਿਤਾ। "ਪਰ ਮੈਂ ਖ਼ੂਬ ਜੀਵਿਆ ਹਾਂ! ਮੈ ਖ਼ੁਸ਼ੀ ਮਾਣੀ ਏ! ... ਬਹਾਦਰੀ ਨਾਲ ਰਿਹਾ ਹਾਂ!.... ਮੈਂ ਆਕਾਸ਼ ਗਾਹਿਆ ਹੈ! ਤੂੰ ਨਿਮਾਣੀ ਸ਼ੈਅ ਕਦੇ ਵੀ ਅਕਾਸ਼ ਏਨਾਂ ਨੇੜਿਓਂ ਨਹੀਂ ਦੇਖ ਸਕੇਂਗਾ ਜਿੰਨਾ ਮੈਂ ਦੇਖਿਆ ਹੈ।

"ਲੈ, ਆਕਾਸ਼ ਵਿਚ ਕੀ ਪਿਐ? ਖ਼ਾਲਮ-ਖ਼ਾਲੀ ਥਾਂ। ਉਥੇ ਮੈਂ ਰੀਂਗ ਸਕਦਾ ਹਾਂ? ਮੇਰੇ ਲਈ ਇਥੇ ਹੀ ਬੜਾ ਚੰਗਾ ਏ-ਐਨਾ ਨਿੱਘਾ ਤੇ ਸਿੱਲ੍ਹਾ।"

ਇਸ ਤਰ੍ਹਾਂ ਸੱਪ ਨੇ ਆਜ਼ਾਦ ਪੰਛੀ ਨੂੰ ਜਵਾਬ ਦਿਤਾ ਤੇ ਦਿਲ ਹੀ ਦਿਲ ਵਿਚ ਉਸਦੇ ਬਹਾਦਰੀ ਭਰੇ ਸ਼ਬਦਾਂ ਉਤੇ ਹੱਸਣ ਲਗਾ।

ਤੇ ਆਪਣੇ ਆਪ ਵਿਚ ਸੋਚਣ ਲੱਗਾ : "ਕੀ ਫ਼ਰਕ ਪੈਂਦਾ ਹੈ ਕਿ ਕੋਈ ਰੀਂਗਦਾ ਹੈ ਜਾਂ ਉੱਡਦਾ, ਹਸ਼ਰ ਤਾਂ ਸਭ ਦਾ ਇੱਕ ਹੈ, ਸਭ ਨੇ ਧਰਤੀ ਵਿਚ ਹੀ ਲੇਟਣਾ ਹੈ, ਮਿੱਟੀ ਨਾਲ ਮਿੱਟੀ ਹੀ ਹੋ ਜਾਣਾ ਹੈ।"

ਪਰ ਬਾਜ ਨੇ ਇਕਦਮ ਕੋਸ਼ਿਸ਼ ਕਰਕੇ ਜ਼ਰਾ ਕੁ ਸਿਰ ਚੁੱਕਿਆ ਤੇ ਖੱਡ ਵੱਲ ਇਕ ਨਜ਼ਰ ਸੁੱਟੀ।

ਚੱਟਾਨ ਵਿਚਲੀਆਂ ਤਰੇੜਾਂ ਵਿੱਚੋਂ ਪਾਣੀ ਸਿੰਮਦਾ ਆ ਰਿਹਾ ਸੀ ਤੇ ਖੱਡ ਅੰਦਰਲੀ ਹਵਾ ਮੌਤ ਤੇ ਸੜਾਂਦ ਨਾਲ਼ ਭਰੀ ਹੋਈ ਸੀ।

ਤੇ ਸਾਰਾ ਜ਼ੋਰ ਲਾ ਕੇ ਬਾਜ ਉਦਾਸੀ ਤੇ ਸਿੱਕ ਨਾਲ ਕੂਕ ਉਠਿਆ।

"ਕਾਸ਼, ਕਿ ਮੈਂ ਆਕਾਸ਼ ਵਿਚ ਸਿਰਫ਼ ਇਕ ਵਾਰੀ ਹੋਰ ਉਡ ਸਕਦਾ! ਮੈਂ ਆਪਣੇ ਦੁਸ਼ਮਣ ਨੂੰ ਆਪਣੇ ਜ਼ਖ਼ਮੀ ਸੀਨੇ ਨਾਲ ਰਗੜ ਸੁੱਟਦਾ ਤੇ ਆਪਣੇ ਖ਼ੂਨ ਵਿਚ ਡੋਬ ਕੇ ਮਾਰ ਦੇਂਦਾ। ਉਫ਼, ਲੜਾਈ ਦਾ ਉਹ ਮਜ਼ਾ!"

ਸੱਪ ਨੇ ਸੋਚਿਆ , 'ਆਕਾਸ਼ ਵਿਚ ਰਹਿਣਾ ਸਚਮੁਚ ਬੜਾ ਸ਼ਾਨਦਾਰ ਹੋਵੇਗਾ ਜੇ ਇਹ ਉਸ ਲਈ ਏਨੀਆਂ ਆਹਾਂ ਭਰ ਰਿਹਾ ਹੈ....

ਤੇ ਉਸ ਨੇ ਆਜ਼ਾਦ ਪੰਛੀ ਨੂੰ ਤਜਵੀਜ਼ ਦਿਤੀ,'ਰੀਂਗਦਾ ਹੋਇਆ ਗੁਫਾ ਦੇ ਸਿਰੇ ਤਕ ਜਾ ਤੇ ਆਪਣੇ ਆਪ ਨੂੰ ਹੇਠਾਂ ਸੁੱਟ ਦੇ। ਹੋ ਸਕਦਾ ਹੈ ਅਜੇ ਵੀ ਤੇਰੇ ਖੰਭ ਤੇਰਾ ਭਾਰ ਉਠਾ ਸਕਣ ਤੇ ਤੂੰ ਮੁੜ ਕੇ ਆਕਾਸ਼ ਵਿਚ ਉੱਡ ਸਕੇ।'

ਬਾਜ ਦਾ ਲੂੰ ਲੂੰ ਥਰਕ ਉਠਿਆ। ਉਸਨੇ ਮਾਣ ਨਾਲ ਇਕ ਕੂਕ ਛੱਡੀ ਤੇ ਜਿਲ੍ਹਣ ਵਿਚ ਆਪਣੇ ਪੰਜੇ ਖੋਭਦਾ ਰੀਂਗਦਾ ਹੋਇਆ ਢੰਦੀ ਤੱਕ ਆਇਆ।

ਢੰਦੀ ਉਤੇ ਪਹੁੰਚਦਿਆਂ ਇਸਨੇ ਆਪਣੇ ਪਰ ਫੈਲਾਏ, ਡੂੰਘਾ ਸਾਹ ਭਰਿਆ ਤੇ ਚਮਕਦੀਆਂ ਅੱਖਾਂ ਨਾਲ ਹੇਠਾਂ ਚੁੱਭੀ ਮਾਰ ਗਿਆ।

ਪਥੱਰ ਦੀ ਤੇਜ਼ੀ ਨਾਲ ਬਾਜ ਡਿੱਗਾ, ਆਪਣੇ ਖੰਭ ਖਿਲਾਰਦਾ ਹੋਇਆ। ਤੇ ਡਿੱਗਣ ਨਾਲ ਇਸਦੇ ਖੰਭ ਨਾਲ਼ੋਂ ਲੱਥ ਗਏ।

ਇਕ ਲਹਿਰ ਨੇ ਇਸਨੂੰ ਦਬੋਚ ਲਿਆ, ਇਸ ਦਾ ਖ਼ੂਨ ਧੋ ਕੇ ਸਾਫ਼ ਕੀਤਾ, ਇਸਨੂੰ ਝੱਗ ਵਿਚ ਲਪੇਟਿਆ ਤੇ ਉਡਾ ਕੇ ਸਾਗਰ ਵਿਚ ਲੈ ਗਈ।

ਸੋਗੀ ਚੀਕਾਂ ਨਾਲ ਸਾਗਰ ਦੀਆਂ ਲਹਿਰਾਂ ਪਥੱਰਾਂ ਨਾਲ ਸਿਰ ਪਟਕਾਉਣ ਲਗੀਆਂ। ਪੰਛੀ ਦੀ ਲਾਸ਼ ਸਾਗਰ ਦੀ ਵਿਸ਼ਾਲਤਾ ਵਿਚ ਅਲੋਪ ਹੋ ਚੁਕੀ ਸੀ।

2

ਕਿੰਨਾ ਚਿਰ ਸੱਪ ਖੱਡ ਵਿਚ ਕੁੰਡਲ ਮਾਰੀ ਬੈਠਾ ਰਿਹਾ, ਪੰਛੀ ਦੀ ਮੌਤ ਬਾਰੇ ਸੋਚਦਾ, ਆਕਾਸ਼ ਲਈ ਉਸਦੇ ਪਿਆਰ ਬਾਰੇ

ਸੋਚਦਾ।

ਤੇ ਇਸਨੇ ਦੂਰ ਪੁਲਾੜ ਵਿਚ ਨਜ਼ਰ ਮਾਰੀ, ਜਿਥੇ ਖ਼ੁਸ਼ੀ ਬਾਰੇ ਸੁਪਨੇ ਸਦਾ ਅੱਖਾਂ ਨੂੰ ਖਿੱਚ ਪਾਉਂਦੇ ਰਹਿੰਦੇ ਨੇ।

ਉਸ ਮਰਨੇ ਬਾਜ ਨੂੰ ਬਿਨਾਂ ਤਲ ਤੇ ਬਿਨਾਂ ਕਿਨਾਰੇ ਦੇ ਇਸ ਖ਼ਲਾਅ ਵਿਚ ਕੀ ਦਿਸਿਆ ਸੀ? ਕਿਉਂ ਉਸ ਵਰਗੇ, ਮਰਨਜੋਗੇ, ਆਕਾਸ਼ ਵਿਚ ਉੱਡਣ ਦੀ ਆਪਣੀ ਤਾਂਘ ਨਾਲ ਰੂਹ ਨੂੰ ਕਲਪਾਉਂਦੇ ਨੇ? ਉਥੇ ਉਹਨਾਂ ਨੂੰ ਕੀ ਦਿਸਦਾ ਹੈ? ਇਹ ਸਾਰਾ ਕੁਝ ਮੈਂ ਇਕੋ ਉਡਾਣ ਵਿਚ ਹੀ ਜਾਣ ਸਕਦਾ ਹਾਂ, ਭਾਵੇਂ ਇਹ ਛੋਟੀ ਜਿਹੀ ਹੀ ਕਿਉਂ ਨਾ ਹੋਵੇ।'

ਕਿਹਾ, ਤੇ ਕਰ ਵਿਖਾਇਆ। ਉਸਨੇ ਹੋਰ ਵੀ ਜ਼ੋਰ ਦੀ ਕੁੰਡਲ ਮਾਰਿਆ ਤੇ ਕੁੱਦ ਪਿਆ। ਧੁੱਪ ਵਿਚ ਕਾਲੀ ਲਕੀਰ ਚਮਕਦੀ ਦਿਖਾਈ ਦਿਤੀ।

ਪਰ ਰੀਂਗਣ ਲਈ ਜੰਮੇ ਕਿੱਦਾਂ ਉਡ ਸਕਦੇ ਨੇ? ਸੱਪ ਹੇਠਾਂ ਪੱਥਰਾ ਉਤੇ ਆ ਡਿੱਗਾ, ਪਰ ਮਰਿਆ ਨਾ। ਉਹ ਹੱਸਦਾ ਹੋਇਆ ਬੋਲਿਆ।

"ਸੋ ਇਸ ਗੱਲ ਵਿਚ ਹੈ ਆਕਾਸ਼ ਵਿਚ ਉੱਡਣ ਦੀ ਖ਼ੁਸ਼ੀ! ਹੇਠਾਂ ਆ ਡਿੱਗਣ ਵਿਚ! ਕਿਆ ਅਜੀਬ ਪੰਛੀ ਨੇ! ਧਰਤੀ ਨੂੰ ਜਾਣਦੇ ਨਹੀਂ, ਇਸ ਉਤੇ ਦੁਖੀ ਰਹਿੰਦੇ ਨੇ, ਆਕਾਸ਼ ਵਿਚ ਉੱਚਾ ਉੱਡਣਾ ਚਾਹੁੰਦੇ ਨੇ ਤੇ ਉਸ ਸੜਦੇ ਖ਼ਲਾਅ ਵਿਚ ਜ਼ਿੰਦਗੀ ਟੋਲਦੇ ਨੇ। ਉਥੇ ਸਿਰਫ਼ ਖਲਾਅ ਏ। ਚਾਨਣ ਉਥੇ ਬਹੁਤ ਏ, ਪਰ ਸਰੀਰ ਨੂੰ ਕਾਇਮ ਰੱਖਣ ਲਈ ਕੁਝ ਨਹੀ। ਤਾਂ ਏਨਾਂ ਮਾਣ ਕਾਹਦੇ ਲਈ? ਤੇ ਏਨੀ ਹਿਕਾਰਤ ਕਾਹਦੇ ਲਈ? ਦੁਨੀਆਂ ਤੋਂ ਆਪਣੀਆਂ ਪਾਗਲ ਲਾਲਸਾਵਾਂ ਤੇ ਜੀਵਨ ਦੇ ਕਾਰੋਬਾਰ ਨਾਲ ਨਜਿੱਠ ਸਕਣ ਵਿਚ ਆਪਣੀ ਅਸਫ਼ਲਤਾ ਛੁਪਾਉਣ ਲਈ? ਕਿਆ ਅਜੀਬ ਪੰਛੀ ਨੇ! ਕਦੀ ਵੀ ਫਿਰ ਤੇਰੇ ਲਫ਼ਜ ਮੈਨੂੰ ਵਰਗਲਾ ਨਹੀਂ ਸਕਣਗੇ। ਕਿਉਕਿ ਹੁਣ ਮੈਂ ਸਭ ਕੁਝ ਜਾਣਦਾ ਹਾਂ। ਮੈਂ ਆਕਾਸ਼ ਵੇਖ ਲਿਆ ਹੈ, ਇਸ ਵਿਚ ਉਤੇ ਚੜ੍ਹਿਆ ਤੇ ਇਸਦੀ ਖੋਜ ਕੀਤੀ ਹੈ, ਤੇ ਆਕਾਸ਼ ਤੋਂ ਮੈਂ ਡਿੱਗਾ ਹਾਂ, ਭਾਵੇਂ ਮਰਿਆ ਨਹੀ। ਆਪਣੇ ਵਿਚ ਮੇਰਾ ਵਿਸ਼ਵਾਸ ਹੋਰ ਵੀ ਮਜ਼ਬੂਤ ਹੋ ਗਿਆ ਹੈ। ਜਿਹੜੇ ਧਰਤੀ ਨੂੰ ਨਹੀਂ ਪਿਆਰਦੇ, ਉਹਨਾਂ ਨੂੰ ਭੁਲੇਖਿਆਂ ਉਤੇ ਜਿਊਣ ਦਿਓ। ਮੈਂ ਸੱਚ ਪਾ ਲਿਆ ਹੈ। ਫਿਰ ਕਦੀ ਵੀ ਮੈਂ ਪੰਛੀ ਦੀ ਵੰਗਾਰ ਕਬੂਲ ਨਹੀ ਕਰਾਂਗਾ। ਧਰਤੀ ਦਾ ਜੰਮਿਆਂ, ਮੈਂ ਧਰਤੀ ਉਤੇ ਹੀ ਰਹਾਂਗਾ।

"ਇਹ ਕਹਿੰਦਿਆਂ, ਇਸਨੇ ਹੋਰ ਵੀ ਘੁਮੰਡ ਵਿਚ ਆਉਂਦਿਆਂ ਇਕ ਪਥੱਰ ਉਤੇ ਕੁੰਡਲ ਮਾਰ ਲਿਆ।

ਤੇਜ਼ ਰੌਸ਼ਨੀ ਵਿਚ ਸਾਰਾ ਸਾਗਰ ਲਿਸ਼ਕਾਂ ਮਾਰ ਰਿਹਾ ਸੀ, ਤੇ ਲਹਿਰਾਂ ਜ਼ੋਰ ਜ਼ੋਰ ਦੀ ਆ ਕੇ ਕੰਡੇ ਨਾਲ ਪਟਕ ਰਹੀਆਂ ਸਨ।

ਉਹਨਾਂ ਦੀ ਸ਼ੇਰ ਵਰਗੀ ਗਰਜ ਵਿਚ ਬਾਜ ਦੇ ਗੀਤ ਦੀ ਗੂੰਜ ਸੀ। ਸਾਗਰ ਦੇ ਥਪੇੜਿਆਂ ਨਾਲ ਚੱਟਾਨਾਂ ਕੰਬ ਰਹੀਆ ਸਨ, ਭਿਆਨਕ ਗੀਤ ਦੀਆਂ ਧੁਨਾਂ ਨਾਲ ਆਕਾਸ਼ ਕੰਬ ਰਿਹਾ ਸੀ.

"ਬਹਾਦਰਾਂ ਦੇ ਪਾਗਲਪਨ ਦੀ ਜੈ ਜੈ ਕਾਰ ਅਸੀ ਗਾ ਰਹੀਆਂ।

"ਬਹਾਦਰਾਂ ਦਾ ਪਾਗਲਪਨ ਜ਼ਿੰਦਗੀ ਦੀ ਸਿਆਣਪ ਹੈ। ਹੇ ਦਲੇਰ ਬਾਜ। ਦੁਸ਼ਮਣ ਨਾਲ ਲੜਦਿਆਂ ਤੂੰ ਖ਼ੂਨ ਵਹਾਇਆ, ਪਰ ਵਕਤ ਆਏਗਾ ਤੇ ਤੇਰੇ ਗਰਮ ਖ਼ੂਨ ਦੀ ਹਰ ਬੂੰਦ ਤਾਰਾ ਬਣੇਗੀ, ਤੇ ਜ਼ਿੰਦਗੀ ਦੇ ਹਨੇਰੇ ਨੂੰ ਰੁਸ਼ਨਾਏਗੀ ਤੇ ਕਈ ਬਹਾਦਰ ਦਿਲਾਂ ਵਿਚ ਆਜ਼ਾਦੀ ਤੇ ਰੌਸ਼ਨੀ ਦੀ ਪਾਗਲ ਪਿਆਸ ਭੜਕਾਏਗੀ!

"ਤੂੰ ਭਾਵੇਂ ਮਰ ਗਿਆ ਹੈ! ਪਰ ਬਹਾਦਰੀ ਦੇ ਗੀਤਾਂ ਵਿਚ ਤੂੰ ਮਿਸਾਲ ਬਣਕੇ, ਤੇ ਆਜ਼ਾਦੀ ਲਈ, ਰੌਸ਼ਨੀ ਲਈ ਮਾਣਭਰੀ ਵੰਗਾਰ ਬਣ ਕੇ ਤੂੰ ਸਦਾ ਜਿਊਂਦਾ ਰਹੇਗਾ!

"ਬਹਾਦਰਾਂ ਦੇ ਪਾਗਲਪਨ ਦੀ ਜੈ ਜੈ ਕਾਰ ਅਸੀ ਗਾ ਰਹੀਆਂ!"

...ਸਾਗਰ ਦੀਆਂ ਦੁਧੀਆ ਚੁੜਿਤਣਾਂ ਖ਼ਾਮੋਸ਼ ਹਨ। ਤੱਟ ਨਾਲ ਆ ਕੇ ਵੱਜਦੀਆ ਲਹਿਰਾਂ ਮੱਧਮ ਸੁਰ ਵਿਚ ਗਾ ਰਹੀਆਂ ਹਨ, ਤੇ ਮੈਂ ਵੀ, ਦੂਰ ਨਜ਼ਰ ਗੱਡੀ, ਚੁੱਪ ਬੈਠਾ ਹਾਂ। ਹੁਣ ਪਾਣੀ ਉਤੇ ਚਾਂਦੀ ਰੰਗੇ ਧੱਬੇ ਵੱਧ ਗਏ ਹਨ। ... ਸਾਡੀ ਕੇਤਲੀ ਚੁੱਪ-ਚਾਪ ਖੌਲ ਰਹੀ ਹੈ।

ਇਕ ਲਹਿਰ ਆਪਣੀਆਂ ਭੈਣਾਂ ਨੂੰ ਪਿੱਛੇ ਛੱਡਦੀ ਹੋਈ, ਰਹੀਮ ਦੇ ਸਿਰ ਤੱਕ ਪਹੁੰਚਦੀ ਹੋਈ ਮਜ਼ਾਕ ਉਡਾਉਂਦੀ ਨਿੱਕੀ ਜਿਹੀ ਕੂਕ ਛੱਡਦੀ ਹੈ।

"ਕਿੱਧਰ ਆ ਰਹੀ ਹੈਂ?,... ਚੱਲ ਪਿੱਛੇ!" ਰਹੀਮ ਆਪਣਾ ਹੱਥ ਮਾਰਦਾ ਹੋਇਆ ਚਿੱਲਾਉਂਦਾ ਹੈ, ਤੇ ਲਹਿਰ ਆਗਿਆਕਾਰੀ ਢੰਗ ਨਾਲ ਵਾਪਸ ਮੁੜ ਜਾਂਦੀ ਹੈ।

ਰਹੀਮ ਵੱਲੋਂ ਲਹਿਰ ਨੂੰ ਜਿਊਂਦੀ ਜਾਗਦੀ ਚੀਜ਼ ਮੰਨਣ ਉਤੇ ਮੈਨੂੰ ਜ਼ਰਾ ਵੀ ਹੈਰਾਨੀ ਨਹੀਂ ਹੁੰਦੀ, ਨਾ ਡਰ ਲਗਦਾ ਹੈ। ਸਾਡੇ ਆਲੇ-ਦੁਆਲੇ ਦੀ ਹਰ ਚੀਜ਼ ਬੇਮਿਸਾਲ ਤੌਰ ਉਤੇ ਸਜੀਵ, ਕੋਮਲ ਤੇ ਸਹਿਲਾਉਣ ਦਾ ਅਸਰ ਰੱਖਦੀ ਹੈ। ਸਾਗਰ ਸ਼ਾਂਤ ਹੈ, ਤੇ ਇਸਦੇ ਠੰਢੇ ਸਾਹਾਂ ਵਿਚ ਇਕ ਤਾਕਤ ਮਹਿਸੂਸ ਹੁੰਦੀ ਹੈ, ਜਿਹੜਾ ਇਹ ਦਿਨ ਦੀ ਗਰਮੀ ਨਾਲ ਅਜੇ ਤੱਕ ਭਰੀਆਂ ਹੋਇਆਂ ਪਹਾੜਾਂ ਦੀਆਂ ਟੀਸੀਆ ਵੱਲ ਛੱਡ ਰਿਹਾ ਹੈ। ਆਕਾਸ਼ ਦੇ ਗੂੜ੍ਹੇ ਨੀਲੇ ਪਿਛੋਕੜ ਵਿਚ ਸਿਤਾਰਿਆਂ ਨੇ ਸੁਨਹਿਰੀ ਅੱਖਰਾ ਵਿਚ ਕੋਈ ਜੇਤੂ ਸੰਦੇਸ਼ ਲਿਖ ਦਿਤਾ ਹੈ, ਕੋਈ ਅਜਿਹੀ ਗੱਲ ਜਿਹੜੀ ਰੂਹ ਨੂੰ ਮੁਗਧ ਕਰ ਰਹੀ ਹੈ ਤੇ ਕਿਸੇ ਅਗੰਮ-ਗਿਆਨ ਦੀ ਮਿੱਠੀ ਆਸ ਨਾਲ ਮਨ ਨੂੰ ਹਲੂਣ ਰਹੀ ਹੈ।

ਸਭ ਕੁਝ ਊਂਘ ਰਿਹਾ ਹੈ, ਪਰ ਇਕ ਖਿੱਚ-ਭਰੀ ਚੇਤਨਤਾ ਨਾਲ, ਜਿਵੇ ਕਿ ਹੋਰ ਘੜੀ ਨੂੰ ਸਭ ਚੀਜ਼ਾਂ ਆਪਣੀ ਨੀਂਦ ਲਾਹ ਮਾਰਨਗੀਆ ਤੇ ਕਿਸੇ ਅਕਹਿ ਮਿੱਠੀ ਇਕਸੁਰਤਾ ਦੇ ਸਮੂਹਗਾਣ ਵਿਚ ਆਪਣੀਆਂ ਆਵਾਜ਼ਾ ਉੱਚੀਆਂ ਕਰਨਗੀਆ। ਇਹ ਇੱਕਸੁਰ ਗੀਤ ਜ਼ਿੰਦਗੀ ਦੇ ਭੇਤਾਂ ਦੀ ਗੱਲ ਕਰੇਗਾ, ਮਨ ਸਾਹਮਣੇ ਇਹਨਾਂ ਦੀ ਵਿਆਖਿਆ ਕਰੇਗਾ ਤੇ ਫਿਰ ਉਸਨੂੰ ਬੁਝਾ ਦੇਵੇਗਾ, ਕਿਸੇ ਬੇਵਜੂਦ ਅੱਗ ਵਾਂਗ, ਤੇ ਰੂਹ ਨੂੰ ਉਠਾ ਕੇ ਰਾਤ ਦੇ ਨੀਲੇ ਖਲਾਅ ਵਿਚ ਲੈ ਜਾਏਗਾ ਜਿਥੇ ਤਾਰਿਆ ਦੀ ਕੁਸ਼ਲ ਨੱਕਾਸ਼ੀ ਅਗੰਮ-ਗਿਆਨ ਦਾ ਉਹੋ ਦੈਵੀ ਗੀਤ ਗਾ ਰਹੀ ਹੈ।

1895

• • • • • • • • • • • • •

ਕਵਿਤਾ

'ਮੈਂ ਉਸ ਦੇਸ਼ ਦਾ ਬਾਸ਼ਿੰਦਾ ਹਾਂ'

ਮੈਂ ਉਸ ਦੇਸ਼ ਦਾ ਬਾਸ਼ਿੰਦਾ ਹਾਂ
ਕਿ ਜਿੱਥੇ ਭੁੱਖ ਅਤੇ ਰੋਟੀ ਵਿਚਲਾ
ਫ਼ਾਸਲ਼ਾ ਬਹੁਤ ਜ਼ਿਆਦਾ ਹੈ

ਕਿ ਜਿੱਥੇ ਮਰੇ ਹੋਏ ਕੱਪੜੇ ਪਹਿਨੀਂ
ਬਹੁਤੇ ਸਰੀਰ ਮਰਨ ਲਈ
ਸਹਿਕ ਰਹੇ ਨੇ।

ਮੈਂ ਉਸ ਦੇਸ਼ ਦਾ ਬਾਸ਼ਿੰਦਾ ਹਾਂ
ਜਿੱਥੇ ਸੱਚਾਈ ਦੇ ਤਾਪ ਦਾ
ਇਲਾਜ ਥਾਣਿਆਂ 'ਚ ਕੀਤਾ ਜਾਂਦੈ।
ਕਿ ਜਿੱਥੇ ਪੁਲਸ ਦੀਆਂ ਧਾੜਾਂ ਵੇਖ
ਲੜ-ਮਰਨ ਦੀ ਗੱਲ ਕਰਦੇ ਲੋਕਾਂ
ਦੇ ਚਿਹਰੇ ਤੇ ਉੱਗ ਆਂਉਦੈ
"ਸ਼ਿਸ਼ਟਾਚਾਰ" ਨਾਂ ਦਾ ਖੱਬਲ।

ਮੈਂ ਉਸ ਦੇਸ਼ ਦਾ ਬਾਸ਼ਿੰਦਾ ਹਾਂ।
ਜਿੱਥੋਂ ਦਾ ਕਾਮਾ ਅੱਜ ਵੀ,
ਚੜ ਰਹੇ ਬੁਖ਼ਾਰ ਨੂੰ,
ਕਹੀ ਦੇ ਬਾਹੇ ਤੇ ਆਪਣੀ
ਢਿੱਲੀ ਪੈ ਰਹੀ ਪਕੜ ਨਾਲ਼ ਮਿਣਦੈ।
ਕਿ ਜਿੱਥੇ ਕੁਰਕੀ ਕਰਨ ਆਏ,
ਸਰਕਾਰੀ ਅਧਿਕਾਰੀਆਂ ਨੂੰ
ਕਰਜ਼ਈ ਜੱਟ,
ਸੜ ਕੇ ਮਰਜਾਣ ਦੀ ਧਮਕੀ ਤੋਂ ਬਿਨਾ,
ਕੁੱਝ ਵੀ ਨਹੀਂ ਦੇ ਸਕਦਾ।

ਮੈਂ ਉਸ ਦੇਸ਼ ਦਾ ਬਾਸ਼ਿੰਦਾ ਹਾਂ,
ਜਿੱਥੇ ਕਾਰਾਂ ਵਾਲ਼ੇ ਸ਼ੀਸ਼ੇ ਨੀਵੇਂ ਕਰ,
ਗੰਦੀਆਂ ਬਸਤੀਆਂ ਵੱਲ,
ਥੁੱਕ ਕੇ ਲੰਘਦੇ ਨੇ।
ਮੈਂ ਤੁਹਾਡੇ ਵਾਲ਼ੀ ਜਗ੍ਹਾ 'ਤੇ ਨਹੀਂ ਖੜ ਸਕਦਾ,
ਕਿ ਜਿੱਥੋਂ ਹੱਡਾ ਰੋੜੀ ਦੇ ਮਾਸਖ਼ੋਰੇ ਕੁੱਤੇ,
ਮਰੀ ਹੋਈ ਮੱਝ ਦੀ, ਖੱਲ ਲਾਹੁੰਦੇ,
ਕਪੂਰੇ ਮੋਚੀ ਨੂੰ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ਼ ਵੇਖਦੇ ਨੇ।

ਮੈਂ ਉਸ ਦੇਸ਼ ਦਾ ਬਾਸ਼ਿੰਦਾ ਹਾਂ
ਕਿ ਜਿੱਥੇ ਭੁੱਖ ਅਤੇ ਰੋਟੀ ਵਿਚਲਾ
ਫ਼ਾਸਲਾ ਬਹੁਤ ਜ਼ਿਆਦਾ ਹੈ...।

—ਸੁਖਦੇਵ ਸਿੰਘ, ਦਿਆਲ ਪੁਰਾ ਮਿਰਜਾ

.ਗ਼ਜ਼ਲਾਂ

ਹੈ ਕਿਸ ਗੱਲ ਦਾ ਡਰ।
ਹਿਮਾਕਤ ਤਾਂ ਕਰ।

ਬਥੇਰੇ ਨੇ ਰਾਹ
ਤੂੰ ਕਦਮ ਤਾਂ ਧਰ।

ਜੇ ਟਿਕਦਾ ਨੀਂ ਮਨ
ਬਗਾਵਤ ਦੇ ਕਰ।

ਕਦੇ ਮੀਟ ਨਾਂ ਅੱਖ
ਜਾਂ ਭੱਜਲੈ ਜਾਂ ਲੜ।

ਕੀ ਸੋਚੀ ਜਾਨੈਂ
ਜੇ ਜੀਣੈ ਤਾਂ ਮਰ।

ਆ ਘਰ ਚੋਂ ਬਾਹਰ
ਬਣਾ ਰਾਹ ਨੂੰ ਘਰ।

ਵਿਆਕੁਲ ਨਾ ਹੋ
ਤਬਾਹੀ ਨੂੰ ਜਰ।

ਵਜ੍ਹਾ ਤੜਫਣ ਦੀ
ਹੈ ਜ਼ਖ਼ਮਾਂ ਦਾ ਡਰ।

ਜਗਾ 'ਸੁੱਖ' ਗ਼ਜ਼ਲਾਂ
ਹਨੇਰੇ ਦੇ ਦਰ।

ਨਹੀਂ ਕੁਝ ਕਰਨਾ
ਸ਼ਿਕਾਇਤ ਨਾਂ ਕਰ।

* * * * *

ਕਦੇ ਸੂਰਜ ਨਹੀਂ ਮਰਦਾ ਕਿ ਬਸ ਇੱਕ ਰਾਤ ਹੁੰਦੀ ਹੈ।
ਹਨੇਰੀ ਰਾਤ ਤਾਂ ਜੁਗਨੂੰ ਲਈ ਸੌਗਾਤ ਹੁੰਦੀ ਹੈ।

ਸੁਨੇਹਾ ਬਣ ਕੇ ਚਾਨਣ ਦਾ ਜੋ ਛਾ ਜਾਂਦੀ ਹੈ ਅੰਬਰ ਤੇ,
ਲਹੂ ਰੰਗੀ ਉਹ ਲਾਲੀ ਹੀ ਤਾਂ ਬਸ ਪ੍ਰਭਾਤ ਹੁੰਦੀ ਹੈ।

ਕਿਸੇ ਨੇ ਚੜ੍ਹਨ ਤੋਂ ਪਹਿਲਾਂ ਜੇ ਰੱਸੇ ਨੂੰ ਹੀ ਚੁੰਮ ਲਿਆ,
ਕਿਸੇ ਜੱਲਾਦ ਨੂੰ ਸਭ ਤੋਂ ਬੜੀ ਇਹ ਮਾਤ ਹੁੰਦੀ ਹੈ।

ਨਾਂ ਦੇ ਉਸਨੂੰ ਤੂੰ ਐਨਾ ਹੱਕ ਤੈਨੂੰ ਰੋਕ ਕੇ ਰੱਖੇ,
ਕਿ ਮੰਜ਼ਿਲ ਤਾਂ ਅਗੇਰੇ ਸਫ਼ਰ ਦੀ ਸ਼ੁਰੂਆਤ ਹੁੰਦੀ ਹੈ।

ਕੋਈ ਪਲ਼ਦਾ ਬਜ਼ਾਰਾਂ 'ਤੇ ਕੋਈ ਚੱਲਦਾ ਕਟਾਰਾਂ 'ਤੇ,
ਐ ਸਾਥੀ ਇਸ਼ਕ ਦੀ ਵੀ ਖਾਸ ਇੱਕ ਜਮਾਤ ਹੁੰਦੀ ਹੈ।

—ਸਵਜੀਤ

'ਵੀਰ ਗਾਰਮੈਂਟਸ' ਲੁਧਿਆਣਾ ਵਿੱਚ ਭਿਆਨਕ ਵਿਸਫ਼ੋਟ

ਰਾਹਤ ਕਾਰਜਾਂ ਦੀ ਮੰਗ ਕਰ ਰਹੇ ਨੌਜਵਾਨ ਭਾਰਤ ਸਭਾ ਦੇ ਆਗੂਆਂ ਨੂੰ ਪੁਲਿਸ ਨੇ ਝੂਠੇ ਮੁਕੱਦਮੇ ਵਿੱਚ ਫਸਾਇਆ

ਪੰਜਾਬ ਦੇ ਸਨਅਤੀ ਸ਼ਹਿਰ ਲੁਧਿਆਣੇ ਦੀਆਂ ਫੈਕਟਰੀਆਂ ਵਿੱਚ ਲੱਖਾਂ ਮਜ਼ਦੂਰ ਕੰਮ ਕਰਦੇ ਹਨ। ਇਹਨਾਂ ਮਜ਼ਦੂਰਾਂ ਤੋਂ ਜਿੱਥੇ ਬਹੁਤ ਹੀ ਘੱਟ ਤਨਖਾਹ 'ਤੇ ਹੱਡ-ਭੰਨਵੀਂ ਮਿਹਨਤ ਕਰਵਾਈ ਜਾਂਦੀ ਹੈ ਉੱਥੇ ਇਹ ਵੀ ਇੱਕ ਦਰਦਨਾਕ ਸੱਚਾਈ ਹੈ ਕਿ ਇਹਨਾਂ ਫੈਕਟਰੀਆਂ ਵਿੱਚ ਰੋਜਾਨਾ ਹੋਣ ਵਾਲੀਆਂ ਦੁਰਘਟਨਾਵਾਂ ਵਿੱਚ ਅਨੇਕਾਂ ਮਜ਼ਦੂਰਾਂ ਨੂੰ ਸਰੀਰਕ ਨੁਕਸਾਨ ਉਠਾਉਣਾ ਪੈਂਦਾ ਹੈ ਇੱਥੋਂ ਤੱਕ ਕਿ ਜਾਨ ਵੀ ਗਵਾਉਣੀ ਪੈਂਦੀ ਹੈ। ਪਰ ਜਿਆਦਾਤਰ ਮਾਮਲਿਆਂ ਵਿੱਚ ਮਜ਼ਦੂਰਾਂ ਨੂੰ ਕੋਈ ਇਨਸਾਫ ਨਹੀਂ ਮਿਲਦਾ। ਭਾਰਤੀ ਕਾਨੂੰਨਾਂ ਤਹਿਤ ਮਜ਼ਦੂਰਾਂ ਨੂੰ ਜੋ ਥੋੜੇ-ਬਹੁਤ ਅਧਿਕਾਰਾਂ ਦਾ ਵਾਅਦਾ ਕੀਤਾ ਵੀ ਗਿਆ ਹੈ ਉਹਨਾਂ ਤੋਂ ਵੀ ਲੁਧਿਆਣੇ ਦੇ ਸਨਅਤੀ ਮਜ਼ਦੂਰ ਵਾਂਝੇ ਹਨ। ਜਿਆਦਾਤਰ ਮਜ਼ਦੂਰਾਂ ਕੋਲ ਸਬੰਧਿਤ ਅਦਾਰੇ ਵਿੱਚ ਕੰਮ ਕਰਨ ਦਾ ਕੋਈ ਸਬੂਤ ਹੀ ਨਹੀਂ ਹੁੰਦਾ। ਅਨੇਕਾਂ ਫੈਕਟਰੀਆਂ ਬਿਨਾਂ ਰਜਿਸਟਰੇਸ਼ਨ ਤੋਂ ਚਲਦੀਆਂ ਹਨ। ਫੈਕਟਰੀ ਮਾਲਕਾਂ ਦੀ ਇਸ ਹਨੇਰ ਗਰਦੀ ਵਿਰੁੱਧ ਆਵਾਜ ਉਠਾਉਣ ਤੇ ਇਹ ਸੱਚਾਈ ਵੀ ਤੁਹਾਡੇ ਰੂ-ਬ-ਰੂ ਹੁੰਦੀ ਹੈ ਕਿ ਕਿਸ ਤਰ੍ਹਾਂ ਲੇਬਰ ਮਹਿਕਮਾ, ਪੁਲਿਸ, ਪ੍ਰਸ਼ਾਸਨ ਨੰਗੇ-ਚਿੱਟੇ ਰੂਪ ਵਿੱਚ ਇਹਨਾਂ ਫੈਕਟਰੀ ਮਾਲਕਾਂ ਦੀ ਪਿੱਠ 'ਤੇ ਖੜੇ ਹਨ।

21 ਅਪ੍ਰੈਲ 2008 ਨੂੰ ਸ਼ਾਮ ਦੇ ਲਗਭਗ ਅੱਠ ਵਜੇ ਮਹਾਂਵੀਰ ਜੈਨ ਕਲੋਨੀ, ਟਿੱਬਾ ਰੋਡ, ਲੁਧਿਆਣਾ ਦੇ ਇਲਾਕੇ ਦੀ ਇੱਕ ਇਮਾਰਤ ਵਿੱਚ ਹੋਏ ਭਿਅੰਕਰ ਵਿਸਫੋਟ ਅਤੇ ਬਾਅਦ ਦਾ ਘਟਨਾਕ੍ਰਮ ਇਹ ਸੱਚਾਈ ਇੱਕ ਵਾਰ ਫੇਰ ਸਾਹਮਣੇ ਲੈ ਆਇਆ ਹੈ ਕਿ ਮਾਲਕ-ਪੁਲਿਸ-ਪ੍ਰਸ਼ਾਸਨ-ਗੁੰਡਾ ਗਠਜੋੜ ਦੁਆਰਾ ਲੁਧਿਆਣੇ ਦੇ ਮਜ਼ਦੂਰਾਂ ਦਾ ਕਿਸ ਪੱਧਰ ਤੇ ਲੁੱਟ-ਖੋਹ-ਜਬਰ ਕੀਤਾ ਜਾ ਰਿਹਾ ਹੈ। ਜਿਸ ਇਮਾਰਤ ਵਿੱਚ ਇਹ ਵਿਸਫੋਟ ਹੋਇਆ ਉਸਦੇ ਮਾਲਕ ਦੇ ਕਹਿਣ ਅਨੁਸਾਰ ਉੱਥੇ ਡਾਇੰਗ ਦਾ ਕੰਮ ਚਲਦਾ ਸੀ। ਵਿਸਫੋਟ ਦਾ ਕਾਰਨ ਉਸਨੇ ਬੁਆਇਲਰ ਦਾ ਵੱਧ ਗੈਸ ਬਣਨ ਕਾਰਨ ਫਟਣਾ ਦੱਸਿਆ। ਪਰ ਮਾਲਕ ਦਾ ਇਹ ਬਿਆਨ ਅਜੇ ਵੀ ਸ਼ੱਕ ਦੇ ਘੇਰੇ ਵਿੱਚ ਹੀ ਹੈ। ਵਿਸਫੋਟ ਏਨਾ ਜਬਰਦਸਤ ਸੀ ਕਿ ਇਮਾਰਤ ਦਾ ਇੱਕ ਵੱਡਾ ਹਿੱਸਾ ਢਹਿ ਗਿਆ। ਇਮਾਰਤ ਵਿੱਚੋਂ ਲਗਭਗ ਅੱਧਾ ਟਨ ਭਾਰ ਦੀ ਲੋਹੇ ਦੀ ਕਿਸੇ ਵਸਤੂ ਦਾ ਕੋਈ ਟੁਕੜਾ ਤਕਰੀਬਨ 500 ਗਜ ਦੂਰ ਜਾ ਕੇ ਡਿੱਗਾ ਜਿਸ ਨਾਲ਼ ਦੋ ਦੁਕਾਨਾਂ ਦੀਆਂ ਛੱਤਾਂ ਭੰਨੀਆਂ ਗਈਆਂ। ਧਮਾਕੇ ਦੀ ਆਵਾਜ ਦੂਰ ਦੂਰ ਤੱਕ ਸੁਣਾਈ ਦਿੱਤੀ। ਨਜ਼ਦੀਕ ਦੀਆਂ ਫੈਕਟਰੀਆਂ ਵਿੱਚ ਕੰਮ ਕਰਦੇ ਮਜ਼ਦੂਰ ਅਤੇ ਉਸ ਇਲਾਕੇ ਵਿੱਚ ਰਹਿਣ ਵਾਲੇ ਲੋਕ ਧਮਾਕੇ ਵਾਲੀ ਥਾਂ ਉੱਤੇ ਇੱਕਠੇ ਹੋ ਗਏ। ਇਮਾਰਤ ਅੰਦਰੋਂ ਜ਼ਖ਼ਮੀਆਂ ਦੀਆਂ ਚੀਕਾਂ ਸੁਣਾਈ ਦੇ ਰਹੀਆਂ ਸਨ। ਲੋਕਾਂ ਨੇ ਉਹਨਾਂ ਨੂੰ ਬਾਹਰ ਕੱਢਿਆ। ਜ਼ਖ਼ਮੀਆਂ ਵਿੱਚ ਇੱਕ 13 ਸਾਲ ਦੀ ਉਮਰ ਦਾ ਬੱਚਾ ਵੀ ਸੀ। ਲੋਕਾਂ ਨੇ ਮਾਲਕ ਨੂੰ ਕਿਹਾ ਇਹਨਾਂ ਜਖਮੀਆਂ ਨੂੰ ਹਸਪਤਾਲ ਭੇਜਿਆ ਜਾਵੇ। ਮਾਲਕ ਨੇ ਆਪਣੀ ਕਾਰ ਇਸਤੇਮਾਲ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਆਟੋ ਵਿੱਚ ਭੇਜਿਆ ਜਾਵੇ। ਇਲਾਕੇ ਦੀਆਂ ਫੈਕਟਰੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਅਨੁਸਾਰ ਵਿਸਫੋਟ ਸਮੇਂ ਇਮਾਰਤ ਵਿੱਚ ਘੱਟੋ-ਘੱਟ 15 ਮਜ਼ਦੂਰ ਸਨ। ਇਹਨਾਂ ਮਜ਼ਦੂਰਾਂ ਵਿੱਚ ਕੁਝ ਬੱਚੇ ਵੀ ਸਨ। ਪਰ ਮਾਲਕ ਅਤੇ ਪੁਲਿਸ ਵਲੋਂ ਇਹ ਹੀ ਦਰਸਾਇਆ ਗਿਆ ਹੈ ਕਿ ਉਸ ਸਮੇਂ ਇਮਾਰਤ ਵਿੱਚ ਕੇਵਲ ਚਾਰ ਹੀ ਜਣੇ ਸਨ। ਇਹਨਾਂ ਚਾਰੇ ਮਜ਼ਦੂਰਾਂ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਿਲ ਕਰਵਾ ਦਿੱਤਾ ਗਿਆ ਸੀ।

ਲੋਕਾਂ ਨੇ ਦੱਸਿਆ ਕਿ ਘਟਨਾ ਸਥਾਨ ਉੱਤੇ ਇੱਕ ਔਰਤ ਰੋਂਦੀ-ਕੁਰਲਾਉਂਦੀ ਇੱਧਰ-ਉੱਧਰ ਦੌੜ ਰਹੀ ਸੀ। ਉਸਦਾ ਇੱਕ ਬੱਚਾ ਫੈਕਟਰੀ ਵਿੱਚ ਹੀ ਕੰਮ ਕਰਦਾ ਸੀ ਅਤੇ ਹਾਦਸੇ ਤੋਂ ਬਾਅਦ ਗਾਇਬ ਸੀ। ਨੌਭਾਸ (ਨੌਜਵਾਨ ਭਾਰਤ ਸਭਾ) ਦੁਆਰਾ ਬਾਅਦ ਵਿੱਚ ਉਸ ਔਰਤ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਗਈ ਪਰ ਕੁਝ ਵੀ ਪਤਾ ਨਹੀਂ ਚੱਲਿਆ।

ਦੁਰਘਟਨਾ ਤੋਂ ਅੱਧਾ ਘੰਟਾ ਬਾਅਦ ਪੁਲਿਸ ਉੱਥੇ ਪਹੁੰਚੀ। ਉਸਨੇ ਪਹੁੰਚਦੇ ਹੀ ਆਪਣਾ ਅਸਲੀ ਰੰਗ ਵਖਾਇਆ। ਪਹਿਲਾਂ ਤਾਂ ਰਾਹਤ ਕਾਰਜਾਂ ਵਿੱਚ ਜੁਟੇ ਲੋਕਾਂ ਨੂੰ ਡਾਂਗਾ ਦੇ ਜ਼ੋਰ 'ਤੇ ਉਥੋਂ ਖਦੇੜਿਆ ਗਿਆ। ਫੇਰ ਹਾਦਸਾਗ੍ਰਸਤ ਇਮਾਰਤ ਦੀ ਘੇਰਾਬੰਦੀ ਕਰ ਲਈ ਗਈ। ਲੋਕ ਕਹਿ ਰਹੇ ਸਨ ਕਿ ਮਲਬਾ ਹਟਾਇਆ ਜਾਵੇ ਕਿਉਂਕਿ ਉਹਨਾਂ ਨੂੰ ਸ਼ੱਕ ਸੀ ਕਿ ਮਲਬੇ ਹੇਠ ਹੋਰ ਲੋਕ ਦਬੇ ਹੋ ਸਕਦੇ ਹਨ। ਹੋ ਸਕਦਾ ਹੈ ਕਿ ਕੋਈ ਬੇਹੋਸ਼ੀ ਦੀ ਹਾਲਤ ਵਿੱਚ ਜਿਉਂਦਾ ਦਬਿਆ ਹੋਵੇ। ਪਰ ਫੈਕਟਰੀ ਮਾਲਕਾਂ ਦੀਆਂ ਉਗਲੀਆਂ ਉੱਤੇ ਨੱਚਣ ਵਾਲੀ ਪੁਲਿਸ ਨੇ ਲੋਕਾਂ ਦੀ ਇੱਕ ਨਾ ਸੁਣੀ। ਪੁਲਿਸ ਦੁਆਰਾ ਇਮਾਰਤ ਨੂੰ ਘੇਰਾ ਪਾ ਲਿਆ ਗਿਆ। ਰਾਤ ਦੇ 11 ਵਜੇ ਤੱਕ ਇਹ ਘੇਰਾ ਕਾਇਮ ਰਿਹਾ। ਏਨੀ ਦੇਰ ਪੁਲਿਸ ਅੰਦਰ ਕੀ ਕਰਦੀ ਰਹੀ ? ਇਹ ਸਵਾਲ ਇਸ ਲਈ ਕਰਨਾ ਬਣਦਾ ਹੈ ਕਿਉਂਕਿ ਪੁਲਿਸ ਨੇ ਵਿਸਫੋਟ ਦੇ ਅਸਲੀ ਕਾਰਨਾਂ ਦਾ ਪਤਾ ਲਗਾਉਣ ਲਈ ਨਾ ਤਾਂ ਕੋਈ ਸਮੱਗਰੀ ਹੀ ਕਬਜੇ ਵਿੱਚ ਲਈ ਅਤੇ ਨਾ ਹੀ ਇਮਾਰਤ ਨੂੰ ਸੀਲ ਕੀਤਾ। ਬਿਨਾਂ ਕਿਸੇ ਜਾਂਚ ਪੜਤਾਲ ਤੋਂ ਮਾਲਕ ਦੀ ਹੀ ਤਰਜ 'ਤੇ ਪੁਲਿਸ ਨੇ ਵੀ ਇਹੋ ਕਿਹਾ ਕਿ ਬੁਆਇਲਰ ਫਟਿਆ ਹੈ। ਪੁਲਿਸ ਨੇ ਮਾਲਕ ਤੋਂ ਕਿਸੇ ਤਰ੍ਹਾਂ ਦੇ ਵੀ ਦਸਤਾਵੇਜ (ਫੈਕਟਰੀ ਰਜਿਸਟ੍ਰੇਸ਼ਨ,

ਬੁਆਇਲਰ ਰਜਿਸਟ੍ਰੇਸ਼ਨ, ਹਾਜਰੀ ਰਜਿਸਟਰ ਆਦਿ) ਨਾ ਮੰਗੇ। ਸਰਕਾਰੀ ਰਿਕਾਰਡ ਵਿੱਚ ਵਿਵਾਦਗ੍ਰਸਤ ਇਮਾਰਤ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਫੈਕਟਰੀ ਚਲਣ ਜਾਂ ਕੋਈ ਹੋਰ ਕਾਰੋਬਾਰ ਹੋਣ ਦੀ ਕੋਈ ਰਜਿਸਟਰੇਸ਼ਨ ਨਹੀਂ ਮਿਲੀ।

ਉੱਥੇ ਲੋਕਾਂ ਵਿੱਚ ਮੌਜੂਦ ਇੱਕ ਮਜ਼ਦੂਰ ਦੁਆਰਾ ਨੌਭਾਸ ਦੇ ਸੂਬਾ ਕਨਵੀਨਰ ਰਾਜਵਿੰਦਰ ਨੂੰ ਇਸ ਵਿਸਫੋਟ ਬਾਰੇ ਰਾਤ ਦੇ ਲਗਭਗ 10.30 ਵਜੇ ਸੂਚਨਾ ਦਿੱਤੀ ਗਈ। ਨੌਜਵਾਨ ਭਾਰਤ ਸਭਾ ਦੇ ਆਗੂ ਘਟਨਾਸਥਾਨ 'ਤੇ ਲਗਭਗ 11.30 ਵਜੇ ਪਹੁੰਚੇ। ਕੁਝ ਮੀਡੀਆ ਵਾਲੇ ਵੀ ਉੱਥੇ ਮੌਜੂਦ ਸਨ। ਪੁਲਿਸ ਦਾ ਕੋਈ ਵਿਅਕਤੀ ਉੱਥੇ ਨਜ਼ਰ ਨਹੀਂ ਆਇਆ। ਕਈ ਹੋਰ ਫੈਕਟਰੀਆਂ ਦੇ ਮਾਲਕ ਉੱਥੇ ਹਾਜਰ ਸਨ। ਉਹਨਾਂ ਦਾ ਰਵੱਈਆ ਬਹੁਤ ਅਣਮਨੁੱਖੀ ਸੀ। ਉਹ ਮਜ਼ਦੂਰਾਂ ਦੇ ਦਬੇ ਹੋਣ ਦੀ ਕਿਸੇ ਵੀ ਅਸ਼ੰਕਾਂ ਤੋਂ ਇਨਕਾਰ ਕਰ ਰਹੇ ਸਨ। ਮਾਲਕ ਮੀਡੀਆ ਵਾਲਿਆਂ ਦੇ ਸਾਹਮਣੇ ਇਹੋ ਕਹਿ ਰਹੇ ਸਨ ਕਿ ਫੈਕਟਰੀ ਅੰਦਰ ਕੰਮ ਕਰ ਰਹੇ ਮਜ਼ਦੂਰਾਂ ਵਿੱਚੋਂ ਕੋਈ ਵੀ ਮਰਿਆ ਨਹੀਂ। ਉਹ ਕਹਿ ਰਹੇ ਸਨ ਕਿ ਫੈਕਟਰੀ ਅੰਦਰ ਤਾਂ ਸਿਰਫ ਚਾਰ ਹੀ ਮਜ਼ਦੂਰ ਕੰਮ ਕਰ ਰਹੇ ਸਨ ਜੋ ਜ਼ਖ਼ਮੀ ਹੋਏ ਹਨ ਅਤੇ ਹਸਪਤਾਲ ਭੇਜ ਦਿੱਤੇ ਗਏ ਹਨ। ਗੰਭੀਰ ਰੂਪ ਵਿੱਚ ਜਖਮੀ ਹੋਏ ਮਜ਼ਦੂਰਾਂ ਦੀਆਂ ਸੱਟਾਂ ਨੂੰ ਉਹ ਮਾਮੂਲੀ ਦੱਸ ਰਹੇ ਸਨ ਅਤੇ ਕਹਿ ਰਹੇ ਸਨ ਕਿ ਮਜ਼ਦੂਰਾਂ ਦਾ ਤਾਂ ਕੋਈ ਨੁਕਸਾਨ ਹੋਇਆ ਹੀ ਨਹੀਂ! ਵਿਚਾਰੇ ਵਰਮਾਂ ਸਾਹਬ (ਮਾਲਕ) ਨੂੰ ਵੱਡਾ ਨੁਕਸਾਨ ਹੋਇਆ ਹੈ!! ਉਹਨਾਂ ਤੋਂ ਰਾਹਤ ਕਾਰਜਾਂ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਖਬਰ ਦੇ ਦਿੱਤੀ ਗਈ ਹੈ ਅਤੇ ਮਲਬਾ ਹਟਾਉਣ ਦਾ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ। ਉਹਨਾਂ ਨੂੰ ਪੁਛਿਆ ਗਿਆ ਕਿ ਬੁਆਇਲਰ ਆਪਰੇਟ ਕਰਨ ਵਾਲਾ ਕਿੱਥੇ ਹੈ। ਇਸ ਉੱਤੇ ਉਹਨਾਂ ਦਾ ਕਹਿਣਾ ਸੀ ਕਿ "ਉਸੇ ਕਰਕੇ ਤਾਂ ਇਹ ਹਾਦਸਾ ਵਾਪਰਿਆ ਹੈ ਚਲਿਆ ਗਿਆ ਹੋਣਾ ਹੈ ਕਿਤੇ ਜਰਦਾ ਲਗਾਉਣ...ਹੁਣ ਭੱਜ ਗਿਆ ਹੈ!" ਪੁਲਿਸ ਨੇ ਇਸੇ ਗੱਲ ਨੂੰ ਸੱਚ ਮੰਨ ਲਿਆ ਸੀ ਜਦਕਿ ਤੱਥ ਕਿਸੇ ਹੋਰ ਹੀ ਅਣਹੋਣੀ ਬਾਰੇ ਇਸ਼ਾਰਾ ਕਰ ਰਹੇ ਸਨ।

ਨੌਜਵਾਨ ਭਾਰਤ ਸਭਾ ਦੇ ਆਗੂ ਦੂਸਰੇ ਦਿਨ ਦੁਬਾਰਾ ਦੁਪਹਿਰ ਇੱਕ ਵਜੇ ਦੇ ਕਰੀਬ ਉੱਥੇ ਪਹੁੰਚੇ। ਕਈ ਅਖਬਾਰਾਂ ਦੇ ਪੱਤਰਕਾਰ ਵੀ ਉੱਥੇ ਮੌਜੂਦ ਸਨ। ਹੈਰਾਨੀ ਦੀ ਹੱਦ ਸੀ ਕਿ ਹਾਦਸੇ ਨੂੰ 17 ਘੰਟੇ ਲੰਘ ਜਾਣ ਤੋਂ ਬਾਅਦ ਵੀ ਅਜੇ ਤੱਕ ਮਲਬਾ ਨਹੀਂ ਹਟਾਇਆ ਗਿਆ ਸੀ। ਉੱਥੇ ਆਸ-ਪਾਸ 200-250 ਦੇ ਲਗਭਗ ਮਜ਼ਦੂਰ ਬਿਖਰੇ ਹੋਏ ਸਨ। ਪੁਲਿਸ ਉਹਨਾਂ ਨੂੰ ਹਾਦਸਾਗ੍ਰਸਤ ਇਮਾਰਤ ਦੇ ਕੋਲ ਨਹੀਂ ਜਾਣ ਦੇ ਰਹੀ ਸੀ। ਮਜ਼ਦੂਰਾਂ ਵਿੱਚੋਂ ਕੋਈ ਵੀ ਜੋ ਨਜ਼ਦੀਕ ਜਾਂਦਾ ਉਸਨੂੰ ਭਜਾ ਦਿੱਤਾ ਜਾਂਦਾ। ਰਾਜਵਿੰਦਰ ਮਜ਼ਦੂਰਾਂ ਦੇ ਇਨਕਲਾਬੀ ਮਾਸਿਕ ਅਖਬਾਰ 'ਬਿਗੁਲ' ਦੇ ਪੱਤਰਕਾਰ ਵੀ ਹਨ। ਪੱਤਰਕਾਰ ਵਜੋਂ ਉਹ ਇਮਾਰਤ ਦੇ ਕੋਲ ਜਾਣ ਵਿੱਚ ਕਾਮਯਾਬ ਹੋ ਗਏ। ਉਹਨਾਂ ਦੁਆਰਾ ਕੀਤੀ ਜਾ ਰਹੀ ਪੁੱਛਗਿਛ ਤੋਂ ਮਾਲਕ ਨੂੰ ਘਬਰਾਹਟ ਹੋਈ। ਫੈਕਟਰੀ ਮਾਲਕ ਸੁਰੇਸ਼ ਵਰਮਾ, ਉਸਦੇ ਲੜਕੇ ਅਭੀ ਵਰਮਾ ਅਤੇ ਹੋਰਨਾਂ ਨੇ ਬਿਨਾਂ ਕੋਈ ਗੱਲ ਸੁਣੇ ਹੀ ਰਾਜਵਿੰਦਰ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜੋਧੇਵਾਲ ਪੁਲਿਸ ਥਾਣੇ ਦਾ ਐਸ.ਆਈ. ਰਜਿੰਦਰ ਕੁਮਾਰ ਉੱਥੇ ਮੌਜੂਦ ਸੀ ਪਰ ਉਹ ਸ਼ਰੇਆਮ ਮਾਲਕਾਂ ਦਾ ਪੱਖ ਲੈ ਰਿਹਾ ਸੀ। ਸਥਾਨਿਕ ਲੋਕਾਂ ਨੇ ਮਾਲਕ ਅਤੇ ਪੁਲਿਸ ਦੁਆਰਾ ਕੀਤੀ ਜਾ ਰਹੀ ਇਸ ਧੱਕੇਸ਼ਾਹੀ ਦਾ ਵਿਰੋਧ ਕੀਤਾ। ਜੰਮਕੇ ਨਾਹਰੇਬਾਜੀ ਕੀਤੀ ਗਈ। ਸਾਥੀ ਰਾਜਵਿੰਦਰ ਨੇ ਲੋਕਾਂ ਨੂੰ ਸੰਬੋਧਿਤ ਵੀ ਕੀਤਾ। ਲੋਕਾਂ ਦਾ ਗੁੱਸਾ ਦੇਖਕੇ ਮਾਲਕ ਅਤੇ ਉਸਦੇ ਹੋਰ ਸਾਰੇ ਸਾਥੀ ਚੂਹੇ ਬਣ ਗਏ ਅਤੇ ਫੈਕਟਰੀ ਅੰਦਰ ਘੁਸ ਗਏ। ਹੁਣ ਕੋਈ ਪੁਲਿਸ ਵਾਲਾ ਮਜ਼ਦੂਰਾਂ ਨੂੰ ਉੱਥੋਂ ਭਜਾਉਣ ਦੀ ਹਿੰਮਤ ਨਹੀਂ ਕਰ ਰਿਹਾ ਸੀ। ਏਨੇ ਵਿੱਚ ਉੱਥੇ ਹੋਰ ਵੀ ਭਾਰੀ ਗਿਣਤੀ ਵਿੱਚ ਪੁਲਿਸ ਪਹੁੰਚ ਗਈ। ਲੋਕਾਂ ਦੇ ਗੁੱਸੇ ਨੂੰ ਵੇਖਦੇ ਹੋਏ ਐਸ.ਐਚ.ਓ. ਨੇ ਨਰਮੀ ਦਾ ਵਿਖਾਵਾ ਕੀਤਾ। ਨਾਅਰੇਬਾਜੀ ਲਗਾਤਾਰ ਚੱਲ ਰਹੀ ਸੀ। ਪੁਲਿਸ ਨੂੰ ਮੌਕੇ ਉੱਤੇ ਹੀ ਮਾਲਕਾਂ ਅਤੇ ਏ.ਐਸ.ਆਈ. ਖਿਲਾਫ ਰਿਪੋਰਟ ਦਰਜ ਕਰਨੀ ਪਈ। ਇਸ ਰਿਪੋਰਟ ਦਾ ਪੁਲਿਸ ਨੇ ਕੀ ਕੀਤਾ ਕੁਝ ਪਤਾ ਨਹੀਂ।

ਲੋਕਾਂ ਦੇ ਗੁੱਸੇ ਨੂੰ ਦੇਖਦੇ ਹੋਏ ਦੋ ਕ੍ਰੇਨ ਮਸ਼ੀਨਾਂ ਮੰਗਵਾਈਆਂ ਗਈਆਂ। ਪਰ ਜਿੱਥੋਂ ਜਰੂਰੀ ਸੀ ਉੱਥੋਂ ਨਹੀਂ ਸਗੋਂ ਸਮਾਂ ਲੰਘਾਉਣ ਲਈ ਇੱਧਰ-ਉੱਧਰ ਤੋਂ ਗੈਰ-ਜ਼ਰੂਰੀ ਸਮਾਨ ਹਟਾਇਆ ਜਾ ਰਿਹਾ ਸੀ। ਇਮਾਰਤ ਦੇ ਉਸ ਹਿੱਸੇ ਨੂੰ ਛੂਹਿਆ ਤੱਕ ਨਹੀਂ ਜਾ ਰਿਹਾ ਸੀ ਜਿੱਥੇ ਲੋਕਾਂ ਨੂੰ ਮਜ਼ਦੂਰਾਂ ਦੇ ਦਬੇ ਹੋਣ ਦੀ ਅਸ਼ੰਕਾ ਸੀ। ਮਾਲਕ ਅਤੇ ਪੁਲਿਸ ਦੀ ਅਸਲੀ ਮਨਸ਼ਾ ਜ਼ਾਹਿਰ ਹੋ ਰਹੀ ਸੀ ਕਿ ਕਿ ਉਹ ਰਾਤ ਹੋਣ ਦਾ ਇੰਤਜਾਰ ਕਰ ਰਹੇ ਹਨ ਤਾਂ ਕਿ ਲੋਕਾਂ ਦੀ ਗੈਰਹਾਜਰੀ ਵਿੱਚ ਮਲਬਾ ਹਟਾਇਆ ਜਾ ਸਕੇ। ਲੋਕਾਂ ਨੇ ਪਹਿਲਕਦਮੀ ਲੈਂਦੇ ਹੋਏ ਅੱਗੇ ਵੱਧ ਕੇ ਮਲਬਾ ਹਟਾਉਣਾ ਸ਼ੁਰੂ ਕਰ ਦਿੱਤਾ। ਨੌਭਾਸ ਦੇ ਸਾਥੀ ਵੀ ਰਾਹਤ ਕਾਰਜਾਂ ਵਿੱਚ ਲੋਕਾਂ ਦਾ ਸਾਥ ਦੇਣ ਲੱਗ ਪਏ। ਲਗਭਗ 200 ਲੋਕ ਪੂਰੀ ਲਗਨ ਨਾਲ਼ ਮਲਬਾ ਹਟਾ ਰਹੇ ਸਨ। ਮਾਲਕ ਅਤੇ ਪੁਲਿਸ ਵਾਲਿਆਂ ਦੇ ਚਿਹਰੇ ਪੀਲੇ ਪੈਂਦੇ ਸਾਫ਼ ਦੇਖੇ ਜਾ ਸਕਦੇ ਸਨ। ਮਾਲਕਾਂ ਨੇ ਫੈਕਟਰੀ ਦੇ ਆਫਿਸ ਦੇ ਨਾਲ਼ ਲਟਕ ਰਹੀ ਛੱਤ ਦੇ ਸਰੀਏ ਕਟਵਾਉਣੇ ਸ਼ੁਰੂ ਕਰ ਦਿੱਤੇ ਤਾਂ ਕਿ ਮਲਬਾ ਹਟਾਉਣ ਦੇ ਕੰਮ ਵਿੱਚ ਰੁਕਾਵਟ ਖੜੀ ਕੀਤੀ ਜਾ ਸਕੇ। ਪਰ ਲੋਕਾਂ ਦੇ ਸਖਤ ਵਿਰੋਧ ਕਰਨ ਉੱਤੇ ਇਹ ਕਾਰਵਾਈ ਰੋਕਣ ਲਈ ਉਹਨਾਂ ਨੂੰ ਮਜ਼ਬੂਰ ਹੋਣਾ ਪਿਆ। ਕੁਝ ਸਮੇਂ ਬਾਅਦ ਹੋਰ ਵੀ ਭਾਰੀ ਤਾਦਾਦ ਵਿੱਚ ਪੁਲਿਸ ਫੋਰਸ ਆਈ। ਮਾਲਕਾਂ ਦੇ ਗੁੰਡੇ ਵੀ ਡਾਂਗਾ ਨਾਲ਼ ਲੈਸ ਹੋ ਕੇ ਪਹੁੰਚ ਚੁੱਕੇ ਸਨ। ਪੁਲਿਸ ਨੇ ਨੌਜਵਾਨ ਭਾਰਤ ਸਭਾ ਦੇ ਮੈਂਬਰਾਂ ਉੱਤੇ ਫੈਕਟਰੀ ਚੋਂ ਇੱਕ ਬੈਗ ਚੋਰੀ ਕਰਨ ਦਾ ਇਲਜਾਮ ਲਗਾਇਆ ਅਤੇ ਲੋਕਾਂ ਉੱਤੇ ਲਾਠੀਚਾਰਜ ਸ਼ੁਰੂ ਕਰ ਦਿੱਤਾ। ਨੌਭਾਸ ਦੇ ਕਾਰਕੁਨਾਂ ਨੂੰ ਪੁਲਿਸ ਨੇ ਪ੍ਰਾਈਵੇਟ ਗੱਡੀਆਂ (!)

ਵਿੱਚ ਸੁੱਟਣਾ ਸ਼ੁਰੂ ਕਰ ਦਿੱਤਾ। ਲੋਕਾਂ ਨੇ ਹੋਰ ਕੋਈ ਰਾਹ ਬਾਕੀ ਬਚਦਾ ਨਾ ਵੇਖਕੇ ਆਪਣਾ ਬਚਾਓ ਆਪ ਕਰਨ ਦੀ ਸੋਚੀ। ਮੁਕਾਬਲਾ ਕੀਤਾ ਗਿਆ। ਮਾਲਕ-ਪੁਲਿਸ-ਗੁੰਡਾ ਗਠਜੋੜ ਇੱਕ ਵਾਰ ਫੇਰ ਪੂਛ ਚੁੱਕ ਕੇ ਭੱਜ ਗਿਆ।

ਲੋਕਾਂ ਦੇ ਇੱਕਠ ਵਿੱਚ ਖੜੇ ਨੌਂਭਾਸ ਦੇ ਆਗੂਆਂ ਨੂੰ ਹੱਥ ਪਾਉਣ ਦੀ ਪੁਲਿਸ ਹਿੰਮਤ ਨਹੀਂ ਕਰ ਪਾ ਰਹੀ ਸੀ। ਉਸ ਨੇ ਇੱਕ ਚਾਲ ਚੱਲੀ। ਇੱਕ ਆਦਮੀ ਜਿਸਨੇ ਆਪਣੇ ਆਪ ਨੂੰ ਪੱਤਰਕਾਰ ਦੱਸਿਆ, ਸਾਥੀ ਰਾਜਵਿੰਦਰ ਨੂੰ ਗੱਲਬਾਤ ਦੇ ਬਹਾਨੇ ਲੋਕਾਂ ਤੋਂ ਥੋੜਾ ਪਾਸੇ ਬੁਲਾ ਲੈ ਗਿਆ। ਪੁਲਿਸ ਮੌਕਾ ਦੇਖ ਕੇ ਉਹਨਾਂ ਉੱਤੇ ਟੁੱਟ ਕੇ ਪੈ ਗਈ ਅਤੇ ਉਠਾ ਕੇ ਫੈਕਟਰੀ ਅੰਦਰ ਲੈ ਗਈ। ਬਾਹਰ ਪੁਲਿਸ ਨੇ ਲੋਕਾਂ ਉੱਤੇ ਫਿਰ ਤੋਂ ਲਾਠੀਚਾਰਜ ਸ਼ੁਰੂ ਕਰ ਦਿੱਤਾ। ਇਸ ਵਾਰ ਪੁਲਿਸ ਦਾ ਹਮਲਾ ਕਾਫੀ ਭਾਰੀ ਸੀ। ਭਾਰੀ ਤਸ਼ੱਦਦ ਦਾ ਸਹਾਰਾ ਲੈ ਪੁਲਿਸ ਲੋਕਾਂ ਨੂੰ ਖਦੇੜਨ ਵਿੱਚ ਕਾਮਯਾਬ ਰਹੀ।

ਮਾਲਕ ਅਤੇ ਪੁਲਿਸ ਨੇ ਸਾਥੀ ਰਾਜਵਿੰਦਰ ਦੀ ਕਾਫੀ ਕੁੱਟਮਾਰ ਕੀਤੀ ਅਤੇ ਜ਼ਲੀਲ ਕੀਤਾ। ਰਾਤ ਦੇ ਲਗਭਗ 11 ਵਜੇ ਤੱਕ ਖਤਰਨਾਕ ਅਪਰਾਧੀਆਂ ਦੀ ਤਰ੍ਹਾਂ ਜਿਪਸੀ ਵਿੱਚ ਦੋਹੇ ਬਾਹਾਂ ਬੰਨ ਕੇ ਬਸਤੀ ਜੋਧੇਵਾਲ ਥਾਣੇ ਲਿਜਾਇਆ ਗਿਆ। ਪੁਲਿਸ ਨੇ ਰਾਜਵਿੰਦਰ, ਲਖਵਿੰਦਰ ਅਤੇ ਪਰਮਿੰਦਰ ਸਮੇਤ ਇੱਕ ਮਜ਼ਦੂਰ ਗੌਰੀ ਸ਼ੰਕਰ ਉੱਪਰ ਵੀ, ਇਰਾਦਤਨ ਕਤਲ (ਧਾਰਾ 307) ਅਤੇ ਡਕੈਤੀ ਜਿਹੇ ਝੂਠੇ ਕੇਸ ਪਾ ਦਿੱਤੇ। ਇਹਨਾਂ ਤੋਂ ਇਲਾਵਾ 25-30 ਹੋਰ ਅਣਪਛਾਤੇ ਲੋਕਾਂ ਉੱਪਰ ਵੀ ਇਹੋ ਕੇਸ ਠੋਕ ਦਿੱਤੇ ਗਏ। ਇਸ ਗੱਲ ਦਾ ਡਰ ਹੈ ਕਿ ਪੁਲਿਸ ਨੌਂਭਾਸ ਦੇ ਹੋਰ ਵੀ ਕਾਰਕੁੰਨਾਂ ਨੂੰ ਇਹਨਾਂ ਝੂਠੇ ਕੇਸਾਂ ਵਿੱਚ ਫਸਾਉਣ ਦੀ ਕੋਸ਼ਿਸ਼ ਕਰ ਸਕਦੀ ਹੈ। ਸਾਥੀ ਰਾਜਵਿੰਦਰ ਨੂੰ 25 ਮਈ ਨੂੰ ਸੈਂਟਰਲ ਜੇਲ, ਤਾਜਪੁਰ ਰੋਡ, ਲੁਧਿਆਣਾ ਭੇਜ ਦਿੱਤਾ ਗਿਆ।

ਵਿਸਫੋਟ ਦੀ ਘਟਨਾ ਤੋਂ ਅਗਲੇ ਦਿਨ 22 ਅਪ੍ਰੈਲ ਨੂੰ ਭਾਰੀ ਪੁਲਿਸ ਫੋਰਸ ਅਤੇ ਮਾਲਕ ਦੇ ਗੁੰਡਿਆਂ ਨੇ ਡਾਂਗਾ ਨਾਲ਼ ਲੈਸ ਹੋ ਕੇ ਇਲਾਕੇ ਵਿੱਚ ਦਹਿਸ਼ਤ ਫੈਲਾਉਣ ਲਈ ਮਹਾਂਵੀਰ ਕਲੋਨੀ ਅਤੇ ਇਸਦੇ ਨਾਲ਼ ਲਗਦੇ ਭਰਪੂਰ ਨਗਰ, ਪੁਨੀਤ ਨਗਰ ਦੇ ਇਲਾਕੇ ਵਿੱਚ ਗੁੰਡਾਗਰਦੀ ਦਾ ਨੰਗਾ ਨਾਚ ਕੀਤਾ। ਲੋਕਾਂ ਨੂੰ ਘਰਾਂ ਵਿੱਚ ਘੁਸ-ਘੁਸ ਕੇ ਕੁੱਟਿਆ ਗਿਆ। ਦਰਿੰਦਗੀ ਦੀ ਹੱਦ ਤਾਂ ਉਦੋਂ ਹੋ ਗਈ ਜਦੋਂ ਔਰਤਾਂ ਅਤੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ। ਸਥਾਨਿਕ ਲੋਕਾਂ ਦਾ ਕਹਿਣਾ ਸੀ ਕਿ ਉਹਨਾਂ ਅਜਿਹੀ ਗੁੰਡਾਗਰਦੀ ਕਦੇ ਨਹੀਂ ਵੇਖੀ। ਪੁਲਿਸ ਸ਼ਰੇਆਮ ਮਾਲਕਾਂ ਦਾ ਸਾਥ ਦੇ ਰਹੀ ਸੀ ਅਤੇ ਰਾਹਤ ਕਾਰਜਾਂ ਵਿੱਚ ਲੱਗੇ ਹੋਏ ਲੋਕਾਂ ਦੇ ਸਿਰ ਭੰਨ ਰਹੀ ਸੀ। ਭਰਪੂਰ ਨਗਰ ਦੀ ਗਲੀ ਨੰਬਰ 3 ਵਿੱਚੋਂ ਗੌਰੀ ਸ਼ੰਕਰ ਨਾਮ ਦੇ ਮਜ਼ਦੂਰ ਨੂੰ ਘਰ ਵਾਲਿਆਂ ਦੇ ਸਾਹਮਣੇ ਕੁਝ ਫੈਕਟਰੀਆਂ ਦੇ ਮਾਲਕ ਅਤੇ ਗੁੰਡੇ ਚੁੱਕ ਕੇ ਲੈ ਗਏ। ਇਸ ਮਜ਼ਦੂਰ ਦਾ ਨਾਂ ਵੀ ਐਫ.ਆਈ.ਆਰ. ਵਿੱਚ ਪਾਇਆ ਗਿਆ ਸੀ। ਮੀਡੀਆ ਤੋਂ ਤਸਵੀਰਾਂ ਅਤੇ ਵੀਡੀਓ ਲੈ ਕੇ ਪੁਲਿਸ ਹਫਤਾ ਭਰ ਉਸ ਇਲਾਕੇ ਵਿੱਚ ਛਾਪਾਮਾਰੀ ਕਰਦੀ ਰਹੀ। ਲੋਕਾਂ ਨੂੰ ਕੁੱਟਿਆ ਮਾਰਿਆ ਅਤੇ ਧਮਕਾਇਆ ਜਾਂਦਾ ਰਿਹਾ।

23 ਅਪ੍ਰੈਲ ਨੂੰ ਸਵੇਰ ਦੇ ਸਮੇਂ ਜਦੋਂ ਨੌਂਭਾਸ ਅਤੇ ਬਿਗੁਲ ਮਜ਼ਦੂਰ ਦਸਤਾ ਦੇ ਕਾਰਕੁੰਨ ਉਸ ਇਲਾਕੇ ਵਿੱਚ ਗਏ ਤਾਂ ਲੋਕ ਏਨੇ ਡਰੇ ਹੋਏ ਪ੍ਰਤੀਤ ਹੋਏ ਕਿ ਉਹ ਠੀਕ ਢੰਗ ਨਾਲ਼ ਗੱਲ ਕਰਨ ਤੋਂ ਵੀ ਗੁਰੇਜ ਕਰ ਰਹੇ ਸਨ। ਇੱਕ ਮਜ਼ਦੂਰ ਨੇ ਕਿਹਾ ਕਿ ਇਹ ਤਾਂ ਹੋਣਾ ਹੀ ਸੀ ਅਤੇ ਜੋ ਵੀ ਮਜ਼ਦੂਰ ਦੇ ਹੱਕ ਦੀ ਗੱਲ ਕਰਦਾ ਹੈ ਉਸ ਨੂੰ ਇਹ ਸਭ ਕੁਝ ਸਹਿਣਾ ਹੀ ਪੈਂਦਾ ਹੈ।

ਵਿਸਫੋਟ ਕਾਰਨ ਜੋ ਮਜ਼ਦੂਰ ਜਖਮੀ ਹੋਏ ਸਨ ਅਤੇ ਹਸਪਤਾਲ ਵਿੱਚ ਦਾਖਿਲ ਕਰਵਾਏ ਗਏ ਸਨ ਉਹਨਾਂ ਦਾ ਹੁਣ ਕੁਝ ਵੀ ਪਤਾ ਨਹੀਂ ਹੈ। ਉਹਨਾਂ ਦਾ ਪੂਰਾ ਇਲਾਜ ਹੋਇਆ ਕਿ ਨਹੀਂ, ਉਹ ਕਿੱਥੇ ਗਏ ਆਦਿ ਸਵਾਲਾਂ ਦਾ ਕੋਈ ਜਵਾਬ ਨਹੀਂ ਹੈ। ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਦੋ ਟਰੱਕਾਂ ਵਿੱਚ ਕੁੱਝ ਲੋਕਾਂ ਨੂੰ ਸਮਾਨ ਸਮੇਤ ਲੱਦ ਕੇ ਕਿਸੇ ਅਗਿਆਤ ਜਗ੍ਹਾ 'ਤੇ ਲਿਜਾਇਆ ਗਿਆ ਹੈ। ਅਸ਼ੰਕਾ ਇਸ ਗੱਲ ਦੀ ਹੈ ਕਿ ਇਹ ਉਹਨਾਂ ਜ਼ਖ਼ਮੀ ਮਜ਼ਦੂਰਾਂ ਦੇ ਹੀ ਪਰਿਵਾਰ ਸਨ ਜਿਹਨਾਂ ਨੂੰ ਕਿਸੇ ਦੂਰ ਜਗ੍ਹਾ 'ਤੇ ਭੇਜ ਦਿੱਤਾ ਗਿਆ ਹੈ।

23 ਅਪ੍ਰੈਲ ਨੂੰ ਸਥਾਨਿਕ ਮਜ਼ਦੂਰ, ਮੁਲਾਜ਼ਮ ਜੱਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਅਗਾਂਹਵਧੂ ਬੁੱਧੀਜੀਵੀਆਂ ਦਾ ਇੱਕ ਪ੍ਰਤੀਨਿਧੀ ਮੰਡਲ ਐਸ.ਐਸ.ਪੀ. ਆਰ. ਕੇ. ਜੈਸਵਾਲ ਨੂੰ ਮਿਲਿਆ। ਇਸ ਮਾਮਲੇ ਦੀ ਜਾਂਚ ਕਰਨ ਅਤੇ ਇਨਸਾਫ ਦੀ ਮੰਗ ਕੀਤੀ ਗਈ। ਇਸ ਗੱਲ ਦੇ ਜਵਾਬ ਵਿੱਚ ਉਸਨੇ ਦੋ ਟੁੱਕ ਸ਼ਬਦਾਂ ਵਿੱਚ ਮਾਲਕਾਂ ਦਾ ਪੱਖ ਲੈਂਦੇ ਹੋਏ ਕਿਹਾ ਕਿ ਜੋ ਕੋਈ ਵੀ ਕਾਨੂੰਨ ਨੂੰ ਆਪਣੇ ਹੱਥ ਵਿੱਚ ਲਵੇਗਾ ਉਸ ਨਾਲ਼ ਇਹੋ ਸਲੂਕ ਕੀਤਾ ਜਾਵੇਗਾ। ਇਹ ਸਾਫ਼-ਸਪੱਸ਼ਟ ਪੂੰਜੀਪਤੀਆਂ ਦੀਆਂ ਉਂਗਲਾਂ ਉੱਤੇ ਨੱਚਣਾ ਸੀ। ਡੀ.ਐਸ.ਪੀ. ਲੁਧਿਆਣਾ ਵੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਉਹ ਸਬਕ ਸਿਖਾਉਣ ਦੀਆਂ ਧਮਕੀਆਂ ਦੇ ਰਿਹਾ ਸੀ।

ਪੁਲਿਸ ਨੌਜਵਾਨ ਭਾਰਤ ਸਭਾ ਦੇ ਲੁਧਿਆਣੇ ਵਿੱਚ ਚਲ ਰਹੇ ਦਫਤਰਾਂ/ਲਾਈਬ੍ਰੇਰੀਆਂ ਉੱਤੇ ਛਾਪੇਮਾਰੀ ਕਰਦੀ ਰਹੀ। ਨੌਂਭਾਸ ਦੇ ਸਥਾਨਕ ਸਮਰਥਕਾਂ ਨੂੰ ਡਰਾਇਆ-ਧਮਕਾਇਆ ਜਾਂਦਾ ਰਿਹਾ ਕਿ ਉਹ ਬਾਕੀ ਆਗੂਆਂ ਨੂੰ ਫੜਾਉਣ।

ਪੁਲਿਸ ਦੀ ਸੁਰ ਉਦੋਂ ਬਦਲੀ ਜਦੋਂ ਡੀ.ਸੀ. ਦਫਤਰ ਅੱਗੇ ਜਬਰਦਸਤ ਧਰਨਾ ਪ੍ਰਦਰਸ਼ਨ ਕੀਤਾ ਗਿਆ। ਅਲੱਗ ਜੱਥੇਬੰਦੀਆਂ ਨੇ ਮਾਲਕ-ਪੁਲਿਸ ਦੇ ਗੁੰਡਾ ਗਠਜੋੜ ਖਿਲਾਫ ਸਾਂਝਾ ਸੰਘਰਸ਼ ਕਰਨ ਦਾ ਫੈਸਲਾ ਕੀਤਾ ਸੀ। ਇਸੇ ਸੰਘਰਸ਼ ਦੀ ਪਹਿਲੀ ਕੜੀ ਦੇ ਤਹਿਤ 29 ਅਪ੍ਰੈਲ ਡੀ.ਸੀ. ਦਫਤਰ ਅੱਗੇ ਧਰਨਾ ਲਗਾਇਆ ਗਿਆ। ਧਰਨੇ ਤੋਂ ਪਹਿਲਾਂ ਮਾਲਿਕ-ਪੁਲਿਸ-ਗੁੰਡਾ ਗਠਜੋੜ ਦੀ ਦਰਿੰਦਗੀ ਅਤੇ ਘਟਨਾ ਦੀ ਠੀਕ ਜਾਣਕਾਰੀ

ਬਾਰੇ ਇੱਕ ਸਾਂਝਾ ਪਰਚਾ ਵੱਡੇ ਪੱਧਰ ਉੱਤੇ ਵੰਡਿਆ ਗਿਆ। ਘਟਨਾ ਦੇ ਇਲਾਕੇ ਦੇ ਕੁਝ ਲੋਕ ਵੀ ਧਰਨੇ ਵਿੱਚ ਪਹੁੰਚੇ ਸਨ। ਪੰਜਾਬ ਅਤੇ ਹੋਰ ਰਾਜਾਂ ਦੀਆਂ ਜਮਹੂਰੀ ਅਤੇ ਇਨਕਲਾਬੀ ਜੱਥੇਬੰਦੀਆਂ ਅਤੇ ਲੋਕ ਪੱਖੀ ਬੁੱਧਜੀਵੀਆਂ ਨੇ ਵੀ ਆਪਣੇ ਪੱਧਰ ਉੱਤੇ ਪੁਲਿਸ ਦੀ ਤਾਨਾਸ਼ਾਹੀ ਕਾਰਗੁਜਾਰੀਆਂ ਦੀ ਜੰਮਕੇ ਨਿੰਦਾ ਕੀਤੀ। ਨੌਜਵਾਨ ਭਾਰਤ ਸਭਾ ਅਤੇ ਬਿਗੁਲ ਮਜ਼ਦੂਰ ਦਸਤਾ ਦੀਆਂ ਦਿੱਲੀ ਇਕਾਈਆਂ ਵਲੋਂ ਪੰਜਾਬ ਭਵਨ, ਦਿੱਲੀ ਵਿਖੇ ਧਰਨਾ ਦਿੱਤਾ ਗਿਆ। ਇਸ ਤਰ੍ਹਾਂ ਚਾਰੇ ਪਾਸੇ ਤੋਂ ਬਦਨਾਮੀ ਹੁੰਦੀ ਵੇਖ ਕੇ ਪੁਲਿਸ ਨੇ ਆਪਣੀ ਸੁਰ ਕੁਝ ਨਰਮ ਕੀਤੀ। ਪੁਲਿਸ ਅਧਿਕਾਰੀ ਤਮੀਜ ਨਾਲ਼ ਗੱਲ ਕਰਨ ਲੱਗੇ। ਕੇਸ ਰੱਦ ਕਰਨ ਦਾ ਭਰੋਸਾ ਦਿੱਤਾ ਗਿਆ ਭਾਵੇਂ ਕਿ ਇਸ ਭਰੋਸੇ ਉੱਤੇ ਅਜੇ ਤੱਕ ਕੋਈ ਅਮਲ ਨਹੀਂ ਹੋਇਆ।

3 ਜੂਨ ਨੂੰ ਲੁਧਿਆਣੇ ਦੇ ਚਤਰ ਸਿੰਘ ਪਾਰਕ ਵਿੱਚ ਦਰਜਨਾਂ ਜੱਥੇਬੰਦੀਆਂ ਦੀ ਜਬਰ ਵਿਰੋਧੀ ਸਾਂਝੀ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਵਿੱਚ ਸਰਵਸੰਮਤੀ ਨਾਲ਼ ਪਾਸ ਕੀਤੇ ਗਏ ਮਤਿਆਂ ਵਿੱਚ ਲੁਧਿਆਣਾ ਪ੍ਰਸ਼ਾਸਨ ਤੋਂ ਇਹ ਮੰਗ ਕੀਤੀ ਗਈ ਕਿ ਇਸ ਬੁਆਇਲਰ ਵਿਸਫੋਟ ਹਾਦਸੇ ਦੀ ਉੱਚ-ਪੱਧਰੀ ਜਾਂਚ ਕਰਵਾਈ ਜਾਵੇ ਅਤੇ ਪੀੜਤ ਮਜ਼ਦੂਰਾਂ ਦੇ ਪਰਿਵਾਰਾਂ ਦਾ ਪਤਾ ਲਗਾ ਕੇ ਉਹਨਾਂ ਨਾਲ਼ ਇਨਸਾਫ ਕੀਤਾ ਜਾਵੇ। ਰਾਜਵਿੰਦਰ, ਲਖਵਿੰਦਰ, ਪਰਮਿੰਦਰ ਅਤੇ ਗੌਰੀ ਸ਼ੰਕਰ ਸਹਿਤ ਹੋਰਨਾਂ ਲੋਕਾਂ ਉੱਤੇ ਦਰਜ ਕੀਤੇ ਝੂਠੇ ਪੁਲਿਸ ਕੇਸਾਂ ਨੂੰ ਰੱਦ ਕੀਤਾ ਜਾਵੇ। ਦੋਸ਼ੀ ਮਾਲਕ ਤੇ ਪੁਲਿਸ ਮੁਲਾਜ਼ਮਾਂ ਨੂੰ ਸਜਾ ਮਿਲੇ। ਇਸੇ ਨਾਲ ਹੀ ਇਹ ਮਤਾ ਵੀ ਪਾਸ ਕੀਤਾ ਗਿਆ ਕਿ ਲੁਧਿਆਣੇ ਵਿੱਚ ਪਿਛਲੇ ਵਰ੍ਹਿਆਂ ਵਿੱਚ ਚੱਲੇ ਸੰਘਰਸ਼ਾਂ (ਸਾਈਕਲ ਇੰਡਸਟਰੀ, ਡੀਐਮਸੀ ਆਦਿ) ਦੌਰਾਨ ਸੰਘਰਸ਼ਸ਼ੀਲ ਲੋਕਾਂ ਉੱਤੇ ਪਾਏ ਗਏ ਝੂਠੇ ਪੁਲਿਸ ਕੇਸ ਰੱਦ ਕੀਤੇ ਜਾਣ ਅਤੇ ਬਜਾਜ ਸੰਨਜ਼ ਦੇ ਮਜ਼ਦੂਰ ਨੇਤਾ ਬਲਰਾਮ ਉੱਤੇ ਹਮਲਾ ਕਰਨ ਦੇ ਦੋਸ਼ੀ ਫੈਕਟਰੀ ਮਾਲਕ ਅਤੇ ਗੁੰਡਿਆਂ ਉੱਤੇ ਕਰੜੀ ਕਾਰਵਾਈ ਕੀਤੀ ਜਾਵੇ। ਕਨਵੈਨਸ਼ਨ ਵਿੱਚ ਪਾਸ ਹੋਏ ਇੱਕ ਪ੍ਰਸਤਾਵ ਵਿੱਚ ਪੰਜਾਬ ਸਰਕਾਰ ਤੋਂ ਇਹ ਮੰਗ ਕੀਤੀ ਗਈ ਕਿ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਚੱਲ ਰਹੇ ਕਿਰਤੀ ਲੋਕਾਂ ਦੇ ਸੰਘਰਸ਼ਾਂ ਨੂੰ ਦਬਾਉਣ ਲਈ ਵਰਤੀ ਜਾ ਰਹੀ ਜਬਰ ਨੀਤੀ ਬੰਦ ਕੀਤੀ ਜਾਵੇ। ਇਸ ਕਨਵੈਨਸ਼ਨ ਵਿੱਚ ਨੌਜਵਾਨ ਭਾਰਤ ਸਭਾ, ਬਿਗੁਲ ਮਜ਼ਦੂਰ ਦਸਤਾ, ਮੋਲਡਰ ਐਂਡ ਸਟੀਲ ਵਰਕਰਜ ਯੂਨੀਅਨ (ਮਹਿੰਦਰ ਸੈਕਟਰੀ), ਮੋਲਡਰ ਐਂਡ ਸਟੀਲ ਵਰਕਰਜ ਯੂਨੀਅਨ (ਵਿਜੇ ਨਾਰਾਇਣ), ਲੋਕ ਏਕਤਾ ਸੰਗਠਨ, ਆਲ ਇੰਡੀਆ ਸੈਂਟਰ ਆਫ ਟ੍ਰੇਡ ਯੂਨੀਅਨਜ (ਐਕਟੂ), ਡੈਮੋਕ੍ਰੇਟਿਕ ਇੰਪਲਾਈਜ ਫਰੰਟ, ਪੇਂਡੂ ਮਜ਼ਦੂਰ ਯੂਨੀਅਨ, ਬੀ.ਐਸ.ਐਨ.ਐਲ. ਇੰਪਲਾਈਜ਼ ਯੂਨੀਅਨ, ਲੋਕ ਮੋਰਚਾ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ), ਪੰਜਾਬ ਰੋਡਵੇਜ ਇੰਪਲਾਈਜ ਯੂਨੀਅਨ (ਅਜ਼ਾਦ), ਇਨਕਲਾਬੀ ਕੇਂਦਰ ਪੰਜਾਬ, ਲਾਲ ਝੰਡਾ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ, ਟੈਕਨੀਕਲ ਸਰਵਿਸਿਸ ਯੂਨੀਅਨ (ਸਬ-ਅਰਬਨ ਸਰਕਲ ਲੁਧਿਆਣਾ), ਟੈਕਨੀਕਲ ਸਰਵਿਸਿਸ ਯੂਨੀਅਨ (ਸਬ-ਅਰਬਨ ਸਰਕਲ ਸਮਰਾਲਾ), ਮੈਡੀਕਲ ਪ੍ਰੈਕਟੀਸ਼ਨਰਜ ਐਸੋਸਿਏਸ਼ਨ ਆਦਿ ਜੱਥੇਬੰਦੀਆਂ ਸ਼ਾਮਿਲ ਹੋਈਆਂ।


ਲੜੇ ਜਾ ਰਹੇ ਸੰਘਰਸ਼ ਦੌਰਾਨ ਮਜ਼ਦੂਰਾਂ ਦੀ ਵਿਆਪਕ ਏਕਤਾ ਦੀ ਘਾਟ ਹਮੇਸ਼ਾਂ ਖਟਕਦੀ ਰਹੀ ਹੈ। ਸਵਾਲ ਸਿਰਫ ਇੱਕ ਘਟਨਾ ਦਾ ਨਹੀਂ ਹੈ। ਮਜ਼ਦੂਰਾਂ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਏਕਤਾ ਤਾਂ ਕਾਇਮ ਕਰਨੀ ਹੀ ਪਵੇਗੀ। ਇਹ ਇੱਕ ਦਿਨ ਦਾ ਕੰਮ ਨਹੀਂ। ਇਸ ਖਾਤਰ ਲੰਮੀ ਤਿਆਰੀ ਦੀ ਲੋੜ ਹੈ। ਇਸ ਤਿਆਰੀ ਦਾ ਕੰਮ ਗੰਭੀਰਤਾ ਨਾਲ਼ ਹੱਥ ਵਿੱਚ ਲੈਣਾ ਹੋਵੇਗਾ। ਫਿਲਹਾਲ, ਇਸ ਘਟਨਾ ਨੇ ਦਰਸਾ ਦਿੱਤਾ ਹੈ ਕਿ ਲੁਧਿਆਣੇ ਦੇ ਮਜ਼ਦੂਰਾਂ ਨੂੰ ਕਿਸ ਪੱਧਰ 'ਤੇ ਲੁੱਟ-ਜਬਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਹ ਸੱਚਾਈ ਵੀ ਸਾਹਮਣੇ ਲਿਆ ਦਿੱਤੀ ਹੈ ਕਿ ਕਿਸ ਕਦਰ ਪੁਲਿਸ ਮਸ਼ੀਨਰੀ ਪੂੰਜੀਪਤੀਆਂ ਦੀ ਭਗਤੀ ਵਿੱਚ ਲੀਨ ਹੈ।

"ਤਿਆਗ ਅਤੇ ਕੁਰਬਾਨੀ ਦੇ ਵੀ ਦੋ ਰੂਪ ਹਨ। ਇਕ ਹੈ ਸੀਨੇ ਵਿੱਚ ਗੋਲੀ ਖਾਕੇ ਜਾਂ ਫਾਂਸੀ ਤੇ ਚੜ੍ਹ ਕੇ ਮਰਨਾ। ਇਸ ਵਿਚ ਚਮਕ-ਦਮਕ ਜ਼ਿਆਦਾ ਹੈ ਪਰ ਤਕਲੀਫ ਘੱਟ। ਦੂਸਰਾ ਹੈ ਪਿੱਛੇ ਰਹਿ ਕੇ ਸਾਰੀ ਜ਼ਿੰਦਗੀ ਇਮਾਰਤ ਦਾ ਬੋਝ ਢੋਂਦੇ ਫਿਰਨਾ। ਸੰਘਰਸ਼ ਦੇ ਉਤਰਾਵਾਂ ਚੜ੍ਹਾਵਾਂ ਵਿੱਚ ਕਸੂਤੀਆਂ ਹਾਲਤਾਂ ਵਿੱਚ ਕਦੇ ਐਸੇ ਪਲ ਵੀ ਆਉਂਦੇ ਹਨ, ਜਦ ਇੱਕ-ਇੱਕ ਕਰਕੇ ਸਭ ਹਮਸਫਰ ਸਾਥ ਛੱਡ ਜਾਂਦੇ ਹਨ। ਉਸ ਸਮੇਂ ਮਨੁੱਖ ਹਮਦਰਦੀ ਦੇ ਦੋ ਬੋਲਾਂ ਲਈ ਵੀ ਤਰਸ ਜਾਂਦਾ ਹੈ। ਅਜਿਹੇ ਪਲਾਂ ਵਿੱਚ ਹੌਸਲਾਂ ਨਾ ਹਾਰ ਕੇ, ਜਿਹੜੇ ਲੋਕ ਆਪਣਾ ਰਾਹ ਨਹੀਂ ਛੱਡਦੇ, ਇਮਾਰਤ ਦੇ ਬੋਝ ਨਾਲ ਜਿਨ੍ਹਾਂ ਦੇ ਪੈਰ ਨਹੀਂ ਡਗਮਗਾਉਂਦੇ, ਮੋਢੇ ਨਹੀਂ ਝੁਕਦੇ, ਜੋ ਪੋਟਾ-ਪੋਟਾ ਕਰਕੇ ਆਪਣੇ ਆਪ ਨੂੰ ਇਸ ਲਈ ਗਾਲਦੇ ਰਹਿੰਦੇ ਹਨ, ਇਸ ਲਈ ਜਲਾਉਂਦੇ ਰਹਿੰਦੇ ਹਨ ਕਿ ਦੀਵੇ ਦੀ ਲੋਅ ਮੱਧਮ ਨਾ ਪੈ ਜਾਵੇ, ਸੁੰਨਸਾਨ ਡੰਡੀ ਤੇ ਹਨ੍ਹੇਰਾ ਨਾ ਪਸਰ ਜਾਵੇ, ਅਜਿਹੇ ਲੋਕਾਂ ਦੀ ਕੁਰਬਾਨੀ ਅਤੇ ਤਿਆਗ, ਪਹਿਲੇ ਵਾਲਿਆਂ ਦੇ ਮੁਕਾਬਲੇ ਕੀ ਜ਼ਿਆਦਾ ਨਹੀਂ ਹੈ ?"

—ਸ਼ਹੀਦ ਭਗਤ ਸਿੰਘ

ਇਨਕਲਾਬੀ ਨਵਜਾਗਰਣ ਦੇ ਤਿੰਨ ਸਾਲ

(23 ਮਾਰਚ 2005 — 28 ਸਤੰਬਰ 2008)



ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ
ਦੀ ਸ਼ਹਾਦਤ ਦੀ 75ਵੀਂ ਵਰ੍ਹੇ ਗੰਢ
ਅਤੇ ਜਨਮ ਸ਼ਤਾਬਦੀ ਦੇ ਤਿੰਨ ਇਤਿਹਾਸਕ
ਸਾਲਾਂ ਦੇ ਦੌਰਾਨ
ਨਵੇਂ ਲੋਕ-ਮੁਕਤੀ ਸੰਘਰਸ਼ ਦੀ
ਤਿਆਰੀ ਦੇ ਸੰਕਲਪ ਅਤੇ ਸੰਦੇਸ਼ ਦੇ ਨਾਲ
ਇਨਕਲਾਬੀ ਵਿਦਿਆਰਥੀਆਂ-ਨੌਜਵਾਨਾਂ ਦੀ ਦੇਸ਼-ਵਿਆਪੀ

ਇਨਕਲਾਬੀ ਸੰਕਲਪ ਯਾਤਰਾ

ਅਸੀਂ ਸਾਰੇ ਸੱਚੇ ਨੌਜਵਾਨਾਂ ਨੂੰ ਸੱਦਾ ਦਿੰਦੇ ਹਾਂ !
ਅਸੀਂ ਸਾਰੇ ਜ਼ਿੰਦਾ ਲੋਕਾਂ ਨੂੰ ਸੱਦਾ ਦਿੰਦੇ ਹਾਂ !!
ਅਸੀਂ ਤੂਫ਼ਾਨ ਦੇ ਹਿਰਾਵਲਾਂ ਨੂੰ ਸੱਦਾ ਦਿੰਦੇ ਹਾਂ !!!

ਭਗਤ ਸਿੰਘ ਦੀ ਬਹਾਦਰੀ ਅਤੇ ਕੁਰਬਾਨੀ ਤੋਂ ਸਾਰਾ ਦੇਸ਼ ਜਾਣੂ ਹੈ ਪਰ ਇਸ ਦੇਸ਼ ਦੇ ਪੜ੍ਹੇ-ਲਿਖੇ ਨੌਜਵਾਨ ਵੀ ਇਹ ਨਹੀਂ ਜਾਣਦੇ ਕਿ 23 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਉਹ ਜਾਂਬਾਜ਼ ਨੌਜਵਾਨ ਕਿੰਨਾ ਪ੍ਰਤਿਭਾਸ਼ਾਲੀ ਅਤੇ ਦੂਰਦਰਸ਼ੀ ਵਿਚਾਰਕ ਸੀ। ਇਹ ਸਾਡੀ ਜਨਤਾ ਦੀ ਬਦਕਿਸਮਤੀ ਹੈ ਅਤੇ ਹਾਕਮਾਂ ਦੀ ਸਾਜਿਸ਼ ਦਾ ਨਤੀਜਾ ਹੈ। ਹੁਣ ਇਹ ਸਾਡਾ ਕੰਮ ਹੈ ਕਿ ਅਸੀਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਨੂੰ ਜਨਤਾ ਤੱਕ ਲੈ ਜਾਈਏ, ਉਨ੍ਹਾਂ ਦੀ ਯਾਦ ਤੋਂ ਪ੍ਰੇਰਣਾ ਲਈਏ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਰੋਸ਼ਨੀ ਵਿੱਚ ਆਪਣੇ ਮੁਲਕ ਦੇ ਮੌਜੂਦਾ ਹਾਲਾਤਾਂ ਨੂੰ ਸਮਝ ਕੇ ਨਵੇਂ ਇਨਕਲਾਬ ਦੀ ਦਿਸ਼ਾ ਤੈਅ ਕਰੀਏ ਅਤੇ ਫਿਰ ਉਸ ਰਾਹ 'ਤੇ ਦ੍ਰਿੜ ਇਰਾਦੇ ਨਾਲ਼ ਅੱਗੇ ਵਧੀਏ।

ਭਗਤ ਸਿੰਘ ਦੇ ਵਿਚਾਰ ਸੂਰਜ ਦੇ ਡੁੱਬਣ ਸਮੇਂ ਜਲਦੀ ਹੋਈ ਮਸ਼ਾਲ ਦੇ ਵਾਂਗ ਸਾਨੂੰ ਦਿਸ਼ਾ ਵਿਖਾ ਰਹੇ ਹਨ। ਹੁਣ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਵਿੱਚ ਅਤੇ ਸਾਰੇ ਕਾਲਜਾਂ-ਯੂਨੀਵਰਸਿਟੀਆਂ ਵਿੱਚ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਨਵੇਂ ਸਿਰੇ ਤੋਂ ਆਪਣੀਆਂ ਇਨਕਲਾਬੀ ਜੱਥੇਬੰਦੀਆਂ ਬਣਾਉਣੀਆਂ ਪੈਣਗੀਆਂ। ਉਨ੍ਹਾਂ ਨੂੰ ਵੋਟ-ਬਟੋਰੂ ਮਦਾਰੀਆਂ ਦਾ ਪਿਛਲੱਗੂ ਬਨਣ ਤੋਂ ਬਚਣਾ ਪਵੇਗਾ। ਇਸਤੋਂ ਬਾਅਦ, ਜਿਵੇਂ ਕਿ ਜੇਲ੍ਹ ਦੀ ਕਾਲ-ਕੋਠਰੀ ਤੋਂ ਨੌਜਵਾਨਾਂ ਨੂੰ ਭੇਜੇ ਗਏ ਆਪਣੇ ਸੰਦੇਸ਼ ਵਿੱਚ ਭਗਤ ਸਿੰਘ ਨੇ ਕਿਹਾ ਸੀ ਕਿ ਵਿਦਿਆਰਥੀਆਂ-ਨੌਜਵਾਨਾਂ ਨੂੰ ਕਾਰਖਾਨਿਆਂ ਦੇ ਮਜ਼ਦੂਰਾਂ ਅਤੇ ਪਿੰਡਾਂ ਦੀਆਂ ਝੁੱਗੀਆਂ ਤੱਕ ਜਾਣਾ ਹੋਵੇਗਾ ਅਤੇ ਸਾਰੇ ਕਿਰਤੀਆਂ ਨੂੰ ਜੱਥੇਬੰਦ ਕਰਨਾ ਹੋਵੇਗਾ।

ਸਾਥੀਓ ! ਬੈਠੇ-ਬੈਠੇ ਸੋਚਦੇ ਰਹਿਣ ਨਾਲ਼ ਤਾਂ ਹਰ ਰਸਤਾ ਮੁਸ਼ਕਲ ਲਗਦਾ ਹੈ। ਰਾਹ ਦੀਆਂ ਮੁਸ਼ਕਲਾਂ ਨੂੰ ਯਾਤਰਾ ਸ਼ੁਰੂ ਕਰਨ ਦੇ ਬਾਅਦ ਹੀ ਦੂਰ ਕੀਤਾ ਜਾ ਸਕਦਾ ਹੈ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਸੁਪਨਾ ਇੱਕ ਜਲਦਾ ਹੋਇਆ ਸਵਾਲ ਬਣਕੇ ਸਾਡੀਆਂ ਅੱਖਾਂ ਵਿੱਚ ਝਾਕ ਰਿਹਾ ਹੈ। ਉਨ੍ਹਾਂ ਦਾ ਵਿਰਸਾ ਸਾਨੂੰ ਲਲਕਾਰ ਰਿਹਾ ਹੈ ਅਤੇ ਭਵਿੱਖ ਸਾਨੂੰ ਆਵਾਜ਼ ਦੇ ਰਿਹਾ ਹੈ। ਇੱਕ ਜਿਉਂਦੀ ਕੌਮ ਦੇ ਨੌਜਵਾਨ ਇਸਨੂੰ ਅਣਸੁਣਿਆ ਨਹੀਂ ਕਰ ਸਕਦੇ। ਅਸੀਂ ਇੱਕ ਨਵੇਂ ਇਨਕਲਾਬ ਦੀ ਤਿਆਰੀ ਲਈ, ਇਕ ਨਵੇਂ ਇਨਕਲਾਬੀ ਨਵਜਾਗਰਣ ਦਾ ਸੁਨੇਹਾ ਪੂਰੇ ਦੇਸ਼ ਵਿੱਚ ਫੈਲਾਉਣ ਲਈ ਤੁਹਾਨੂੰ ਸੱਦਾ ਦਿੰਦੇ ਹਾਂ।

ਨੌਜਵਾਨ ਭਾਰਤ ਸਭਾ

e-mail : naubhas@rediffmail.com 98886-55663







(ਉੱਪਰ ਖੱਬੇ) ਪੁਲੀਸ ਹਿਰਾਸਤ ਵਿੱਚ ਨੌ.ਭਾ.ਸ. ਦੇ ਸੂਬਾ ਕਨਵੀਨਰ ਸਾਥੀ ਰਾਜਵਿੰਦਰ। (ਹੇਠਾਂ ਖੱਬੇ) ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਨੌ.ਭਾ.ਸ. ਦੇ ਸੂਬਾਈ ਆਗੂ ਸਾਥੀ ਅਜੇ ਪਾਲ ਅਤੇ 29 ਮਈ ਨੂੰ ਡੀ.ਸੀ. ਦਫ਼ਤਰ ਲੁਧਿਆਣਾ ਵਿਖੇ ਪੁਲੀਸ-ਫੈਕਟਰੀ ਮਾਲਕ-ਗੁੰਡਾ ਗਠਜੋੜ ਦੇ ਜਬਰ ਵਿਰੁੱਧ ਧਰਨੇ ਤੇ ਮੁਜ਼ਾਹਰੇ ਦੀਆਂ ਵੱਖ-ਵੱਖ ਝਲਕੀਆਂ।